ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

26 ਨਵੰਬਰ ਤੋਂ 2 ਦਸੰਬਰ 2025

ਸਾਲ 16ਵਾਂ - ਅੰਕ 48

email : info@sadelok.com

Ph. : 510-706-1300

Fax : 925-373-1300

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ’ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ

(ਦੇਖੋ ਸ਼ਫਾ 32 ’ਤੇ)



## ਗੁਰੂ ਸਾਹਿਬ ਦੇ 350ਵੀਂ ਸ਼ਹਾਦਤ ’ਤੇ ਦੁਨੀਆਂ ਭਰ ਦੀਆਂ ਸੰਗਤਾਂ ਗੁਰੂ ਘਰਾਂ ’ਚ ਹੋਈਆਂ ਨਤਮਸਤਕ

ਸ੍ਰੀ ਅਨੰਦਪੁਰ ਸਾਹਿਬ : ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਏ ਜਾ ਰਹੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਵਿਚ ਦੇਸ਼ ਵਿਦੇਸ਼ ਤੋਂ ਆਈਆਂ ਵੱਡੀ ਗਿਣਤੀ ਸੰਗਤਾਂ ਨੇ ਗੁਰੂ ਘਰਾਂ ਵਿਚ ਮੱਥਾ ਟੇਕਿਆ ਅਤੇ ਪਵਿੱਤਰ ਸਰੋਵਰ ਵਿਖੇ ਇਸ਼ਨਾਨ ਕੀਤਾ।

ਸਵੇਰ ਤੋਂ ਹੀ ਹਜ਼ਾਰਾਂ ਦੀ ਗਿਣਤੀ ਸੰਗਤਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਸੀਸਗੰਜ ਸਾਹਿਬ, ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਲਾਈਨਾਂ ’ਚ ਲੱਗੀਆਂ ਹੋਈਆਂ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ,

(ਦੇਖੋ ਸਫ਼ਾ 20’ਤੇ)



## US Army ’ਚ ਸਿੱਖਾਂ ਦਾ ਮਾਣ ਵਧਿਆ

### ਮਾਪਿਆਂ ਨੇ ਲਗਾਏ ਲੈਫਟੀਨੈਂਟ ਕਰਨਲ ਰੈਂਕ ਦੇ ਸਟਾਰ



ਕੈਂਪ ਜ਼ਾਮਾ, ਜਾਪਾਨ : ਅਮਰੀਕੀ ਫੌਜ ਵਿੱਚ ਸਿੱਖ ਭਾਈਚਾਰੇ ਲਈ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਯੂ.ਐਸ. ਆਰਮੀ ਕੋਰ ਆਫ ਇੰਜੀਨੀਅਰਜ਼ - ਜਾਪਾਨ ਇੰਜੀਨੀਅਰ ਜ਼ਿਲ੍ਹੇ (JED) ਦੇ ਡਿਪਟੀ

(ਦੇਖੋ ਸਫ਼ਾ 31 ’ਤੇ)

## ਕਿਸਾਨ ਅੰਦੋਲਨ ਦੀ ਪੰਜਵੀਂ ਵਰ੍ਹੇਗੰਢ ’ਤੇ ਚੰਡੀਗੜ੍ਹ ਵਿੱਚ ਪ੍ਰਦਰਸ਼ਨ

### ਸੰਯੁਕਤ ਕਿਸਾਨ ਮੋਰਚਾ ਵੱਲੋਂ ਬਿਜਲੀ ਸੋਧ ਬਿੱਲ ਵਿਰੁੱਧ ਸੰਘਰਸ਼ ਵਿੱਢਣ ਦਾ ਐਲਾਨ



ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚਾ ਵੱਲੋਂ ਕਿਸਾਨ ਅੰਦੋਲਨ ਦੀ ਪੰਜਵੀਂ ਵਰ੍ਹੇਗੰਢ ਮੌਕੇ ਚੰਡੀਗੜ੍ਹ ਦੇ ਸੈਕਟਰ- 43 ਵਿੱਚ ਵੱਡਾ

(ਦੇਖੋ ਸਫ਼ਾ 26 ’ਤੇ)

## ਪੰਜਾਬ ਸਰਕਾਰ ਨੇ ਅੰਮ੍ਰਿਤਸਰ, ਸ੍ਰੀ ਅਨੰਦਪੁਰ ਸਾਹਿਬ ਤੇ ਤਲਵੰਡੀ ਸਾਬੋ ਦੇ ਅੰਦਰੂਨੀ ਸ਼ਹਿਰ ਪਵਿੱਤਰ ਐਲਾਨੇ

### ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾਂਜਲੀ ਦੇਣ ਲਈ ਮਤਾ ਸਰਬਸੰਮਤੀ ਨਾਲ ਪਾਸ



ਚੰਡੀਗੜ੍ਹ : ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਸਰਕਾਰ ਵਲੋਂ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਸੱਦੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਕ ਮਹੱਤਵਪੂਰਨ ਫ਼ੈਸਲੇ ਵਿਚ ਅੰਮ੍ਰਿਤਸਰ, ਤਲਵੰਡੀ ਸਾਬੋ ਤੇ ਸ੍ਰੀ ਅਨੰਦਪੁਰ ਸਾਹਿਬ ਦੇ (ਅੰਦਰੂਨੀ ਸ਼ਹਿਰ/ਪੁਰਾਤਨ ਸ਼ਹਿਰ), ਜਿੱਥੇ

(ਦੇਖੋ ਸਫ਼ਾ 24 ’ਤੇ)

## ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੱਚ, ਨਿਆਂ ਤੇ ਧਰਮ ਦੀ ਰਾਖੀ ਲਈ ਲਾਸਾਨੀ ਕੁਰਬਾਨੀ ਕੀਤੀ : ਸ੍ਰੀ ਨਰਿੰਦਰ ਮੋਦੀ

ਕੁਰੂਕਸ਼ੇਤਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰਿਆਣਾ ਦੇ ਕੁਰੂਕਸ਼ੇਤਰ ਵਿਚ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਦਿਹਾੜੇ ਨੂੰ ਮਨਾਉਣ ਲਈ ਕਰਵਾਏ ਰਾਜ ਪੱਧਰੀ ਸਮਾਗਮ ਵਿਚ ਸ਼ਿਰਕਤ ਕੀਤੀ। ਉਨ੍ਹਾਂ ਗੁਰੂ ਤੇਗ਼ ਬਹਾਦਰ ਜੀ ਨੂੰ ਸਮਰਪਿਤ ਇਕ ਯਾਦਗਾਰੀ ਸਿੱਕਾ, ਡਾਕ ਟਿਕਟ ਅਤੇ ਇਕ ਕਿਤਾਬ ਜਾਰੀ ਕੀਤੀ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਮੌਜੂਦ ਸਨ। ਆਪਣੇ ਸੰਬੋਧਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਨੇ ਸੱਚ ਅਤੇ ਨਿਆਂ ਨੂੰ ਸਰਵਉੱਚ ਧਰਮ ਮੰਨਿਆ ਅਤੇ ਉਨ੍ਹਾਂ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਅੱਜ ਮੈਂ ਇਕ ਅਜਿਹੇ ਵਿਸ਼ੇ ਬਾਰੇ ਗੱਲ ਕਰਨਾ ਚਾਹੁੰਦਾ ਹਾਂ ਜੋ ਨੌਜਵਾਨਾਂ ਨਾਲ



ਸ਼ਹੀਦੀ ਸ਼ਤਾਬਦੀ ਸੰਬੰਧੀ ਵਿਸ਼ੇਸ਼ ਸਿੱਕਾ ਤੇ ਯਾਦਗਾਰੀ ਡਾਕ ਟਿਕਟ ਕੀਤੀ ਜਾਰੀ

(ਦੇਖੋ ਸਫ਼ਾ 29 ’ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ ’ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844


Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker

CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com


ਪੋਲੀਟੀਕਲ ਅਸਾਈਲਮ Political Asylum
Deportation of Defense BIA Appeal
9 Circuit Court Federal Court
ਗਰੀਨਕਾਰਡ ਸਿਟੀਜਨਸ਼ਿਪ
Green Card Citizenship
ਡਾਈਵੋਰਸ ਸਿਵਲ ਐਂਡ ਕਰੀਮੀਨਲ ਕੇਸ
Divorce Civil and Criminal Cases
Family Petition Immigration
Travel document Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111


# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਟਰੰਪ ਵੱਲੋਂ ਮਮਦਾਨੀ ਦਾ ਵ੍ਹਾਈਟ ਹਾਊਸ 'ਚ ਨਿੱਘਾ ਸਵਾਗਤ

## ਪੁਰਾਣੀ ਕੌੜੀ ਬਿਆਨਬਾਜ਼ੀ ਨੂੰ ਭੁਲਾ ਕੇ ਲਾਹੇਵੰਦ ਮੀਟਿੰਗ ਕੀਤੀ

ਨਿਊਯਾਰਕ/ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਨਿਊਯਾਰਕ ਸਿਟੀ ਦੇ ਮੇਅਰ-ਚੁਣੇ ਗਏ ਜ਼ੋਹਰਾਨ ਮਮਦਾਨੀ ਨਾਲ ਵ੍ਹਾਈਟ ਹਾਊਸ ਵਿੱਚ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਟਰੰਪ ਨੇ ਮਮਦਾਨੀ ਦਾ ਨਿੱਘਾ ਸਵਾਗਤ ਕੀਤਾ ਅਤੇ ਵਿਸ਼ਵਾਸ ਪ੍ਰਗਟਾਇਆ ਕਿ ਉਹ ਬਹੁਤ ਵਧੀਆ ਕੰਮ ਕਰ ਸਕਦੇ ਹਨ।

ਮਮਦਾਨੀ ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ ਵਿੱਚ ਟਰੰਪ ਨਾਲ ਆਪਣੀ ਪਹਿਲੀ ਮੁਲਾਕਾਤ ਲਈ ਵਾਸ਼ਿੰਗਟਨ ਡੀਸੀ ਲਈ ਰਵਾਨਾ ਹੋਏ। ਲੰਮੇ ਸਮੇਂ ਦੀ ਕੌੜੀ ਬਿਆਨਬਾਜ਼ੀ ਤੋਂ ਬਾਅਦ ਦੋਵਾਂ ਨੇਤਾਵਾਂ ਨੇ ਮੀਟਿੰਗ ਦੌਰਾਨ ਇੱਕ ਆਪਸੀ ਗਰਮਜੋਸ਼ੀ ਵਾਲਾ ਸੁਰ ਅਪਣਾਇਆ।

ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਇਸ ਸ਼ਾਨਦਾਰ ਮੁਲਾਕਾਤ ਦਾ ਅਨੰਦ ਮਾਣਿਆ ਹੈ। ਉਨ੍ਹਾਂ ਕਿਹਾ, 'ਸਾਡੀ ਹੁਣੇ ਇੱਕ ਵਧੀਆ ਮੁਲਾਕਾਤ ਹੋਈ ਹੈ, ਇੱਕ ਸੱਚਮੁੱਚ ਚੰਗੀ, ਬਹੁਤ ਲਾਭਕਾਰੀ ਮੁਲਾਕਾਤ। ਸਾਡੇ ਵਿੱਚ ਇੱਕ ਗੱਲ ਸਾਂਝੀ ਹੈ, ਅਸੀਂ ਚਾਹੁੰਦੇ ਹਾਂ ਕਿ ਸਾਡਾ ਇਹ ਸ਼ਹਿਰ ਜਿਸ ਨੂੰ ਅਸੀਂ ਬਹੁਤ ਵਧੀਆ ਢੰਗ ਨਾਲ ਬਣਾਉਣਾ ਪਸੰਦ ਕਰਦੇ ਹਾਂ।'

ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਉਹ ਮਮਦਾਨੀ ਦੇ ਪ੍ਰਸ਼ਾਸਨ ਅਧੀਨ ਨਿਊਯਾਰਕ ਸਿਟੀ ਵਿੱਚ ਰਹਿਣ ਵਿੱਚ ਆਰਾਮਦਾਇਕ ਮਹਿਸੂਸ ਕਰਨਗੇ, ਤਾਂ ਉਨ੍ਹਾਂ ਨੇ ਜ਼ੋਰ ਦੇ ਕੇ ਜਵਾਬ ਦਿੱਤਾ, "ਹਾਂ, ਮੈਂ ਕਰਾਂਗਾ, ਖਾਸ ਕਰਕੇ ਇਸ ਮੀਟਿੰਗ ਤੋਂ ਬਾਅਦ। ਜਿੰਨਾ ਸੋਚਿਆ ਸੀ, ਉਹ ਉਸ ਤੋਂ ਕਿਤੇ ਜ਼ਿਆਦਾ ਗੱਲਾਂ 'ਤੇ ਸਹਿਮਤ ਹੋਏ ਹਨ।"

ਇਸ ਦੌਰਾਨ ਮਮਦਾਨੀ ਨੇ ਵੀ ਟਰੰਪ ਨਾਲ ਆਪਣੀ ਗੱਲਬਾਤ ਨੂੰ ਲਾਹੇਵੰਦ ਦੱਸਿਆ ਅਤੇ ਸਮੇਂ ਦੀ ਕਦਰ ਕੀਤੀ। ਉਨ੍ਹਾਂ ਕਿਹਾ ਕਿ ਮੀਟਿੰਗ ਇੱਕ ਸਾਂਝੀ ਪ੍ਰਸ਼ੰਸਾ ਅਤੇ ਸਹਿਯੋਗ 'ਤੇ ਕੇਂਦਰਿਤ ਸੀ। ਮਮਦਾਨੀ ਨੇ ਕਿਹਾ ਮੀਟਿੰਗ ਦਾ ਮੁੱਖ ਕੇਂਦਰ ਨਿਊਯਾਰਕ ਵਾਸੀਆਂ ਲਈ ਕਿਫਾਇਤੀ ਜੀਵਨ (Affordability) ਪ੍ਰਦਾਨ ਕਰਨ ਦੀ ਲੋੜ 'ਤੇ ਸੀ। ਉਨ੍ਹਾਂ ਦੱਸਿਆ ਕਿ ਨਿਊਯਾਰਕ ਦੇ 8.5 ਮਿਲੀਅਨ ਲੋਕ, ਜੋ ਅਮਰੀਕਾ ਦੇ ਸਭ ਤੋਂ ਮਹਿੰਗੇ ਸ਼ਹਿਰ ਵਿੱਚ ਰਹਿੰਦੇ ਹਨ, ਜੀਵਨ ਬਸਰ ਕਰਨ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਦਾ ਹਰ ਚੌਥਾ ਵਿਅਕਤੀ ਗਰੀਬੀ



ਵਿੱਚ ਰਹਿ ਰਿਹਾ ਹੈ। ਇਸ ਮੀਟਿੰਗ ਵਿੱਚ ਕਿਰਾਏ, ਕਰਿਆਨੇ, ਉਪਯੋਗਤਾਵਾਂ, ਰਹਿਣ-ਸਹਿਣ ਦੇ ਖਰਚੇ ਦੇ ਸੰਕਟ ਅਤੇ ਹਾਊਸਿੰਗ ਜਿਹੇ ਮੁੱਦਿਆਂ 'ਤੇ ਚਰਚਾ ਕੀਤੀ ਗਈ।

ਟਰੰਪ ਨੇ ਪੁਸ਼ਟੀ ਕੀਤੀ ਕਿ ਉਹ ਕਈ ਮੁੱਦਿਆਂ 'ਤੇ ਸਹਿਮਤ ਹਨ। ਉਨ੍ਹਾਂ ਕਿਹਾ, "ਉਹ ਕੋਈ ਅਪਰਾਧ ਨਹੀਂ ਦੇਖਣਾ ਚਾਹੁੰਦੇ। ਉਹ ਹਾਊਸਿੰਗ ਬਣਾਉਂਦੇ ਦੇਖਣਾ ਚਾਹੁੰਦੇ ਹਨ। ਉਹ ਕਿਰਾਏ ਘਟਦੇ ਦੇਖਣਾ ਚਾਹੁੰਦਾ ਹੈ, ਇਹ ਸਾਰੀਆਂ ਗੱਲਾਂ ਜਿਨ੍ਹਾਂ ਨਾਲ ਮੈਂ ਸਹਿਮਤ ਹਾਂ"।

ਜ਼ਿਕਰਯੋਗ ਹੈ ਕਿ ਇਹ ਆਪਸੀ ਦੋਸਤਾਨਾ ਅਤੇ ਗਰਮਜੋਸ਼ੀ ਵਾਲਾ ਸੁਰ ਉਨ੍ਹਾਂ ਦੀ ਪੁਰਾਣੀ ਬਿਆਨਬਾਜ਼ੀ ਦੇ ਬਿਲਕੁਲ ਉਲਟ ਸੀ। ਚੋਣ ਪ੍ਰਚਾਰ ਦੌਰਾਨ ਟਰੰਪ ਨੇ ਮਮਦਾਨੀ ਦੀਆਂ ਨੀਤੀਆਂ ਦੀ ਆਲੋਚਨਾ ਕਰਦਿਆਂ ਉਨ੍ਹਾਂ ਨੂੰ ਕਮਿਊਨਿਸਟ ਕਿਹਾ ਸੀ ਅਤੇ ਚੇਤਾਵਨੀ ਦਿੱਤੀ ਸੀ ਕਿ ਉਨ੍ਹਾਂ ਦੀ ਜਿੱਤ ਨਿਊਯਾਰਕ ਸਿਟੀ ਲਈ ਇੱਕ ਸੰਪੂਰਨ ਅਤੇ ਪੂਰੀ ਆਰਥਿਕ ਅਤੇ ਸਮਾਜਿਕ ਤਬਾਹੀ ਹੋਵੇਗੀ। ਦੂਜੇ ਪਾਸੇ ਮਮਦਾਨੀ ਨੇ ਆਪਣੀ ਜਿੱਤ ਦੀ ਸਪੀਚ ਵਿੱਚ ਟਰੰਪ ਨੂੰ ਤਾਨਾਸ਼ਾਹ (despot) ਕਿਹਾ ਸੀ।

ਇਸ ਵਿਵਾਦ ਬਾਰੇ ਪੁੱਛੇ ਜਾਣ 'ਤੇ ਟਰੰਪ ਨੇ ਹੱਸਦਿਆਂ ਕਿਹਾ ਕਿ ਉਸ ਨੂੰ ਇਸ ਤੋਂ ਵੀ ਬੁਰਾ ਕਿਹਾ ਗਿਆ ਹੈ, 'ਇਸ ਲਈ ਇਹ ਇੰਨਾ ਅਪਮਾਨਜਨਕ ਨਹੀਂ ਹੈ'। ਉਨ੍ਹਾਂ ਕਿਹਾ ਕਿ ਮਮਦਾਨੀ ਦੇ ਕੁਝ ਵਿਚਾਰ ਹਨ ਜੋ ਥੋੜ੍ਹੇ ਬਾਹਰਲੇ ਹਨ, ਪਰ ਉਹ ਸਮੇਂ ਦੇ ਨਾਲ ਬਦਲ ਸਕਦੇ ਹਨ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders

We Design, Manufacture & Ship Nationwide

All Kind of Welding & Fabrication Services Available


- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ



# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

YOUR SAFETY COMPLIANCE

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਕੈਨੇਡਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਦੌਰਾਨ ਭਾਰਤੀ ਗ੍ਰਿਫਤਾਰ


## ਹੱਤਿਆ ਮਾਮਲੇ 'ਚ ਲੋੜੀਂਦੇ ਵਿਸ਼ਾਤ ਕੁਮਾਰ ਦੀ ਹੋਵੇਗੀ ਵਤਨ ਵਾਪਸੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ (ਸੀਬੀਪੀ) ਨੇ ਪੋਰਟ ਆਫ ਬੁਫਾਲੋ ਵਿਖੇ ਕੈਨੇਡਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਦੌਰਾਨ ਇਕ ਭਾਰਤੀ ਨੂੰ ਗ੍ਰਿਫਤਾਰ ਕੀਤਾ ਹੈ ਜਿਸ ਦੀ ਭਾਰਤ ਵਿੱਚ ਇੱਕ ਹੱਤਿਆ ਦੇ ਮਾਮਲੇ ਵਿੱਚ ਲੋੜ ਹੈ। ਪੀਸ ਬਰਿਜ ਬਾਰਡਰ ਕਰਾਸਿੰਗ 'ਤੇ 22 ਸਾਲਾ ਵਿਸ਼ਾਤ ਕੁਮਾਰ ਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਉਹ ਬੁਫਾਲੋ, ਨਿਊਯਾਰਕ ਤੋਂ ਫੋਰਟ ਐਰੀ,ਓਨਟਾਰੀਓ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਵਿੱਚ ਸੀ ਜਦੋਂ ਸੀ ਬੀ ਪੀ ਅਫਸਰਾਂ ਵੱਲੋਂ ਦੂਸਰੀ ਵਾਰ ਕੀਤੀ ਜਾਂਚ ਪੜਤਾਲ ਦੌਰਾਨ ਪਤਾ ਲੱਗਾ ਕਿ ਉਹ ਆਪਣੀ ਅਸਲ ਪਛਾਣ ਲੁਕਾ ਰਿਹਾ ਹੈ ਤੇ ਨਕਲੀ ਨਾਂ ਦੀ ਵਰਤੋਂ ਕਰ ਰਿਹਾ ਹੈ। ਬਾਇਓਮੈਟਰਿਕ ਤਕਨੀਕ ਦੀ ਵਰਤੋਂ ਨਾਲ ਉਸ ਦੀ ਅਸਲ ਪਛਾਣ ਦਾ ਪਤਾ ਲੱਗਾ ਤੇ ਇਹ ਵੀ ਪਤਾ ਲੱਗਾ ਕਿ ਉਸ ਨੇ ਅਮਰੀਕੀ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਕੀਤੀ ਹੈ। ਉਹ ਅਮਰੀਕਾ ਵਿੱਚ 2024 ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਇਆ ਸੀ ਤੇ ਸ਼ਰਨ ਲੈਣ ਵਾਸਤੇ ਇੰਟਰਵਿਊ ਦੇਣ ਲਈ ਨਹੀਂ ਆਇਆ ਸੀ। ਹੋਰ ਜਾਂਚ ਪੜਤਾਲ ਤੋਂ ਪਤਾ ਲੱਗਾ ਕਿ ਉਸ ਵਿਰੁੱਧ ਇੰਟਰਪੋਲ ਰੈਡ ਨੋਟਿਸ ਜਾਰੀ ਹੋਇਆ ਹੈ ਤੇ ਉਹ ਭਾਰਤ ਵਿੱਚ ਇੱਕ ਹੱਤਿਆ ਦੇ ਮਾਮਲੇ ਵਿੱਚ ਲੋੜੀਂਦਾ ਹੈ। ਉਸ ਨੂੰ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੇ ਸੁਪਰਦ ਕਰ ਦਿੱਤਾ ਗਿਆ ਹੈ। ਉਸ ਨੂੰ ਬਾਟਾਵੀਆ, ਨਿਊਯਾਰਕ ਵਿੱਚ ਸੰਘੀ ਬੰਦੀ ਕੇਂਦਰ ਵਿੱਚ ਰਖਿਆ ਗਿਆ ਹੈ ਜਿਥੋਂ ਉਸ ਨੂੰ ਭਾਰਤ ਵਾਪਿਸ ਭੇਜਣ ਦੀ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ ਗਈ ਹੈ।

# ਹਾਈ ਪ੍ਰੋਫਾਈਲ ਕੌਮਾਂਤਰੀ ਡਰੱਗ ਦੇ ਗਵਾਹ ਦੀ ਹੱਤਿਆ ਦੇ ਮਾਮਲੇ 'ਚ ਪੰਜਾਬੀ ਸਮੇਤ 10 ਗ੍ਰਿਫਤਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਹਾਈ ਪ੍ਰੋਫਾਈਲ ਕੌਮਾਂਤਰੀ ਕੋਕੀਨ ਤਸਕਰੀ ਤੇ ਹੱਤਿਆ ਦੇ ਮਾਮਲੇ ਵਿੱਚ ਟਰਾਂਟੋ ਦੇ ਵਕੀਲ ਦੀਪਕ ਬਲਵੰਤ ਪਾਰਾਡਕਰ ਤੇ ਕਰਾਈਮ ਸਾਈਟ ਆਪਰੇਟਰ ਗੁਰਸੇਵਕ ਸਿੰਘ ਬੱਲ ਦੇ ਨਾਂ ਪ੍ਰਮੁੱਖ ਤੌਰ 'ਤੇ ਸਾਹਮਣੇ ਆਏ ਹਨ। ਇਨਾਂ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਦਾਲਤ ਵਿੱਚ ਦਾਇਰ ਸੰਘੀ ਦੋਸ਼ ਪੱਤਰ ਅਨੁਸਾਰ ਇਨਾਂ ਦੋਨਾਂ ਨੇ ਕਈ ਟੱਨ ਕੋਕੀਨ ਕੋਲੰਬੀਆ ਤੋਂ ਮੈਕਸੀਕੋ ਰਾਹੀਂ ਅਮਰੀਕਾ ਤੇ ਕੈਨੇਡਾ ਵਿੱਚ ਭੇਜਣ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਤੋਂ ਇਲਾਵਾ ਇਨਾਂ ਨੇ ਡਰੱਗ ਮਾਮਲੇ ਵਿੱਚ ਇੱਕ ਪ੍ਰਮੁੱਖ ਸੰਘੀ ਗਵਾਹ ਦੀ ਹੱਤਿਆ ਕਰਨ ਵਿੱਚ ਮੱਦਦ ਕੀਤੀ। ਸਾਬਕਾ ਉਲੰਪਿਕ ਸਨੋਅਬੋਰਡਰ ਰਿਆਨ ਜੇਮਜ ਵੈਡਿੰਗ ਵੀ ਦੋਸ਼ੀ ਵਜੋਂ ਸ਼ਾਮਿਲ ਹੈ ਜੋ ਨੈੱਟਵਰਕ ਚਲਾਉਂਦਾ ਸੀ ਤੇ ਉਹ ਮੁੱਖ ਤੌਰ 'ਤੇ ਪਾਰਾਡਕਰ ਤੇ ਬੱਲ ਵਰਗੇ ਲੋਕਾਂ ਵੱਲੋਂ ਕੀਤੀ ਗਈ ਸਹਾਇਤਾ ਉਪਰ ਨਿਰਭਰ ਸੀ। 62 ਸਾਲਾ ਪਾਰਾਡਕਰ ਇੱਕ ਪ੍ਰਸਿੱਧ ਕ੍ਰਿਮੀਨਲ ਵਕੀਲ ਹੈ ਜੋ ਟਰਾਂਟੋ ਦਾ ਵਸਨੀਕ ਹੈ। ਪਿਛਲੇ ਸਾਲ ਕੈਲੀਫੋਰਨੀਆ ਵਿੱਚ ਕੋਕੀਨ ਦੀ ਵੱਡੀ ਖੇਪ ਫੜੇ ਜਾਣ ਉਪਰੰਤ ਪਾਰਾਡਕਰ ਦਾ ਨਾਂ ਸਾਹਮਣੇ ਆਇਆ ਸੀ। ਉਸ ਨੇ ਪ੍ਰਮੁੱਖ ਗਵਾਹ ਨੂੰ ਮਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਸ ਨੇ ਵੈਡਿੰਗ ਨੂੰ ਸਲਾਹ ਦਿੱਤੀ ਕਿ ਜੇਕਰ ਪ੍ਰਮੁੱਖ ਗਵਾਹ ਨੂੰ ਮਾਰ ਦਿੱਤਾ ਜਾਵੇ ਤਾਂ ਡਰੱਗ ਮਾਮਲਾ ਕਮਜੋਰ ਹੋ ਜਾਵੇਗਾ। ਵਕੀਲਾਂ ਅਨੁਸਾਰ ਗੁਰਸੇਵਕ ਸਿੰਘ ਬੱਲ ਨੇ ਗਵਾਹ ਨੂੰ ਲੱਭਣ ਵਿੱਚ ਮੱਦਦ ਕੀਤੀ। ਉਸ ਨੇ ਆਪਣੀ ਵੈੱਬ ਸਾਈਟ ਉਪਰ ਗਵਾਹ ਦੀ ਤਸਵੀਰ ਪ੍ਰਕਾਸ਼ਿਤ ਕੀਤੀ ਜਿਸ ਦੇ ਬਦਲੇ ਵਿੱਚ ਪੈਸੇ ਲਏ। ਜਾਂਚਕਾਰਾਂ ਅਨੁਸਾਰ ਬੱਲ ਦੇ ਇਸ ਕਦਮ ਨੇ ਸਾਜਿਸ਼ ਵਿਚ ਅਹਿਮ ਭੂਮਿਕਾ ਨਿਭਾਈ। ਗਵਾਹ ਐਬੇਡੋ ਗਾਰਸੀਆ ਨੂੰ ਇਸ ਸਾਲ 31 ਜਨਵਰੀ ਨੂੰ ਇੱਕ ਮੈਡਲਿਨ ਦੇ ਰੈਸਟੋਰੈਂਟ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਬਾਅਦ ਵਿੱਚ ਉਸ ਦੀ ਲਾਸ਼ ਦੀਆਂ ਤਸਵੀਰਾਂ ਗਰੁੱਪ ਵਿੱਚ ਸਾਂਝੀਆਂ ਕੀਤੀਆਂ ਗਈਆਂ। ਸਮਝਿਆ ਜਾਂਦਾ ਹੈ ਕਿ ਵੈਡਿੰਗ ਮੈਕਸੀਕੋ ਵਿੱਚ ਗਿਰੋਹ ਦੀ ਰੱਖਿਆ ਤਹਿਤ ਕਿਤੇ ਲੁੱਕਿਆ ਹੋਇਆ ਹੈ। ਇਸ ਮਾਮਲੇ ਵਿੱਚ ਹੁਣ ਤੱਕ 10 ਸ਼ੱਕੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ ਜਦ ਕਿ ਕੁੱਲ 19 ਸ਼ੱਕੀਆਂ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ। ਇਸ ਵੱਡੇ ਡਰੱਗ ਤਸਕਰੀ ਮਾਮਲੇ ਦੀ ਜਾਂਚ ਵਿੱਚ ਐਫ ਬੀ ਆਈ ਲਾਸ ਏਂਜਲਸ ਫੀਲਡ ਦਫਤਰ, ਵਿਦੇਸ਼ ਵਿਭਾਗ, ਵਿੱਤ ਵਿਭਾਗ, ਆਰ ਸੀ ਐਮ ਪੀ ਤੇ ਕੋਲੰਬੀਅਨ ਨੈਸ਼ਨਲ ਪੁਲਿਸ ਨੇ ਅਹਿਮ ਭੂਮਿਕਾ ਨਿਭਾਈ। ਵਿਦੇਸ਼ ਵਿਭਾਗ ਨੇ ਵੈਡਿੰਗ ਦੀ ਗ੍ਰਿਫਤਾਰੀ ਲਈ ਇਨਾਮ ਵਧਾ ਕੇ ਡੇਢ ਕਰੋੜ ਡਾਲਰ ਕਰ ਦਿੱਤਾ ਹੈ ਤੇ ਗਵਾਹ ਦੀ ਹੱਤਿਆ ਵਿੱਚ ਸ਼ਾਮਲ ਲੋਕਾਂ ਦੀ ਸੂਹ ਦੇਣ ਵਾਲੇ ਲਈ 20 ਲੱਖ ਡਾਲਰ ਇਨਾਮ ਐਲਾਨਿਆ ਹੈ।

# ਕੈਨੇਡਾ ਦੀ ਅਤਿ ਲੋੜੀਂਦੀ ਸੂਚੀ 'ਚ ਸ਼ਾਮਲ ਭਾਰਤੀ ਮੂਲ ਦਾ ਵਿਅਕਤੀ ਗ੍ਰਿ.ਫਤਾਰ



ਓਟਾਵਾ : ਟੋਰਾਂਟੋ ਪੁਲਿਸ ਨੇ ਕੈਨੇਡਾ ਦੀ 25 ਮੋਸਟ ਵਾਂਟਿਡ ਸੂਚੀ ਵਿਚ ਸ਼ਾਮਲ ਇੱਕ ਭਾਰਤੀ ਮੂਲ ਦੇ ਵਿਅਕਤੀ ਨੂੰ ਹਥਿਆਰਾਂ ਅਤੇ ਗੋਲਾ ਬਾਰੂਦ ਸਮੇਤ ਗ੍ਰਿ.ਫਤਾਰ ਕੀਤਾ ਹੈ। ਟੋਰਾਂਟੋ ਪੁਲਿਸ ਵਲੋਂ ਜਾਰੀ ਇੱਕ ਬਿਆਨ ਵਿਚ ਕਿਹਾ ਗਿਆ ਹੈ ਕਿ ਪੈਰੋਲ ਦੀ ਉਲੰਘਣਾ ਲਈ ਕੈਨੇਡਾ-ਵਿਆਪੀ ਵਾਰੰਟ 'ਤੇ ਲੋੜੀਂਦੇ 24 ਸਾਲਾ ਨਿਕੋਲਸ ਸਿੰਘ ਨੂੰ ਸ਼ੁੱਕਰਵਾਰ ਨੂੰ ਗ੍ਰਿ.ਫਤਾਰ ਕੀਤਾ ਗਿਆ। ਸਿੰਘ ਨੂੰ ਇੱਕ ਹਥਿਆਰ, ਇੱਕ ਮੈਗਜ਼ੀਨ ਅਤੇ ਗੋਲਾ ਬਾਰੂਦ ਸਮੇਤ ਗ੍ਰਿ.ਫਤਾਰ ਕੀਤਾ ਗਿਆ ਸੀ। ਪੁਲਿਸ ਦਾ ਕਹਿਣਾ ਹੈ ਕਿ ਅਧਿਕਾਰੀ ਬਾਥਰਸਟ ਸਟਰੀਟ ਅਤੇ ਡੂਪੋਂਟ ਸਟਰੀਟ ਖੇਤਰ ਵਿਚ ਜਾ ਰਹੇ ਸਨ ਜਦੋਂ ਉਨ੍ਹਾਂ ਨੇ ਸਿੰਘ ਨੂੰ ਇੱਕ ਵਾਹਨ ਵਿਚ ਪਾਇਆ। ਇਸ ਵਿਚ ਅੱਗੇ ਕਿਹਾ ਗਿਆ ਹੈ ਕਿ ਉਸਨੂੰ ਬਿਨਾਂ ਕਿਸੇ ਘਟਨਾ ਦੇ ਗ੍ਰਿ.ਫਤਾਰ ਕਰ ਲਿਆ ਗਿਆ।

# ਭਾਰਤੀ ਮੂਲ ਦੇ ਬਲਬੀਰ ਸਿੰਘ ਦੇ ਮੈਕਡੋਨਲਡਜ਼ ਵਿਖੇ ਚਾਰ ਦਹਾਕੇ ਲਗਾਤਾਰ ਫਰੈਂਚਾਇਜ਼ੀ ਨੌਕਰੀ ਦੁਆਰਾ 40 ਹਜ਼ਾਰ ਡਾਲਰ ਦੇ ਨਾਲ ਰੈਡ ਕਾਰਪੇਟ ਸਮਾਰੋਹ ਵਿੱਚ ਕੀਤਾ ਸਨਮਾਨਿਤ




ਨਿਊਯਾਇਕ, (ਰਾਜ ਗੋਗਨਾ) : ਫਾਸਟ ਫੂਡ ਦੀ ਦੁਨੀਆ 'ਚ ਮੈਕਡੋਨਲਡਜ ਇਕ ਬਹੁਤ ਵੱਡੀ ਚੈਨ ਮੰਨੀ ਜਾਂਦੀ ਹੈ। ਆਪਣੀ ਨਿਰੰਤਰ ਗਤੀ, ਆਰਡਰਾਂ ਦੀ ਇੱਕ ਤੂਫ਼ਾਨ ਅਤੇ ਕਰਮਚਾਰੀਆਂ ਦੀਆਂ ਤੇਜ਼ ਤਬਦੀਲੀਆਂ ਲਈ ਜਾਣੀ ਵੀ ਜਾਂਦੀ ਹੈ। ਫਿਰ ਵੀ, ਇਕ ਭਾਰਤੀ ਬਲਬੀਰ ਸਿੰਘ ਲਈ, ਕੰਮ ਦੇ ਅਧਾਰ ਤੇ ਰਿਟਾਇਰ ਹੋਣ ਤੇ ਉਸ ਦੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਕੰਪਨੀ ਨੇ ਉਸ ਨੂੰ 40,000 ਹਜ਼ਾਰ ਡਾਲਰ ਦਾ ਚੈੱਕ ਦਿੱਤਾ। ਜੋ ਅਮਰੀਕਾ ਦੇ ਸੂਬੇ ਮੈਸਾਚਿਉਟਸ ਵਿਖੇਂ ਕੰਮ ਕਰਦਾ ਸੀ। ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ 1980 ਦੇ ਦਹਾਕੇ ਦੇ ਸ਼ੁਰੂ ਵਿੱਚ ਸੰਯੁਕਤ ਰਾਜ ਅਮਰੀਕਾ ਆਏ ਇੱਕ ਪ੍ਰਵਾਸੀ, ਸਿੰਘ ਨੇ ਹਾਲ ਹੀ ਵਿੱਚ ਮੈਕਡੋਨਲਡਜ਼ ਨਾਲ ਆਪਣੀ 40 ਸਾਲਾਂ ਦੀ ਸੇਵਾ ਦਾ ਜਸ਼ਨ ਮਨਾਇਆ, ਇੱਕ ਪ੍ਰਾਪਤੀ ਨੂੰ ਰੈੱਡ ਕਾਰਪੇਟ ਅਤੇ ਇੱਕ ਸ਼ਾਨਦਾਰ, ਦਿਲ ਨੂੰ ਛੂਹ ਲੈਣ ਵਾਲੇ ਸਮਾਰੋਹ ਨਾਲ ਉਸ ਨੂੰ ਸਨਮਾਨਿਤ ਕੀਤਾ ਗਿਆ। ਬਲਬੀਰ ਸਿੰਘ ਦਾ ਸਫ਼ਰ 1985 ਵਿੱਚ ਸੌਗਸ, ਐਮਏ ਅਮਰੀਕਾ ਦੇ ਮੈਕਡੋਨਲਡਜ਼ ਆਊਟਲੈੱਟ ਤੋਂ ਸ਼ੁਰੂ ਹੋਇਆ ਸੀ। ਉਸਨੇ ਆਪਣਾ ਕਾਰਜਕਾਲ ਇੱਕ ਰਸੋਈ ਦੇ ਕਰੂ ਮੈਂਬਰ ਵਜੋਂ ਸ਼ੁਰੂ ਕੀਤਾ, ਇੱਕ ਭੀੜ-ਭੜੱਕੇ ਵਾਲੇ ਰੈਸਟੋਰੈਂਟ ਨੂੰ ਚਲਾਉਣ ਵਾਲੇ ਜ਼ਰੂਰੀ ਅਤੇ ਮੰਗ ਵਾਲੇ ਕੰਮਾਂ ਨੂੰ ਪੂਰਾ ਕਰਦੇ ਹੋਏ। ਉਸਨੇ ਆਪਣੇ ਆਪ ਨੂੰ ਓਪਰੇਸ਼ਨ ਦੇ ਹਰ ਹਿੱਸੇ ਲਈ ਸਮਰਪਿਤ ਕਰ ਦਿੱਤਾ, ਭੋਜਨ ਤਿਆਰ ਕਰਨ ਵਿੱਚ ਮੁਹਾਰਤ ਹਾਸਲ ਕੀਤੀ, ਸਫਾਈ ਦੇ ਫਰਜ਼ ਨਿਭਾਏ, ਅਤੇ ਘਰ ਦੇ ਪਿੱਛੇ ਦੇ ਸਾਰੇ ਤਰ੍ਹਾਂ ਦੇ ਕੰਮਕਾਜ ਦਾ ਪ੍ਰਬੰਧਨ ਕੀਤਾ। ਰੈਸਟੋਰੈਂਟ ਦੇ ਹਰ ਪਹਿਲੂ ਪ੍ਰਤੀ ਇਸ ਸ਼ੁਰੂਆਤੀ ਵਚਨਬੱਧਤਾ ਨੇ ਉਸਦੀ ਲੰਬੀ ਉਮਰ ਦੀ ਨੀਂਹ ਰੱਖੀ। ਉੱਚ ਟਰਨਓਵਰ ਦੁਆਰਾ ਪਰਿਭਾਸ਼ਿਤ ਉਦਯੋਗ ਵਿੱਚ, ਸਿੰਘ ਦੀ ਮੌਜੂਦਗੀ ਸਥਿਰ, ਅਟੱਲ ਯਤਨਾਂ ਦਾ ਇੱਕ ਨਮੂਨਾ ਸੀ । ਉਸਦੀ ਲਗਨ ਅਣਦੇਖੀ ਨਹੀਂ ਗਈ। ਸਮੇਂ ਦੇ ਨਾਲ, ਸਿੰਘ ਰਸੋਈ ਦੇ ਫਰਸ਼ ਤੋਂ ਪ੍ਰਬੰਧਨ ਭੂਮਿਕਾਵਾਂ ਵਿੱਚ ਚਲੇ ਗਏ। ਅੱਜ, ਉਹ ਫਰੈਂਚਾਇਜ਼ੀ ਮਾਲਕ ਲਿੰਡਸੇ ਵਾਲਿਨ ਦੇ ਪਰਿਵਾਰ ਦੁਆਰਾ ਸੰਚਾਲਿਤ ਕੁੱਲ ਨੌਂ ਮੈਕਡੋਨਲਡਜ਼ ਆਉਟਲੈਟਾਂ ਵਿੱਚੋਂ ਚਾਰ ਦੀ ਨਿਗਰਾਨੀ ਕਰਦਾ ਹੈ। ਉਸਦੀ ਟੀਮ ਤੋਂ ਉਸਨੂੰ ਜੋ ਸਤਿਕਾਰ ਮਿਲਿਆ ਹੈ ਉਹ ਉਸਦੇ ਉਪਨਾਮ 'ਪਾਪਾ ਬੀਅਰ' ਨਾਲ ਜਾਣਿਆ ਜਾਂਦਾ ਹੈ, ਜੋ ਕਿ ਰੈਸਟੋਰੈਂਟ ਪਰਿਵਾਰ ਵਿੱਚ ਇੱਕ ਧੀਰਜਵਾਨ ਅਤੇ ਭਰੋਸੇਮੰਦ ਸਲਾਹਕਾਰ ਵਜੋਂ ਉਸਦੀ ਭੂਮਿਕਾ ਦਾ ਸੰਕੇਤ ਹੈ। ਬੀਤੇਂ ਦਿਨ ਸਿੰਘ ਨੂੰ ਵਾਲਿਨਸ ਦੁਆਰਾ ਪ੍ਰਬੰਧਿਤ ਇੱਕ ਲਿਮੋਜ਼ਿਨ ਐਸਕਾਰਟ ਵਿੱਚ ਰੈਸਟੋਰੈਂਟ ਪਹੁੰਚੇ। ਕਰਮਚਾਰੀ ਕਤਾਰਾਂ ਵਿੱਚ ਖੜ੍ਹੇ ਹੋਏ ਸਨ, ਸਵਾਗਤ ਵਜੋਂ ਤਾੜੀਆਂ ਮਾਰਦੇ ਅਤੇ ਪੋਮ ਪੋਮ ਲਹਿਰਾਉਂਦੇ ਸਨ। ਜਸ਼ਨ ਦਾ ਸਮਾਪਨ ਇੱਕ ਯਾਦਗਾਰੀ 'ਵਨ ਇਨ ਐਟ' ਜੈਕੇਟ ਅਤੇ 40,000 ਹਜ਼ਾਰ ਡਾਲਰ ਦੇ ਚੈੱਕ ਦੀ ਪੇਸ਼ਕਾਰੀ ਨਾਲ ਹੋਇਆ, ਜੋ ਕਿ ਪ੍ਰਤੀਕਾਤਮਕ ਤੌਰ 'ਤੇ ਉਨ੍ਹਾਂ ਦੀ ਚਾਰ ਦਹਾਕਿਆਂ ਦੀ ਸਮਰਪਿਤ ਸੇਵਾ ਮਿਹਨਤ ਨਾਲ ਸਬੰਧਤ ਸੀ।

## ਅਮਰੀਕੀ ਰਾਜਨੀਤੀ 'ਚ ਹਲਚਲ

# ਟਰੰਪ ਨਾਲ ਝਗੜੇ ਮਗਰੋਂ ਮਾਰਜੋਰੀ ਟੇਲਰ ਗ੍ਰੀਨ ਨੇ ਛੱਡਿਆ MP ਦਾ ਅਹੁਦਾ



ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਾਬਕਾ ਸਹਿਯੋਗੀ ਅਤੇ ਜਾਰਜੀਆ ਤੋਂ ਪ੍ਰਤੀਨਿਧੀ ਸਭਾ (ਅਮਰੀਕੀ ਕਾਂਗਰਸ ਦਾ ਹੇਠਲਾ ਸਦਨ) ਦੀ ਮੈਂਬਰ ਮਾਰਜੋਰੀ ਟੇਲਰ ਗ੍ਰੀਨ ਨੇ ਸ਼ੁੱਕਰਵਾਰ ਨੂੰ ਐਲਾਨ ਕੀਤੀ ਕਿ ਉਹ ਰਾਸ਼ਟਰਪਤੀ ਨਾਲ ਹੋਏ ਝਗੜੇ ਦੇ ਬਾਅਦ ਆਪਣੀ ਕਾਂਗਰਸ ਸੀਟ ਤੋਂ ਅਸਤੀਫ਼ਾ ਦੇ ਰਹੀ ਹੈ। ਗ੍ਰੀਨ ਜਨਵਰੀ 'ਚ ਸੰਸਦ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦੇਵੇਗੀ ਅਤੇ ਸੰਸਦ ਮੈਂਬਰ ਵਜੋਂ ਉਨ੍ਹਾਂ ਦਾ ਅੰਤਿਮ ਦਿਨ 5 ਜਨਵਰੀ 2026 ਹੋਵੇਗਾ। ਗ੍ਰੀਨ ਦੇ ਇਸ ਕਦਮ ਕਾਰਨ ਇਕ ਸਪੈਸ਼ਲ ਚੋਣ ਹੋਵੇਗੀ ਅਤੇ ਇਸ ਨਾਲ ਸੱਤਾਧਾਰੀ ਰਿਪਬਲਿਕਨ ਪਾਰਟੀ ਦੇ ਅੰਦਰ ਹੜਕੰਪ ਮਚ ਸਕਦਾ ਹੈ। ਅਮਰੀਕੀ ਕਾਂਗਰਸ 'ਚ ਕਿਸੇ ਸੀਟ ਨੂੰ ਕਿਸੇ ਗੈਰ-ਚੁਣੇ ਹੋਏ ਵਿਅਕਤੀ ਨਾਲ ਅਸਥਾਈ ਤੌਰ 'ਤੇ ਭਰਨ ਦਾ ਕੋਈ ਨਿਯਮ ਨਹੀਂ ਹੈ। ਹਾਲ ਹੀ ਦੇ ਮਹੀਨਿਆਂ 'ਚ ਅਮਰੀਕੀ ਰਾਸ਼ਟਰਪਤੀ ਅਤੇ ਗ੍ਰੀਨ ਵਿਚਕਾਰ ਜਨਤਕ ਵਿਵਾਦ ਹੋਇਆ ਸੀ। ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਗ੍ਰੀਨ ਨੇ ਵਿਦੇਸ਼ ਨੀਤੀ ਅਤੇ ਸਿਹਤ ਸੰਭਾਲ ਨੂੰ ਲੈ ਕੇ ਸ਼੍ਰੀ ਟਰੰਪ ਦੀ ਆਲੋਚਨਾ ਕੀਤੀ ਸੀ, ਨਾਲ ਹੀ ਜਿਨਸੀ ਅਪਰਾਧੀ ਜੈਫਰੀ ਐਪਸਟੀਨ ਨਾਲ ਜੁੜੀ ਫਾਈਲ 'ਤੇ ਟਰੰਪ ਦੇ ਰੁਖ਼ ਨੂੰ ਲੈ ਕੇ ਵੀ ਆਲੋਚਨਾ ਕੀਤੀ ਸੀ। ਇਸ ਦੇ ਜਵਾਬ 'ਚ ਅਮਰੀਕੀ ਰਾਸ਼ਟਰਪਤੀ ਨੇ ਗ੍ਰੀਨ ਨੂੰ 'ਗੱਦਾਰ' ਅਤੇ 'ਸਨਕੀ' ਕਿਹਾ ਸੀ। ਟਰੰਪ ਨੇ ਇਹ ਵੀ ਕਿਹਾ ਸੀ ਕਿ ਜਦੋਂ ਗ੍ਰੀਨ ਅਗਲੇ ਸਾਲ ਮੁੜ ਚੋਣ ਲੜੇਗੀ ਤਾਂ ਉਹ ਉਨ੍ਹਾਂ ਦੇ ਵਿਰੁੱਧ ਖੜ੍ਹੇ ਹੋਣ ਵਾਲੇ ਵਿਰੋਧੀ ਦਾ ਸਮਰਥਨ ਕਰਨਗੇ। ਗ੍ਰੀਨ ਨੇ ਸੋਸ਼ਲ ਮੀਡੀਆ ਐਕਸ (ਪਹਿਲਾਂ ਟਵਿੱਟਰ) ਪਲੇਟਫਾਰਮ 'ਤੇ ਇਕ ਬਿਆਨ 'ਚ ਅਸਤੀਫ਼ੇ ਦੀ ਐਲਾਨ ਕਰਦਿਆਂ ਕਿਹਾ ਕਿ 'ਮੇਰੇ ਕੋਲ ਬਹੁਤ ਜ਼ਿਆਦਾ ਆਤਮ-ਸਨਮਾਨ ਅਤੇ ਗਰਿਮਾ ਹੈ'। ਉਨ੍ਹਾਂ ਨੇ ਅੱਗੇ ਕਿਹਾ ਕਿ ਉਹ ਨਹੀਂ ਚਾਹੁੰਦੀ ਕਿ ਉਨ੍ਹਾਂ ਦੇ ਪਿਆਰੇ ਜ਼ਿਲ੍ਹੇ ਨੂੰ ਉਨ੍ਹਾਂ ਦੇ ਖਿਲਾਫ ਇਕ ਦਰਦਨਾਕ ਅਤੇ ਨਫ਼ਰਤ ਭਰੀ ਆਵਾਜ਼ ਝੱਲਣੀ ਪਵੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਹ ਕਦਮ ਇਸ ਲਈ ਵੀ ਜ਼ਰੂਰੀ ਹੈ, ਕਿਉਂਕਿ ਰਿਪਬਲਿਕਨ ਸ਼ਾਇਦ ਅਗਲੀਆਂ ਮਿਡਟਮ ਚੋਣਾਂ ਹਾਰ ਜਾਣਗੇ। ਅਗਲੇ ਮਿਡਟਮ (ਜੋ ਕਿ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਲਈ ਨਿਯਮਤ ਦੋ-ਸਾਲਾ ਚੋਣਾਂ ਹਨ) ਨਵੰਬਰ 2026 'ਚ ਹੋਣੇ ਹਨ। ਇਸ ਦੌਰਾਨ, ਅਮਰੀਕਾ ਦੇ ਰਾਸ਼ਟਰਪਤੀ ਦੇ ਅਧਿਕਾਰਤ ਨਿਵਾਸ ਅਤੇ ਦਫ਼ਤਰ 'ਵਾਈਟ ਹਾਊਸ' ਨੇ ਗ੍ਰੀਨ ਦੀ ਇਸ ਘੋਸ਼ਣਾ 'ਤੇ ਅਜੇ ਤੱਕ ਕੋਈ ਟਿੱਪਣੀ ਨਹੀਂ ਕੀਤੀ ਹੈ।

# ਹਸਪਤਾਲ ਦੀ ਵੱਡੀ ਲਾਪਰਵਾਹੀ, ਫਰੀਜ਼ਰ 'ਚ ਰੱਖ'ਤੀ ਜ਼ਿੰਦਾ ਔਰਤ !



ਲਾਸ ਏਂਜਲਸ : ਕੈਲੀਫੋਰਨੀਆ ਦੇ ਲਾਸ ਏਂਜਲਸ ਦੇ ਇੱਕ ਹਸਪਤਾਲ ਵਿੱਚ ਵੱਡੀ ਲਾਪਰਵਾਹੀ ਸਾਹਮਣੇ ਆਈ ਹੈ, ਜਿੱਥੇ ਇੱਕ ਔਰਤ ਨੂੰ ਕਥਿਤ ਤੌਰ 'ਤੇ ਮ੍ਰਿਤਕ ਐਲਾਨ ਕੇ ਮੁਰਦਾਘਰ ਦੇ ਫ ?ਰੀਜ਼ਰ ਵਿੱਚ ਰੱਖਿਆ ਗਿਆ ਸੀ। ਪੀੜਤਾ ਮਾਰੀਆ ਡੀ ਜੀਸਸ ਅਰੋਯੋ ਸੀ। ਪਰਿਵਾਰ ਦਾ ਦਾਅਵਾ ਹੈ ਕਿ ਉਸਨੂੰ ਜ਼ਿੰਦਾ ਫਰੀਜ਼ਰ ਵਿੱਚ ਬੰਦ ਕਰ ਦਿੱਤਾ ਗਿਆ ਸੀ ਅਤੇ ਬਾਅਦ ਵਿੱਚ ਠੰਢ ਕਾਰਨ ਉਸਦੀ ਮੌਤ ਹੋ ਗਈ।

ਮਾਰੀਆ ਡੀ ਜੀਸਸ ਅਰੋਯੋ 26 ਜੁਲਾਈ, 2010 ਨੂੰ ਬੋਇਲ ਹਾਈਟਸ ਸਥਿਤ ਆਪਣੇ ਘਰ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਡਿੱਗ ਪਈ। ਉਸਦੇ ਪਰਿਵਾਰ ਦੇ ਅਨੁਸਾਰ, ਉਸਨੂੰ ਤੁਰੰਤ ਵ੍ਹਾਈਟ ਮੈਮੋਰੀਅਲ ਮੈਡੀਕਲ ਸੈਂਟਰ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਜਿਸਤੋਂ ਬਾਅਦ,ਉਸਨੂੰ ਹਸਪਤਾਲ ਦੇ ਰੈਫ੍ਰਿਜਰੇਟਿਡ ਮੁਰਦਾਘਰ ਵਿੱਚ ਰੱਖਿਆ ਗਿਆ।

ਕੁਝ ਦਿਨਾਂ ਬਾਅਦ ਜਦੋਂ ਸਟਾਫ ਸਸਕਾਰ ਲਈ ਲਾਸ਼ ਲੈਣ ਗਿਆ, ਤਾਂ ਉਨ੍ਹਾਂ ਨੇ ਲਾਸ਼ ਵਾਲਾ ਬੈਗ ਅੱਧਾ ਖੁੱਲ੍ਹਾ ਦੇਖਿਆ, ਅਤੇ ਔਰਤ ਅੰਦਰ ਮੂੰਹ ਭਾਰ ਪਈ ਸੀ। ਉਸਨੂੰ ਗੰਭੀਰ ਸੱਟਾਂ ਲੱਗੀਆਂ ਸਨ ਅਤੇ ਉਸਦਾ ਚਿਹਰਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਸੀ। ਇਸ ਭਿਆਨਕ ਘਟਨਾ ਨੇ ਹਸਪਤਾਲ ਦੀ ਲਾਪਰਵਾਹੀ ਅਤੇ ਮਨੁੱਖੀ ਜੀਵਨ ਪ੍ਰਤੀ ਅਣਦੇਖੀ ਨੂੰ ਉਜਾਗਰ ਕੀਤਾ।

ਪਰਿਵਾਰ ਦਾ ਦਾਅਵਾ ਹੈ ਕਿ ਮਾਰੀਆ ਨੂੰ ਜ਼ਿੰਦਾ ਫਰੀਜ਼ਰ ਵਿੱਚ ਰੱਖਿਆ ਗਿਆ ਸੀ। ਪਰਿਵਾਰ ਦੁਆਰਾ ਨਿਯੁਕਤ ਕੀਤੇ ਗਏ ਇੱਕ ਪੈਥੋਲੋਜਿਸਟ ਡਾਕਟਰ ਵਿਲੀਅਮ ਮੈਨੀਅਨ ਨੇ ਆਪਣੀ ਰਿਪੋਰਟ ਵਿੱਚ ਪੁਸ਼ਟੀ ਕੀਤੀ ਕਿ ਔਰਤ ਫ ?ਰੀਜ਼ਰ ਵਿੱਚ ਹੋਸ਼ ਵਿੱਚ ਸੀ ਅਤੇ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਹੀ ਸੀ। ਇਸ ਦੌਰਾਨ ਉਸਨੂੰ ਸੱਟਾਂ ਲੱਗੀਆਂ ਅਤੇ ਠੰਡ ਕਾਰਨ ਉਸਦੀ ਮੌਤ ਹੋ ਗਈ। ਪੈਥੋਲੋਜਿਸਟ ਨੇ ਕਾਨੂੰਨੀ ਦਸਤਾਵੇਜ਼ਾਂ ਵਿੱਚ ਇਹ ਵੀ ਕਿਹਾ ਕਿ ਔਰਤ ਨੂੰ ਜ਼ਿੰਦਾ ਰੱਖਿਆ ਗਿਆ ਸੀ ਅਤੇ ਜਦੋਂ ਉਹ ਜਾਗ ਪਈ ਅਤੇ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਉਸਦਾ ਚਿਹਰਾ ਅਤੇ ਸਰੀਰ ਖਰਾਬ ਹੋ ਗਏ ਸਨ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



### ਸਿੱਖਾਂ ਦੇ ਵਡਮੁੱਲੇ ਯੋਗਦਾਨ ਦੀ ਸ਼ਲਾਘਾ

# ਫਰੀਮਾਂਟ ਸਿਟੀ ਹਾਲ ਵਿਖੇ ਸਿੱਖ ਭਾਈਚਾਰੇ ਦਾ ਮਾਣ ਵਧਿਆ

## ਮੇਅਰ ਰਾਜ ਸਲਵਾਨ ਵੱਲੋਂ ਨਵੰਬਰ ਮਹੀਨਾ 'ਸਿੱਖ ਅਪ੍ਰੀਸੀਏਸ਼ਨ ਮੰਥ' ਵਜੋਂ ਐਲਾਨਿਆ







PROCLAMATION

HONORING SIKH AWARENESS MONTH
NOVEMBER 2025

*WHEREAS*, Sikhs have been living in the United States for more than 100 years, and during the early 20th century, thousands of Sikh Americans worked on farms, in lumber mills and mines, and on the Oregon, Pacific and Eastern Railroad; and

*WHEREAS*, Sikhism is the fifth largest religion in the world and today, there are more than 23 million Sikhs worldwide and an estimated 250,000 Americans of Sikh origin, comprising nearly 40 percent of the nation's estimated Sikh population, residing in California alone; and

*WHEREAS*, Sikh Americans have made enduring contributions to the City of Fremont and the greater Bay Area—strengthening our local economy, supporting charitable causes, and fostering unity through community service projects including langar (free community meals), interfaith partnerships, and volunteer initiatives; and

*WHEREAS*, Sikh Americans pursue diverse professions and walks of life, making rich contributions to the social, cultural, and economic vibrancy of the United States, and have made significant contribution to our great nation in agriculture, trucking, medicine, and technology, and have distinguished themselves by fostering greater respect among all people through faith and service; and

*WHEREAS*, Sikh American Awareness & Appreciation Month provides an opportunity for residents to learn about Sikh history and traditions, recognize the resilience and achievements of Sikh Americans, and reaffirm our commitment to inclusion and mutual respect; and

*NOW, THEREFORE*, the City Council of the City of Fremont, hereby proclaims November 2025 as Sikh American Awareness and Appreciation Month in the City of Fremont and encourages all residents to join in recognizing and celebrating the many contributions of Sikh Americans to our city, state, and nation.

November 18, 2025
DATE
MAYOR

CITY OF FREMONT









ਫਰੀਮਾਂਟ/ਕੈਲੀਫੋਰਨੀਆਂ : (ਸਾਡੇ ਲੋਕ) ਅੱਜ ਫਰੀਮਾਂਟ ਸਿਟੀ ਹਾਲ ਵਿਖੇ 'ਸਿੱਖ ਅਪ੍ਰੀਸੀਏਸ਼ਨ ਮੰਥ' (ਸਿੱਖ ਪ੍ਰਸ਼ੰਸਾ ਮਹੀਨਾ) ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਫਰੀਮਾਂਟ ਦੇ ਮੇਅਰ ਰਾਜ ਸਲਵਾਨ ਵੱਲੋਂ ਵਿਸ਼ੇਸ਼ ਤੌਰ 'ਤੇ ਨਵੰਬਰ ਮਹੀਨੇ ਨੂੰ ਸਿੱਖਾਂ ਦੇ ਸਨਮਾਨ ਵਜੋਂ ਮਾਨਤਾ ਦੇਣ ਲਈ ਇੱਕ ਐਲਾਨਨਾਮਾ (Proclamation) ਜਾਰੀ ਕੀਤਾ ਗਿਆ।

ਫਰੀਮਾਂਟ ਸਿਟੀ ਹਾਲ ਵਿਖੇ ਹੋਏ ਇੱਕ ਵਿਸ਼ੇਸ਼ ਸਮਾਗਮ ਦੌਰਾਨ ਮੇਅਰ ਰਾਜ ਸਲਵਾਨ ਵੱਲੋਂ ਨਵੰਬਰ 2025 ਨੂੰ 'ਸਿੱਖ ਜਾਗਰੂਕਤਾ ਅਤੇ ਪ੍ਰਸ਼ੰਸਾ ਮਹੀਨਾ' (Sikh Awareness and Appreciation Month) ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਜਾਰੀ ਕੀਤੇ ਗਏ ਸਰਕਾਰੀ ਐਲਾਨਨਾਮੇ (Proclamation) ਰਾਹੀਂ ਸਿੱਖ ਭਾਈਚਾਰੇ ਦੀ ਅਮਰੀਕਾ ਦੀ ਤਰੱਕੀ ਵਿੱਚ ਪਾਈ ਗਈ ਭਾਈਵਾਲੀ ਅਤੇ ਸੇਵਾ ਭਾਵਨਾ ਨੂੰ ਸਨਮਾਨਿਤ ਕੀਤਾ ਗਿਆ।

**ਐਲਾਨਨਾਮੇ ਦੀਆਂ ਮੁੱਖ ਗੱਲਾਂ:** ਮੇਅਰ ਵੱਲੋਂ ਜਾਰੀ ਦਸਤਾਵੇਜ਼ ਵਿੱਚ ਸਿੱਖਾਂ ਬਾਰੇ ਕਈ ਅਹਿਮ ਤੱਥਾਂ ਦਾ ਜ਼ਿਕਰ ਕੀਤਾ ਗਿਆ:

**ਇਤਿਹਾਸਕ ਪਿਛੋਕੜ:** ਸਿੱਖ ਪਿਛਲੇ 100 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਅਮਰੀਕਾ ਵਿੱਚ ਰਹਿ ਰਹੇ ਹਨ। 20ਵੀਂ ਸਦੀ ਦੀ ਸ਼ੁਰੂਆਤ ਵਿੱਚ ਹਜ਼ਾਰਾਂ ਸਿੱਖਾਂ ਨੇ ਖੇਤਾਂ, ਲੱਕੜ ਮਿੱਲਾਂ ਅਤੇ ਰੇਲਵੇ ਲਾਈਨਾਂ ਦੇ ਨਿਰਮਾਣ ਵਿੱਚ ਅਹਿਮ ਯੋਗਦਾਨ ਪਾਇਆ।

**ਵਿਸ਼ਵਵਿਆਪੀ ਪਛਾਣ:** ਸਿੱਖ ਧਰਮ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ। ਅਮਰੀਕਾ ਵਿੱਚ ਲਗਭਗ 2,50,000 ਸਿੱਖ ਵੱਸਦੇ ਹਨ, ਜਿਨ੍ਹਾਂ ਵਿੱਚੋਂ 40 ਫੀਸਦੀ ਇਕੱਲੇ ਕੈਲੀਫੋਰਨੀਆ ਵਿੱਚ ਰਹਿੰਦੇ ਹਨ।

**ਸੇਵਾ ਅਤੇ ਲੰਗਰ:** ਸਿੱਖਾਂ ਵੱਲੋਂ ਚਲਾਏ ਜਾਂਦੇ 'ਲੰਗਰ' (ਮੁਫ਼ਤ ਭੋਜਨ ਸੇਵਾ) ਅਤੇ ਹੋਰ ਭਲਾਈ ਕਾਰਜਾਂ ਨੇ ਭਾਈਚਾਰਕ ਸਾਂਝ ਅਤੇ ਅੰਤਰ-ਧਰਮ ਏਕਤਾ ਨੂੰ ਮਜ਼ਬੂਤ ਕੀਤਾ ਹੈ।

**ਆਰਥਿਕ ਯੋਗਦਾਨ:** ਖੇਤੀਬਾੜੀ, ਟਰੱਕਿੰਗ, ਮੈਡੀਸਨ (ਦਵਾਈਆਂ) ਅਤੇ ਤਕਨਾਲੋਜੀ ਦੇ ਖੇਤਰ ਵਿੱਚ ਸਿੱਖਾਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ।

ਇਹ ਸਨਮਾਨ ਸਿੱਖ ਭਾਈਚਾਰੇ ਦੀ ਸਖ਼ਤ ਮਿਹਨਤ, ਲਗਨ ਅਤੇ ਉਨ੍ਹਾਂ ਵੱਲੋਂ ਸਮਾਜ ਵਿੱਚ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਦੀ ਸ਼ਲਾਘਾ ਵਜੋਂ ਦਿੱਤਾ ਗਿਆ ਹੈ, ਜਿਸਨੂੰ ਨਵੰਬਰ ਦੇ ਮਹੀਨੇ ਵਿੱਚ ਵਿਸ਼ੇਸ਼ ਤੌਰ 'ਤੇ ਮਨਾਇਆ ਜਾਂਦਾ ਹੈ।

ਇਸ ਮੌਕੇ ਪਹੁੰਚਣ ਵਾਲੇ ਸਮੂਹ ਪਤਵੰਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਸਮਾਗਮ ਵਿੱਚ ਬਲਕਾਰ ਸਿੰਘ, ਦੀਦਾਰ ਸਿੰਘ, ਜਸਵਿੰਦਰ ਜੰਡੀ, ਰਾਜਾ ਸਿੰਘ, ਰਾਜਿੰਦਰ ਸਿੰਘ, ਉਮਰਜੀਤ ਸਿੰਘ, ਗੁਰਜੀਤ ਸਿੰਘ ਬਰਾੜ, ਬਿੱਕਰ ਸਿੰਘ, ਬਰਾੜ, ਹਰਮੇਸ਼ ਸਿੰਘ ਸਿੱਧੂ, ਬਲਵੀਰ ਸਿੰਘ, ਰਵੀ ਸਿੰਘ  ਪਰਮਾਰ, ਮਨਜੀਤ ਸਿੰਘ ਅਤੇ ਟੀ.ਜੇ. ਧਾਮੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਥੇ ਇਹ ਜਿਕਰਯੋਗ ਹੈ ਕੀ ਅੰਮ੍ਰਿਤਸਰ ਦੀ ਧਰਤੀ ਪੁੱਤ ਅਤੇ ਫਰੀਮਾਟ ਸਿਟੀ ਦੇ ਮੇਅਰ ਡਾਕਟਰ ਰਾਜ ਸਲਵਾਨ ਨੇ ਕਿਹਾ ਕਿ ਇਹ ਐਲਾਨਨਾਮਾ ਫਰੀਮਾਂਟ ਸ਼ਹਿਰ ਵਿੱਚ ਸਿੱਖਾਂ ਦੇ ਗੌਰਵਮਈ ਇਤਿਹਾਸ ਅਤੇ ਉਨ੍ਹਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਬਣ ਗਿਆ ਹੈ।

# ਇੰਡੀਆ ਐਸੋਸੀਏਸ਼ਨ ਲਾਸ ਏਂਜਲਸ ਦੀ ਨਵੀਂ ਲੀਡਰਸ਼ਿਪ ਟੀਮ ਦੀ ਚੋਣ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਇੰਡੀਆ ਐਸੋਸੀਏਸ਼ਨ ਆਫ ਲਾਸ ਏਂਜਲਸ (ਆਈ. ਏ. ਐਲ. ਏ.) ਦੀ ਸਾਲ 2025-26 ਲਈ ਨਵੀਂ ਲੀਡਰਸ਼ਿੱਪ ਟੀਮ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਲੰਬੇ ਸਮੇਂ ਤੋਂ ਵਾਲੰਟਰੀ ਵਜੋਂ ਕੰਮ ਕਰਦੀ ਆ ਰਹੀ ਫਾਲਗੁਨਿਬਾ ਜ਼ਾਲਾ ਦੀ ਚੋਣ ਅਗਲੇ ਪ੍ਰਧਾਨ ਵਜੋਂ ਕੀਤੀ ਗਈ। ਜ਼ਾਲਾ ਇੱਕ ਕਾਰੋਬਾਰੀ ਔਰਤ ਹੈ ਜਿਸ ਨੇ ਪਿਛਲੇ ਲੰਬੇ ਸਮੇਂ ਤੋਂ ਯੂਨੀਅਨ ਵਿਚ ਵੱਖ-ਵੱਖ ਭੂਮਿਕਾਵਾਂ ਨਿਭਾਈਆਂ ਹਨ। ਇੱਕ 20 ਮੈਂਬਰੀ ਕਾਰਜਕਾਰੀ ਕਮੇਟੀ ਵੀ ਬਣਾਈ ਗਈ ਹੈ। ਭਾਰਤੀ ਵਿਰਾਸਤ, ਸੱਭਿਆਚਾਰ ਤੇ ਰਵਾਇਤਾਂ



ਨੂੰ ਪ੍ਰਫੁਲਿਤ ਕਰਨ ਦੇ ਮਕਸਦ ਨਾਲ ਆਈ. ਏ. ਐਲ. ਏ. ਦੀ ਸਥਾਪਨਾ 1999 ਵਿਚ ਕੀਤੀ ਗਈ ਸੀ। ਭਾਰਤੀ ਸੰਸਕ੍ਰਿਤੀ ਤੇ ਸਭਿਆਚਾਰ ਨਾਲ ਜੁੜੇ ਦਿਨ ਦਿਹਾੜੇ ਆਈ ਏ ਐਲ ਏ ਦੀ ਅਗਵਾਈ 'ਚ ਮਨਾਏ ਜਾਂਦੇ ਹਨ। ਨਵੀਂ ਚੁਣੀ ਗਈ ਟੀਮ ਵਿਚ ਉੱਪ ਪ੍ਰਧਾਨ ਧਾਰਾਬੇਨ ਪਟੇਲ, ਸਕੱਤਰ ਰਾਮ ਬਾਲੀ, ਜੋਆਇੰਟ ਸਕੱਤਰ ਹਿਮੇਸ਼ ਮਹਿਤਾ, ਖਜ਼ਾਨਚੀ ਰਾਜੇਸ਼ ਖੰਡੇਵਾਲ, ਉੱਪ ਪ੍ਰਧਾਨ ਵਿੱਤ ਰਾਬਿਨ ਪੈਕ, ਉੱਪ ਪ੍ਰਧਾਨ ਪਬਲੀਸਿਟੀ ਨਵਦੀਪ ਸਿੰਘ, ਉੱਪ ਪ੍ਰਧਾਨ ਸਭਿਆਚਾਰਕ ਮਾਮਲੇ ਮਨੀਸ਼ਾ ਮਕਵਾਨਾ, ਉੱਪ ਪ੍ਰਧਾਨ ਲੋਕ ਸੰਪਰਕ ਕਿਰਨ ਕੰਬੋਜ, ਉੱਪ ਪ੍ਰਧਾਨ ਯੂਥ ਮਾਮਲੇ ਨਿਸ਼ਾ ਰਾਵਲ ਤੇ ਉੱਪ ਪ੍ਰਧਾਨ ਸਿਹਤ ਬਾਮਾ ਸ੍ਰੀਧਰ ਚੁਣੇ ਗਏ। ਇਸ ਤੋਂ ਇਲਾਵਾ ਵਿਕਾਸ ਝੁਨਝੁਨਵਾਲਾ, ਰੇਖਾ ਖੰਡੇਲਵਾਲ, ਰੂਹੀ ਚੱਢਾ, ਜੁਗਲ ਕਿਸ਼ੋਰ, ਦਰਸ਼ਨਸਿਨ ਜ਼ਾਲਾ, ਸੁਨੀਲ ਪ੍ਰਭਾਕਰ, ਸ਼ੇਖਰ ਚਿਖਲੀਕਰ, ਰਮੇਸ਼ ਬ੍ਰਮਹਰੋਖ਼ੂ ਤੇ ਮਹਿੰਦਰ ਕੌਰ ਕਾਰਜਕਾਰੀ ਕਮੇਟੀ ਮੈਂਬਰ ਚੁਣੇ ਗਏ।

# 'ਅੱਜ ਦੇ ਵਿਗਿਆਨਕ ਯੁੱਗ ਵਿਚ' ਅੰਧਵਿਸ਼ਵਾਸਾਂ 'ਚ ਪੈ ਕੇ ਤਬਾਹ ਹੋ ਰਹੇ ਲੋਕ!

ਅੱਜ ਦੇ ਵਿਗਿਆਨਕ ਯੁੱਗ 'ਚ ਵੀ ਅੰਧਵਿਸ਼ਵਾਸ ਅਤੇ ਜਾਦੂ-ਟੂਣੇ ਲੋਕਾਂ ਦੀ ਜਾਨ ਦੇ ਦੁਸ਼ਮਣ ਬਣੇ ਹੋਏ ਹਨ। ਵੱਡੀ ਗਿਣਤੀ 'ਚ ਲੋਕ ਤੰਤਰ-ਮੰਤਰ, ਅੰਧਵਿਸ਼ਵਾਸਾਂ, ਵਹਿਮਾਂ-ਭਰਮਾਂ ਅਤੇ ਟੂਣੇ-ਟੋਟਕਿਆਂ 'ਚ ਪੈ ਕੇ ਖੁਦ ਨੂੰ ਤਬਾਹ ਕਰ ਰਹੇ ਹਨ, ਇਹ ਪਿਛਲੇ ਸਿਰਫ 8 ਮਹੀਨਿਆਂ ਦੌਰਾਨ ਸਾਹਮਣੇ ਆਈਆਂ ਹੇਠ ਲਿਖੀਆਂ ਘਟਨਾਵਾਂ ਤੋਂ ਸਪੱਸ਼ਟ ਹੈ :

9 ਮਾਰਚ, 2025 ਨੂੰ 'ਕੋਪੱਲ' (ਕਰਨਾਟਕ) 'ਚ ਇਕ ਪਿੰਡ 'ਚ ਬੀਮਾਰ ਆਪਣੇ 7 ਮਹੀਨੇ ਦੇ ਬੇਟੇ ਦੀ ਬੀਮਾਰੀ ਦੂਰ ਕਰਨ ਲਈ ਇਕ ਔਰਤ ਨੂੰ ਕੁਝ ਲੋਕਾਂ ਨੇ ਸਲਾਹ ਦਿੱਤੀ ਕਿ ਜੇਕਰ ਬੱਚੇ ਨੂੰ ਅਗਰਬੱਤੀਆਂ ਨਾਲ ਦਾਗਿਆ ਜਾਏ ਤਾਂ ਉਸ ਦੇ ਅੰਦਰ ਬੈਠੀ 'ਦੁਸ਼ਟ ਆਤਮਾ' ਨਿਕਲ ਜਾਏਗੀ ਅਤੇ ਬੱਚੇ ਦੀ ਬੀਮਾਰੀ ਦੂਰ ਹੋ ਜਾਏਗੀ। ਔਰਤ ਕਈ ਦਿਨ ਲਗਾਤਾਰ ਬੱਚੇ ਨੂੰ ਅਗਰਬੱਤੀਆਂ ਨਾਲ ਦਾਗਦੀ ਰਹੀ। ਇਸ ਨਾਲ ਉਸ ਦੀ ਸਿਹਤ ਹੋਰ ਵਿਗੜ ਗਈ ਅਤੇ ਆਖਿਰਕਾਰ ਉਹ ਮਰ ਗਿਆ।



8 ਜੂਨ ਨੂੰ 'ਗਾਜ਼ੀਪੁਰ' (ਉੱਤਰ ਪ੍ਰਦੇਸ਼) 'ਚ 'ਦਿਲਦਾਰ ਨਗਰ' ਦੇ 'ਉਸਿਆ' ਪਿੰਡ 'ਚ ਤੇਜ਼ ਹਵਾ ਦੇ ਕਾਰਨ 'ਰਾਮਜੀ ਯਾਦਵ' ਦੇ ਘਰੋਂ ਕਾਗਜ਼ ਦਾ ਇਕ ਟੁਕੜਾ ਉੱਡ ਕੇ ਗੁਆਂਢੀ 'ਫੇਰੂ ਯਾਦਵ' ਦੇ ਮਕਾਨ ਦੀ ਛੱਤ 'ਤੇ ਜਾ ਡਿੱਗਿਆ।

'ਫੇਰੂ ਯਾਦਵ' ਦਾ ਪਰਿਵਾਰ ਇਸ ਨੂੰ 'ਭੂਤ-ਪ੍ਰੇਤ' ਜਾਂ 'ਤਾਂਤਰਿਕ ਕਿਰਿਆ' ਨਾਲ ਜੁੜਿਆ ਮੰਨ ਕੇ 'ਰਾਮਜੀ ਯਾਦਵ' ਦੇ ਪਰਿਵਾਰ 'ਤੇ ਦੋਸ਼ ਲਗਾਉਣ ਲੱਗਾ। ਜਲਦੀ ਹੀ ਝਗੜੇ ਨੇ ਹਿੰਸਕ ਰੂਪ ਲੈ ਲਿਆ, ਜਿਸ 'ਚ 'ਜੀਤਨ ਯਾਦਵ' ਨਾਂ ਦੀ ਇਕ ਬਜ਼ੁਰਗ ਨੂੰ ਡੂੰਘੀਆਂ ਸੱਟਾਂ ਲੱਗਣ ਨਾਲ ਉਸ ਦੀ ਮੌਤ ਹੋ ਗਈ। ਪਿੰਡ 'ਚ ਅਫਵਾਹ ਫੈਲੀ ਹੋਈ ਸੀ ਕਿ 'ਜੀਤਨ ਯਾਦਵ' ਉੱਤੇ ਕਿਸੇ ਬੁਰੀ ਆਤਮਾ ਦਾ ਸਾਇਆ ਹੈ।

17 ਅਗਸਤ ਨੂੰ 'ਚੁਰੂ' (ਰਾਜਸਥਾਨ) ਜ਼ਿਲ੍ਹੇ ਦੇ 'ਰਤਨਗੜ੍ਹ' ਵਿਚ 'ਇਮਰਾਨ' ਨਾਂ ਦੇ ਇਕ ਨੌਜਵਾਨ ਦੇ ਘਰ 'ਚ ਬੁਰੀ ਆਤਮਾ ਦਾ ਸਾਇਆ ਦੂਰ ਕਰਨ ਲਈ ਆਏ ਉਸ ਦੇ ਨਾਨਕਿਆਂ ਦੇ 12 ਵਿਅਕਤੀਆਂ ਨੇ ਪਹਿਲਾਂ ਤਾਂ ਉਸ ਦੇ ਪਿਤਾ 'ਮਹਿਬੂਬ ਖਾਨ' ਨੂੰ ਜ਼ਬਰਦਸਤੀ ਮਿਰਚਾਂ ਦਾ ਪਾਣੀ ਪਿਲਾਇਆ, ਫਿਰ ਉਸ ਦੀਆਂ ਅੱਖਾਂ 'ਚ ਮਿਰਚ ਅਤੇ ਕੰਨਾਂ 'ਚ ਤੇਲ ਨਾਲ ਭਰੀ ਰੂੰ ਤੁੰਨ ਦਿੱਤੀ।

ਵਿਰੋਧ ਕਰਨ 'ਤੇ ਉਨ੍ਹਾਂ ਲੋਕਾਂ ਨੇ 'ਮਹਿਬੂਬ ਖਾਨ' ਦਾ ਮੂੰਹ ਢੱਕ ਕੇ ਪਾਣੀ ਨਾਲ ਭਰੇ ਟੱਬ 'ਚ ਡੁਬੋ ਦਿੱਤਾ ਜਿਸ ਨਾਲ ਉਸ ਦੀ ਮੌਤ ਹੋ ਗਈ। 'ਇਮਰਾਨ' ਦੀ ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ।

8 ਨਵੰਬਰ ਨੂੰ 'ਸ਼ਹਿਡੋਲ' (ਮੱਧ ਪ੍ਰਦੇਸ਼) 'ਚ 'ਸਤਯੇਂਦਰ ਸਿੰਘ' ਨਾਂ ਦੇ ਇਕ ਨੌਜਵਾਨ ਨੇ ਜਾਦੂ-ਟੂਣਾ ਕਰਨ ਦੇ ਸ਼ੱਕ 'ਚ ਕੁਹਾੜੀ ਅਤੇ ਡੰਡਿਆਂ ਨਾਲ ਕੁੱਟ-ਕੁੱਟ ਕੇ ਆਪਣੀ ਮਾਂ 'ਪ੍ਰੇਮਬਾਈ' ਨੂੰ ਮਾਰ ਦਿੱਤਾ ਕਿਉਂਕਿ ਉਹ ਆਪਣੇ ਚਾਚੇ ਅਤੇ ਬੱਚਿਆਂ ਦੀ ਬੀਮਾਰੀ ਦਾ ਕਾਰਨ ਆਪਣੀ ਮਾਂ ਨੂੰ ਮੰਨ ਰਿਹਾ ਸੀ। ਪੁਲਸ ਨੇ ਦੋਸ਼ੀ ਨੌਜਵਾਨ ਅਤੇ ਉਸ ਦੇ 4 ਰਿਸ਼ਤੇਦਾਰਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

15 ਨਵੰਬਰ ਨੂੰ 'ਨਵਸਾਰੀ' (ਗੁਜਰਾਤ) ਵਿਚ ਉੱਤਰ ਪ੍ਰਦੇਸ਼ ਦੀ ਰਹਿਣ ਵਾਲੀ 'ਸੁਨੀਤਾ ਸ਼ਰਮਾ' ਨਾਂ ਦੀ ਔਰਤ ਨੇ ਆਪਣੇ ਬਜ਼ੁਰਗਾਂ ਦੇ 'ਮੋਕਸ਼' ਲਈ ਆਪਣੇ 7 ਅਤੇ 4 ਸਾਲ ਦੇ 2 ਮਾਸੂਮ ਬੇਟਿਆਂ ਦੀ ਹੱਤਿਆ ਕਰ ਦਿੱਤੀ।

ਅਤੇ ਹੁਣ 16 ਨਵੰਬਰ ਨੂੰ 'ਜੋਧਪੁਰ' ਵਿਚ 4 ਮੁਟਿਆਰਾਂ ਨੇ ਆਪਣੇ 16 ਦਿਨ ਦੇ ਭਾਣਜੇ ਨੂੰ ਆਪਣੇ ਪੈਰਾਂ ਨਾਲ ਦਰੜ ਕੇ ਬੇਰਹਿਮੀ ਨਾਲ ਉਸ ਨੂੰ ਮਾਰ ਦਿੱਤਾ। ਪੁਲਸ ਅਨੁਸਾਰ ਦੋਸ਼ੀ ਮੁਟਿਆਰਾਂ ਨੇ ਨਵਜਨਮੇ ਬੱਚੇ ਦੀ ਹੱਤਿਆ ਇਸ ਲਈ ਕੀਤੀ ਕਿਉਂਕਿ ਉਨ੍ਹਾਂ ਦਾ ਵਿਆਹ ਨਹੀਂ ਹੋ ਰਿਹਾ ਸੀ ਅਤੇ ਉਹ ਇਸ ਦੇ ਲਈ ਆਪਣੀ ਇਸ ਭੈਣ ਨੂੰ ਜ਼ਿੰਮੇਵਾਰ ਮੰਨ ਰਹੀਆਂ ਸਨ ਜਿਸਦਾ ਪਹਿਲਾਂ ਵੀ ਇਕ ਬੇਟਾ ਹੈ।

ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਇਸ ਘਟਨਾ ਦੇ ਵੀਡੀਓ 'ਚ ਨਵਜਨਮੇ ਬੱਚੇ ਨੂੰ ਗੋਦ 'ਚ ਲੈ ਕੇ ਬੈਠੀ ਇਕ ਮੁਟਿਆਰ ਅਤੇ ਉਸ ਦੇ ਸਾਹਮਣੇ ਬੈਠੀਆਂ ਹੋਰ ਮੁਟਿਆਰਾਂ ਮੂੰਹ 'ਚ ਕੁਝ ਬੁੜਬੁੜਾਉਂਦੀਆਂ ਨਜ਼ਰ ਆ ਰਹੀਆਂ ਹਨ ਜੋ ਸ਼ਾਇਦ ਕੋਈ 'ਮੰਤਰ' ਪੜ੍ਹ ਰਹੀਆਂ ਸਨ।

ਉਕਤ ਘਟਨਾਵਾਂ ਸਮਾਜ 'ਚ ਜਾਗਰੂਕਤਾ ਦੀ ਕਮੀ ਅਤੇ ਅੰਧਵਿਸ਼ਵਾਸ ਦੀਆਂ ਡੂੰਘੀਆਂ ਜੜ੍ਹਾਂ ਨੂੰ ਉਜਾਗਰ ਕਰਦੀਆਂ ਹਨ। ਇਸ ਤੋਂ ਵੱਧ ਕੇ ਤ੍ਰਾਸਦੀ ਕੀ ਹੋਵੇਗੀ ਕਿ ਅੱਜ ਦੇ ਬਦਲੇ ਹੋਏ ਦੌਰ 'ਚ ਵੀ ਲੋਕ ਅੰਧਵਿਸ਼ਵਾਸਾਂ ਦੇ ਚੱਕਰ 'ਚ ਪੈ ਕੇ ਅਜਿਹੇ ਘਿਨੌਣੇ ਕਾਰੇ ਕਰ ਰਹੇ ਹਨ ਜਿਸ ਨਾਲ ਲੋਕਾਂ ਨੂੰ ਆਪਣੀਆਂ ਜਾਨਾਂ ਤਕ ਤੋਂ ਹੱਥ ਧੋਣਾ ਪੈ ਰਿਹਾ ਹੈ। ਇਸ ਲਈ ਸਮਾਜ ਦੇ ਬੁੱਧੀਜੀਵੀ ਵਰਗ ਨੂੰ ਲੋਕਾਂ ਨੂੰ ਅਗਿਆਨ ਅਤੇ ਅੰਧਵਿਸ਼ਵਾਸਾਂ ਦੇ ਇਸ ਅੰਧਕਾਰ 'ਚੋਂ ਬਾਹਰ ਕੱਢਣ ਲਈ ਅੱਗੇ ਆਉਣਾ ਚਾਹੀਦਾ ਹੈ।

# ਵਸਤਾਂ ਦੇ ਸੰਘਣੇ ਜੰਗਲਾਂ 'ਚ ਭਟਕਦਾ ਮਨ

ਮਨੁੱਖ ਦੇ ਜੀਵਨ ਦੀ ਸਾਰੀ ਸਰਗਰਮੀ ਅਨੰਦ ਲਈ ਹੈ। ਜਿਵੇਂ ਜਿਵੇਂ ਮਨੁੱਖੀ ਸੱਭਿਅਤਾ ਵਿਕਾਸ ਕਰ ਰਹੀ ਹੈ, ਉਸੇ ਅਨੁਪਾਤ 'ਚ ਇਸ ਦੇ ਮਨ ਦੀ ਭਟਕਣਾ ਹਰ ਦਿਨ ਵਧਦੀ ਜਾ ਰਹੀ ਹੈ। ਮਨੁੱਖ ਨੇ ਆਪਣੀਆਂ ਸੁਖ-ਸਹੂਲਤਾਂ ਲਈ ਵਸਤਾਂ ਦਾ ਇੱਕ ਵੱਡਾ ਜੰਗਲ ਉਸਾਰ ਲਿਆ ਹੈ, ਜਿੱਥੇ ਹਰ ਦਿਨ ਨਵੀਆਂ ਤੋਂ ਨਵੀਆਂ ਵਸਤਾਂ ਈਜਾਦ ਹੋ ਰਹੀਆਂ ਹਨ। ਬਾਜ਼ਾਰ ਸਾਡੀਆਂ ਲੋੜਾਂ ਤੋਂ ਕਿਤੇ ਅਗਾਂਹ ਜਾ ਕੇ ਵਸਤਾਂ ਦੇ ਜੰਗਲ ਨੂੰ ਹੋਰ ਸੰਘਣਾ ਕਰ ਰਿਹਾ ਹੈ। ਇਸ ਯੁੱਗ ਵਿਚ ਬਾਜ਼ਾਰ ਨੇ ਕੁਦਰਤੀ ਚੀਜ਼ਾਂ ਨੂੰ 'ਪ੍ਰੋਡਕਟ' ਬਣਾ ਦਿੱਤਾ ਹੈ। ਕੁਦਰਤ ਵਲੋਂ ਸਾਡੇ ਲਈ ਪੈਦਾ ਕੀਤੇ- ਪਾਣੀ, ਦੁੱਧ, ਫਲ, ਅਨਾਜ ਆਦਿ ਹੁਣ ਕੰਪਨੀਆਂ ਦੇ ਪ੍ਰੋਡਕਟ ਬਣ ਗਏ ਹਨ। ਕਿਸਾਨ ਦੇ ਖੇਤ ਵਾਲੀ ਕਣਕ ਹੁਣ ਜਦੋਂ ਵਪਾਰੀ ਦੇ ਹੱਥ 'ਚੋਂ ਨਿਕਲ ਕੇ ਬਾਜ਼ਾਰ ਵਿਚ ਵਿਕਦੀ ਹੈ ਤਾਂ 'ਪ੍ਰੋਡਕਟ' ਹੋ ਜਾਂਦੀ ਹੈ। ਬਾਜ਼ਾਰ ਸਾਡੀ ਲੋੜ ਤੋਂ ਮੋਟੀਆਂ ਕਮਾਈਆਂ ਕਰਦਾ ਹੈ, ਜਿਵੇਂ ਸਾਡੇ ਮੁਹਾਵਰੇ ਸੀ ਕਿ 'ਪਾਣੀ ਕਿਹੜਾ ਮੁੱਲ ਵਿਕਦਾ', ਇਹ ਪਾਣੀ ਹੁਣ ਪ੍ਰੋਡਕਟ ਹੀ ਨਹੀਂ ਬਣਿਆ ਸਗੋਂ ਪਾਣੀ ਦਾ ਕਾਰੋਬਾਰ ਬਹੁਤ ਵੱਡੀ ਸਨਅਤ ਬਣ ਗਿਆ ਹੈ। ਵੱਡੇ-ਵੱਡੇ ਮਾਲਜ਼ ਵਿਚ ਹੁਣ ਸੁਆਹ ਪੈਕਟਾਂ 'ਚ ਵਿਕਣ ਲੱਗ ਪਈ ਹੈ। ਸੰਸਾਰ ਵਿਚ ਫੈਲ ਰਹੇ ਵਸਤਾਂ ਦੇ ਜੰਗਲ ਦੀ ਇਸ਼ਤਿਹਾਰਬਾਜ਼ੀ ਨੇ ਮਨੁੱਖ ਅੰਦਰ ਵਸਤਾਂ ਲਈ ਲਾਲਸਾ ਇਨੀ ਵਧਾ ਦਿੱਤੀ ਹੈ ਕਿ ਅਸੀਂ ਵਸਤਾਂ ਲਈ ਜਿਊਣ ਲੱਗ ਪਏ ਹਾਂ। ਮਨੁੱਖ ਵਸਤਾਂ ਦੀ ਬਹੁਲਤਾ 'ਚੋਂ ਸੁੱਖਾਂ ਦੀ ਤਲਾਸ਼ ਕਰਨ ਲੱਗ ਪਿਆ ਹੈ, ਜਦਕਿ ਵਧੇਰੇ ਵਸਤਾਂ ਮਨੁੱਖ ਦੀ ਪ੍ਰੇਸ਼ਾਨੀ ਨੂੰ ਵਧਾ ਰਹੀਆਂ ਹਨ। ਇੰਟਰਨੈੱਟ ਅਤੇ ਏ.ਆਈ. ਦੇ ਦੌਰ ਵਿਚ ਸਾਡੇ ਕੋਲ ਸੂਚਨਾਵਾਂ ਤੇ ਜਾਣਕਾਰੀਆਂ ਦਾ ਹੜ੍ਹ ਆ ਗਿਆ ਹੈ, ਇਸ ਹੜ੍ਹ ਦਾ ਆਕਾਰ ਦਿਨੋ-ਦਿਨ ਵਧ ਕੇ ਸਾਡੇ ਮਨ 'ਤੇ ਆਪਣਾ ਪ੍ਰਭਾਵ ਵਧਾ ਰਿਹਾ ਹੈ। ਮਨੁੱਖ ਨੂੰ ਕੀ ਹੋਣਾ ਜਾਂ ਬਣਨਾ ਚਾਹੀਦਾ ਹੈ? ਇਸ ਸਵਾਲ ਦੀ ਹੋਂਦ ਹੀ ਬੰਦੇ ਅੰਦਰੋਂ ਮਨਫ਼ੀ ਹੁੰਦੀ ਜਾ ਰਹੀ ਹੈ। ਆਲੇ ਦੁਆਲੇ ਵਾਪਰਦੇ ਵਰਤਾਰਿਆਂ ਤੋਂ ਬੰਦੇ ਨੂੰ ਪਤਾ ਹੀ ਨਹੀਂ ਚੱਲਦਾ ਕਿ ਸਾਨੂੰ ਆਪਣੀ ਜ਼ਿੰਦਗੀ ਦਾ ਕੋਈ ਮਕਸਦ ਬਣਾਉਣ ਦੀ ਲੋੜ ਹੁੰਦੀ ਹੈ। ਇਸ ਮਕਸਦ ਲਈ ਬੰਦੇ ਨੂੰ ਨਿਰੰਤਰ ਸਾਲਾਂ ਬੱਧੀ ਮਿਹਨਤ ਕਰਨੀ ਪੈਂਦੀ ਹੈ। ਪਰ ਸਾਡੇ ਆਲੇ ਦੁਆਲੇ ਤੇਜ਼ੀ ਨਾਲ ਇੰਨਾ ਕੁਝ ਵਾਪਰ ਰਿਹਾ ਹੈ ਕਿ ਸਾਨੂੰ ਆਪਣੀ ਰਾਇ ਬਣਾਉਣ ਲਈ ਘੰਟਿਆ ਬੱਧੀ ਮੋਬਾਈਲ ਦੀ ਸਕਰੀਨ 'ਤੇ ਉਂਗਲਾਂ ਮਾਰਕੇ ਫਜ਼ੂਲ ਦੀਆਂ ਰੁੜੀਆਂ ਨੂੰ ਫਰੋਲਣਾ ਪੈਂਦਾ ਹੈ, ਭਾਵੇਂ ਉਨ੍ਹਾਂ ਗੱਲਾਂ ਦਾ ਸਾਡੇ ਜੀਵਨ ਨਾਲ ਕੋਈ ਵਾਸਤਾ ਵੀ ਨਹੀਂ ਹੁੰਦਾ। ਅਸੀਂ ਛੋਟੀਆਂ-ਛੋਟੀਆਂ ਵਕਤੀ ਜਾਣਕਾਰੀਆਂ, ਸੂਚਨਾਵਾਂ ਤੇ ਖ਼ਬਰਾਂ ਬਾਰੇ ਜਾਣ ਕੇ ਇਨ੍ਹਾਂ ਲਈ ਖੁਸ਼ ਜਾਂ ਦੁਖੀ ਹੋਣ ਦੇ ਭਾਵ 'ਚ ਗੁਆਚਦੇ ਤੇ ਇਸ ਤੋਂ ਉੱਭਰਦੇ ਰਹਿੰਦੇ ਹਾਂ। ਕੁਝ ਸਮਾਂ ਮੋਬਾਈਲ ਦੀ ਸਕਰੀਨ 'ਤੇ ਵੇਖਣ ਦੌਰਾਨ ਕਿਸੇ ਨਾ ਕਿਸੇ ਪ੍ਰੋਡਕਟ ਦੀ ਮਸ਼ਹੂਰੀ ਸਾਡੇ ਸਾਹਮਣੇ ਖੁੱਲ੍ਹ ਜਾਂਦੀ ਹੈ, ਮੋਬਾਈਲ ਐਪਾਂ ਤੋਂ ਲੈ ਕੇ ਛੋਟੀਆਂ-ਵੱਡੀਆਂ ਹਰ ਤਰ੍ਹਾਂ ਦੀਆਂ ਵਸਤਾਂ ਆਨਲਾਈਨ ਵਿਕਣ ਲਈ ਸਾਨੂੰ ਉਤਸ਼ਾਹਿਤ ਕਰਨ ਲੱਗਦੀਆਂ ਹਨ। ਅਸੀਂ ਉਸ ਅਜੀਬ ਸਥਿਤੀ ਵਿਚ ਹਾਂ ਜਿੱਥੇ ਕੁਝ ਸਹੂਲਤਾਂ ਵੀ ਸਾਡੇ ਲਈ ਅਜਾਬ ਬਣਨ ਲੱਗ ਪਈਆਂ ਹਨ। ਦੁਨੀਆ ਵਿਚ ਨਸ਼ਾ ਛਡਾਉਣ ਵਾਂਗ ਮੋਬਾਈਲ ਐਡਿਕਸ਼ਨ ਸੈਂਟਰ' ਵੀ ਖੁੱਲ੍ਹਣ ਲੱਗੇ ਹਨ। ਜ਼ਿਕਰਯੋਗ ਹੈ ਕਿ ਜਦੋਂ ਅਸੀਂ ਚੀਜ਼ ਦੀ ਆਪਣੇ ਮਨ ਨੂੰ ਆਦਤ ਪਾ ਲੈਂਦੇ ਹਾਂ ਫਿਰ ਸਾਡਾ ਮਨ ਉਸ ਲਈ ਬੇਚੈਨ ਰਹਿਣ ਲਗਦਾ ਹੈ। ਰੈਡੀਮੇਡ ਵਸਤਾਂ ਦੇ ਇਸ ਦੌਰ ਵਿਚ ਬੰਦਾ ਕਲਾ ਤੇ ਸਿਰਜਣਾ ਤੋਂ ਦੂਰ ਹੁੰਦਾ ਜਾ ਰਿਹਾ ਹੈ।



ਸਿਰਜਣਾਤਮਿਕ ਸ਼ਕਤੀ ਅਜਿਹੀ ਤਰਜੀਹ ਹੁੰਦੀ ਹੈ ਜੋ ਮਨੁੱਖ ਨੂੰ ਇਕ ਚੰਗਾ ਮਨੁੱਖ ਬਣਾਉਣ ਵਿਚ ਵੱਡੀ ਭੂਮਿਕਾ ਅਦਾ ਕਰਦੀ ਹੈ, ਪਰ ਅਸੀਂ ਵਕਤੀ ਖੁਸ਼ੀਆਂ ਤੇ ਵਸਤਾਂ ਦੇ ਜੰਗਲ ਵਿਚ ਭਟਕ ਕੇ ਸਿਰਜਣਾਤਮਿਕ ਅਤੇ ਕਲਾਤਮਿਕ ਰੁਚੀਆਂ ਤੋਂ ਵਿਰਵੇ ਹੋ ਰਹੇ ਹਾਂ। ਬੇਸ਼ੱਕ ਇੰਟਰਨੈੱਟ ਦੀ ਦੁਨੀਆਂ ਨੇ ਤਰੱਕੀ ਤੇ ਵਿਕਾਸ ਦੇ ਰਾਹ ਮੋਕਲੇ ਕੀਤੇ ਹਨ, ਦਿਨਾਂ ਦੇ ਕੰਮ ਮਿੰਟਾਂ ਵਿਚ ਹੋਣ ਲੱਗੇ ਹਨ, ਪਰ ਇਸ ਨਾਲ ਮਨੁੱਖ ਦੀ ਸਰੀਰਕ ਸਰਗਰਮੀ ਵੀ ਘੱਟ ਹੋਈ ਹੈ। ਇਕ ਡਾਕਟਰ ਕੋਲ ਇਕ ਮਰੀਜ਼ ਆਇਆ, ਜੋ ਹਰ ਸਮੇਂ ਮੋਬਾਈਲ 'ਤੇ ਰੀਲ੍ਹਾਂ ਦੇਖਦਾ ਰਹਿੰਦਾ ਸੀ। ਉਹ ਬੈੱਡ 'ਤੇ ਬੈਠਾ ਹੀ ਚਾਹ-ਪਾਣੀ, ਰੋਟੀ ਖਾਣ ਲੱਗਾ ਅਤੇ ਕੁਝ ਸਮੇਂ ਬਾਅਦ ਮਾਨਸਿਕ ਰੋਗੀ ਹੋ ਕੇ ਇਕੱਲਾ ਗੱਲਾਂ ਕਰਨ ਲੱਗ ਪਿਆ। ਉਸ ਨੂੰ ਰਾਤ ਨੂੰ ਨੀਂਦ ਆਉਣੋਂ ਹਟ ਗਈ ਅਤੇ ਉਹ ਗੱਲ-ਗੱਲ 'ਤੇ ਹਿੰਸਕ ਹੋਣ ਲੱਗ ਪਿਆ। ਜਦੋਂ ਡਾਕਟਰ ਨੇ ਮਰੀਜ਼

**ਗੁਰਚਰਨ ਸਿੰਘ ਨੂਰਪੁਰ**

ਦੀ ਹਿਸਟਰੀ ਜਾਣਨ ਲਈ ਉਸ ਦੀ ਮਾਂ ਤੋਂ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਇਹ ਲੜਕਾ ਸਾਡੇ ਵਿਆਹ ਤੋਂ 5 ਸਾਲ ਮਗਰੋਂ ਪੈਦਾ ਹੋਣ ਕਰਕੇ ਇਸ ਨੂੰ ਅਸੀਂ ਬੜੇ ਲਾਡਾਂ ਨਾਲ ਪਾਲਿਆ ਹੈ। ਉਨ੍ਹਾਂ ਦਾ ਦੂਜਾ ਲੜਕਾ ਇਸ ਤੋਂ ਡੇਢ ਸਾਲ ਬਾਅਦ ਪੈਦਾ ਹੋਇਆ ਸੀ, ਉਹ ਸਾਰਾ ਦਿਨ ਖੇਤਾਂ ਵਿਚ ਕੰਮ ਕਰਦਾ ਹੈ ਤੇ ਬਿਲਕੁਲ ਤੰਦਰੁਸਤ ਹੈ। ਇਸ ਉਦਾਹਰਨ ਤੋਂ ਦੋ ਗੱਲਾਂ ਪਤਾ ਲਗਦੀਆਂ ਹਨ- ਮਾਪਿਆਂ ਵਲੋਂ ਹੱਦੋਂ ਵੱਧ ਕੀਤਾ ਲਾਡ ਪਿਆਰ ਵੀ ਇਕ ਤਰ੍ਹਾਂ ਨਾਲ ਬੱਚੇ ਦੀ ਸ਼ਖ਼ਸੀਅਤ ਨੂੰ ਬੌਣਾ ਬਣਾ ਦਿੰਦਾ ਹੈ। ਦੂਜੇ ਕੰਮ ਕਰਨ ਨਾਲ ਅਸੀਂ ਸਰੀਰਕ ਤੇ ਮਾਨਸਿਕ ਪੱਖੋਂ ਤੰਦਰੁਸਤ ਰਹਿੰਦੇ ਹਾਂ ਕਿਰਤ ਸਾਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਤਕੜਾ ਰੱਖਦੀ ਹੈ।

ਇਸ ਦੌਰ ਵਿਚ ਵਸਤਾਂ ਦਾ ਇਨਾ ਵੱਡਾ ਬਾਜ਼ਾਰ ਸਾਡੇ ਆਲੇ-ਦੁਆਲੇ ਨਹੀਂ ਹੁੰਦਾ, ਜਿੰਨਾ ਵਿਸ਼ਾਲ ਬਾਜ਼ਾਰ ਸਾਡੇ ਮੋਬਾਈਲ ਦੀ ਸਕਰੀਨ 'ਤੇ ਖੁੱਲ੍ਹਦਾ ਹੈ ਅਤੇ ਇਸ ਬਾਜ਼ਾਰ ਚੋਂ ਅਸੀਂ ਦੁਨੀਆ ਭਰ 'ਚੋਂ ਕੋਈ ਵੀ ਵਸਤ ਖਰੀਦ ਸਕਦੇ ਹਾਂ। ਹੁਣ ਖਰੀਦਦਾਰੀ ਨੂੰ ਉਤਸ਼ਾਹਿਤ ਕਰਨ ਲਈ ਸਾਨੂੰ ਕਿਹਾ ਜਾ ਰਿਹਾ ਹੈ 'ਜ਼ਿਆਦਾ ਖਰੀਦੋ ਜ਼ਿਆਦਾ ਬਚਾਓ।' ਆਪਣੀ ਲੋੜ ਅਨੁਸਾਰ ਚੀਜ਼ਾਂ ਖਰੀਦਣਾ ਗ਼ਲਤ ਨਹੀਂ, ਪਰ ਹੁਣ ਹਾਲਾਤ ਅਜਿਹੇ ਹਨ ਕਿ ਬਾਜ਼ਾਰ ਨੇ ਸਾਨੂੰ ਆਪਣੀਆਂ ਤਰਜੀਹਾਂ ਅਨੁਸਾਰ ਚਲਾ ਕੇ ਖ਼ਰੀਦੋ-ਫਰੋਖ਼ਤ ਦੀ ਲੋੜ ਨੂੰ ਸ਼ਾਪਿੰਗ ਦੇ ਸ਼ੌਕ ਵਿਚ ਤਬਦੀਲ ਕਰ ਦਿੱਤਾ ਹੈ। ਨੌਜਵਾਨ ਪੀੜ੍ਹੀ ਤਾਂ ਆਪਣੇ ਰੁੱਸੇ ਸੰਗੀ ਸਾਥੀ ਨੂੰ ਸ਼ਾਪਿੰਗ ਕਰਵਾ ਕੇ ਮਨਾਉਣ ਲੱਗ ਪਈ ਹੈ। ਸ਼ਾਇਦ ਪਾਠਕਾਂ ਲਈ ਇਹ ਗੱਲ ਹੈਰਾਨੀਜਨਕ ਹੋਵੇ ਪਰ ਖ਼ਰੀਦੋ-ਫਰੋਖ਼ਤ ਕਰਨ ਦਾ ਝੱਲ ਇਕ ਮਾਨਸਿਕ ਬਿਮਾਰੀ ਹੁੰਦੀ ਹੈ, ਜਿਸ ਨੂੰ 'ਕੰਪਲਸਿਵ ਬਾਇੰਗ ਡਿਸਆਰਡਰ ਜਾਂ ਓਨੀਓਮਾਨੀਆ' ਕਿਹਾ ਜਾਂਦਾ ਹੈ। ਇਸ ਬਿਮਾਰੀ ਤੋਂ ਪੀੜਤ ਵਿਅਕਤੀ ਸਮਾਜਿਕ ਦਬਾਅ, ਮਨੋਵਿਗਿਆਨਕ ਤਣਾਅ ਤੇ ਵਸਤਾਂ ਦੀ ਭਟਕਣਾ ਵਿਚ ਗੁਆਚਿਆ ਵੱਧ ਤੋਂ ਵੱਧ ਵਸਤਾਂ ਖਰੀਦਣ ਦੇ ਜਨੂੰਨ ਦਾ ਸ਼ਿਕਾਰ ਹੋ ਜਾਂਦਾ ਹੈ। ਆਨਲਾਈਨ ਸ਼ਾਪਿੰਗ ਦੇ ਇਸ ਦੌਰ ਵਿਚ ਸਾਡੇ ਬੱਚੇ ਖਾਸ ਕਰਕੇ ਨੌਜਵਾਨ ਇਸ ਮਾਨਸਿਕ ਵਿਕਾਰ ਦੇ ਸ਼ਿਕਾਰ ਹੋ ਰਹੇ ਹਨ। ਇਸ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਸਕ੍ਰੀਨ 'ਤੇ ਦਿਸਣ ਵਾਲੀ ਹਰ ਚੀਜ਼ ਹੁਣ ਸਾਡੇ ਤੋਂ ਸਿਰਫ਼ ਇਕ 'ਕਲਿੱਕ' ਦੂਰ ਹੁੰਦੀ ਹੈ। ਮਨ ਦਾ ਆਕਰਸ਼ਣ ਵਸਤ ਦੀ ਜ਼ਰੂਰਤ ਜਾਂ ਨਫੇ ਨੁਕਸਾਨ ਬਾਰੇ ਬਹੁਤੀ ਸੋਚ-ਵਿਚਾਰ ਨਹੀਂ ਕਰਦਾ।

ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਵਸਤਾਂ ਦੀ ਬਹੁਲਤਾ ਤੋਂ ਸੱਚੀ ਖੁਸ਼ੀ ਨਹੀਂ ਲੱਭੀ ਜਾ ਸਕਦੀ ਕਿਉਂਕਿ ਖੁਸ਼ੀ ਦਾ ਸੰਬੰਧ ਤਾਂ ਸਾਡੇ ਧੁਰ ਅੰਦਰਲੀ ਸਹਿਜ ਸਬਰ ਵਾਲੀ ਮਾਨਸਿਕ ਅਵਸਥਾ ਨਾਲ ਹੁੰਦਾ ਹੈ। ਅਸੀਂ ਮਨ ਦੇ ਜਿਸ ਖੱਪੇ ਨੂੰ ਕਿਸੇ ਚੀਜ਼ ਨਾਲ ਭਰਨ ਦੀ ਕੋਸ਼ਿਸ਼ ਕਰਦੇ ਹਾਂ ਸਾਡਾ ਮਨ ਅਗਲੇ ਹੀ ਪਲ ਉਸ ਖੱਪੇ ਨੂੰ ਹੋਰ ਵੱਡਾ ਕਰ ਲੈਂਦਾ ਹੈ। ਵਸਤਾਂ ਦਾ ਝੱਲ ਸਮਾਜ ਵਿਚ ਭ੍ਰਿਸ਼ਟਾਚਾਰ ਪੈਦਾ ਕਰਨ ਦਾ ਜ਼ਰੀਆ ਬਣਦਾ ਹੈ। ਦਰਅਸਲ ਮਹਿੰਗੀਆਂ ਘੜੀਆਂ, ਵੰਨ-ਸੁਵੰਨੇ ਸੋਨੇ ਦੇ ਗਹਿਣੇ ਜਾਂ ਹੋਰ ਮਹਿੰਗੀਆਂ ਚੀਜ਼ਾਂ ਦਾ ਵਿਖਾਵਾ ਕਰ ਕੇ ਮਨੁੱਖ ਆਪਣੇ ਮਨ ਅੰਦਰਲੇ ਖਾਲੀਪਣ ਨੂੰ ਭਰਨ ਦੀ ਵਿਅਰਥ ਕੋਸ਼ਿਸ਼ ਕਰਦਾ ਹੈ। ਵਿਖਾਵਾ ਕਰ ਕੇ ਆਪਣੀ ਭੱਲ ਬਣਾਉਣ ਦਾ ਸ਼ੌਕ ਬਹੁਤ ਮਹਿੰਗਾ ਪੈਂਦਾ ਹੈ, ਕਿਉਂਕਿ ਲੋਕਾਂ ਨੂੰ ਲਗਾਤਾਰ ਅਮੀਰ ਦਿਸਣ ਲਈ ਵਸਤਾਂ ਦਾ ਵਿਖਾਵਾ ਕਰਦੇ ਰਹਿਣਾ ਪੈਂਦਾ ਹੈ। ਜੇਕਰ ਅਸੀਂ ਇਕ ਛੋਟੀ ਤੋਂ ਛੋਟੀ ਚੀਜ਼ ਵੀ ਬੇਲੋੜੀ ਪੈਦਾ ਕਰਦੇ ਹਾਂ ਤਾਂ ਇਸ ਦਾ ਸਾਡੇ ਵਾਤਾਵਰਨ ਨਾਲ ਸਿੱਧਾ ਸੰਬੰਧ ਜੁੜਦਾ ਹੈ, ਕਿਉਂਕਿ ਵਾਤਾਵਰਨ 'ਚੋਂ ਕੁਝ ਨਸ਼ਟ ਕਰਕੇ ਹੀ ਕੋਈ ਹੋਰ ਵਸਤੂ ਹੋਂਦ ਵਿਚ ਆਉਂਦੀ ਹੈ। ਇਸ ਲਈ ਬੇਲੋੜੀਆਂ ਵਸਤਾਂ ਸਾਨੂੰ ਕਦੇ ਵੀ ਚੈਨ ਸਕੂਨ ਨਹੀਂ ਦੇ ਸਕਦੀਆਂ। ਜੇਕਰ ਇਨ੍ਹਾਂ ਨਾਲ ਸਾਨੂੰ ਚੈਨ ਸਕੂਨ ਮਿਲੇਗਾ ਵੀ ਤਾਂ ਇਹ ਵਕਤੀ ਹੀ ਹੋਵੇਗਾ ਅਤੇ ਜਲਦੀ ਹੀ ਮਨ ਇਸ ਵਕਤੀ ਖੁਸ਼ੀ ਤੋਂ ਉਚਾਟ ਹੋ ਜਾਵੇਗਾ।

ਅੱਜ ਦਾ ਬਾਜ਼ਾਰੂ ਦੌਰ ਮਨੁੱਖ ਨੂੰ ਮਾਨਵੀ ਕਦਰਾਂ-ਕੀਮਤਾਂ ਤੋਂ ਵਿਰਵਾ ਕਰ ਕੇ ਸਿਰਫ਼ ਵਸਤਾਂ 'ਚੋਂ ਖੁਸ਼ੀ ਲੱਭਣ ਲਈ ਪ੍ਰੇਰ ਰਿਹਾ ਹੈ। ਇਹ ਵੇਖਿਆ ਗਿਆ ਹੈ, ਜੋ ਲੋਕ ਨਿੱਕੇ-ਨਿੱਕੇ ਲਾਲਚਾਂ ਤੇ ਵਕਤੀ ਸੁਖਾਂ ਦੀ ਲਾਲਸਾ ਰੱਖਦੇ ਹਨ, ਉਹ ਜੀਵਨ ਦੀ ਮਹਾਨਤਾ ਤੇ ਅਨੰਦ ਤੋਂ ਵਾਂਝੇ ਰਹਿ ਜਾਂਦੇ ਹਨ। ਕੁਦਰਤ ਦੇ ਇਸ ਪਸਾਰੇ ਵਿਚ ਅਸੀਂ ਕੁਦਰਤ ਨਾਲ ਇੱਕਮਿਕਤਾ ਬਣਾ ਕੇ ਸ਼ਾਂਤ ਤੇ ਅਨੰਦਮਈ ਜੀਵਨ ਬਤੀਤ ਕਰ ਸਕਦੇ ਹਾਂ। ਸਾਨੂੰ ਚਾਹੀਦਾ ਹੈ ਕਿ ਅਸੀਂ ਸਰਬੱਤ ਦੇ ਭਲੇ ਲਈ ਯਤਨਸ਼ੀਲ ਹੋਈਏ। ਫੋਕੀ ਵਿਖਾਵੇਬਾਜ਼ੀ ਨੂੰ ਤਿਆਗ ਕੇ ਸਹਿਜ, ਸਬਰ ਤੇ ਸ਼ਾਂਤ ਵਾਤਾਵਰਨ ਨਾਲ ਮਨ ਦੀ ਅਵਸਥਾ ਨੂੰ ਤੰਦਰੁਸਤ ਰੱਖਣ ਲਈ ਯਤਨਸ਼ੀਲ ਹੋਈਏ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਕਥਾ ਸਮਾਗਮ

## ਅਮਰੀਕਾ

### ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

1050 S Graham RD. Greenwood, Indiana 46143

27 ਨਵੰਬਰ (ਵੀਰਵਾਰ): ਸ਼ਾਮ 7:00 ਤੋਂ 8:00 ਵਜੇ ਤੱਕ

28 ਨਵੰਬਰ (ਸ਼ੁੱਕਰਵਾਰ): ਸ਼ਾਮ 6:40 ਤੋਂ 7:40 ਵਜੇ ਤੱਕ

### ਗੁਰਦੁਆਰਾ ਸਾਹਿਬ ਸਿੱਖ ਰਿਲੀਜੀਅਸ ਸੁਸਾਇਟੀ

Crown Point Indiana

28 ਨਵੰਬਰ (ਸ਼ੁੱਕਰਵਾਰ): ਦੁਪਹਿਰ 12:00 ਤੋਂ 1:00 ਵਜੇ ਤੱਕ

### ਗੁਰਦੁਆਰਾ ਸੰਤ ਸਾਗਰ ਅਤੇ ਆਲ ਗੁਰਦੁਆਰਾ ਕਮੇਟੀ

Alley Pond Park 79-20 Winchester BLVD, Queens Village

29 ਨਵੰਬਰ (ਸ਼ਨੀਵਾਰ): ਦੁਪਹਿਰ 12:45 ਤੋਂ 01:15 ਵਜੇ ਤੱਕ

### ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਸਾਹਿਬ ਪੈਲਾਟਾਈਨ

1280 Winnetka Street, Palatine, IL 60067

29 ਨਵੰਬਰ (ਸ਼ਨੀਵਾਰ): ਸ਼ਾਮ 7:20 ਤੋਂ 8:20 ਵਜੇ ਤੱਕ

30 ਨਵੰਬਰ (ਐਤਵਾਰ): ਸਵੇਰੇ 11:45 ਤੋਂ ਦੁਪਹਿਰ 1:05 ਵਜੇ ਤੱਕ

## ਕੈਨੇਡਾ



### ਗੁਰਦੁਆਰਾ ਨਾਨਕਸਰ

64 Timebelane Dr. Bromption, ON

01 ਦਸੰਬਰ (ਸੋਮਵਾਰ): ਸ਼ਾਮ 7:45 ਤੋਂ 8:30 ਵਜੇ ਤੱਕ

## ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ

ਹੈਡ ਗ੍ਰੰਥੀ. ਗੁਰਦੁਆਰਾ ਬੰਗਲਾ ਸਾਹਿਬ ਦਿੱਲੀ

+917-957-1313 (ਯੂ.ਐਸ.ਏ.) ਵਾਟਸਐਪ : +91 93137 51313

Giani Ranjit Singh Head Granthi Gurdwara Bangla Sahib

Head Granthi Ranjit Singh Bangla Sahib

s_sranjitsingh1313_official

# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# 26/11 ਮੁੰਬਈ ਹਮਲੇ ਦੇ 17 ਸਾਲ : 10 ਅੱਤਵਾਦੀ, ਤਾਬੜਤੋੜ ਫਾਇਰਿੰਗ, 166 ਮੌਤਾਂ




26 ਨਵੰਬਰ ਭਾਰਤ ਦੇ ਇਤਿਹਾਸ ਵਿੱਚ ਇੱਕ ਨਾ ਭੁੱਲਣ ਵਾਲਾ ਦਿਨ ਹੈ। ਇਹ ਖ਼ਾਸ ਇਸ ਲਈ ਹੈ, ਕਿਉਂਕਿ ਅੱਜ ਦਾ ਦਿਨ ਸੰਵਿਧਾਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਤਰੀਖ਼ ਨਾਲ ਇੱਕ ਕਾਲਾ ਦਿਨ ਵੀ ਜੁੜਿਆ ਹੋਇਆ ਹੈ, ਜਿਸ ਨੂੰ ਕੋਈ ਭੁੱਲ ਨਹੀਂ ਸਕਦਾ। ਅੱਜ ਮਹਾਰਾਸ਼ਟਰ ਦੀ ਰਾਜਧਾਨੀ ਮੁੰਬਈ 'ਚ 26/11 ਨੂੰ ਹੋਏ ਅੱਤਵਾਦੀ ਹਮਲੇ ਨੂੰ 17 ਸਾਲ ਹੋ ਗਏ। ਇਸ ਅੱਤਵਾਦੀ ਹਮਲੇ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਹ ਸਭ ਤੋਂ ਵੱਡੇ ਅੱਤਵਾਦੀ ਹਮਲਿਆਂ ਵਿੱਚੋਂ ਇੱਕ ਸੀ। ਪਾਕਿਸਤਾਨ ਤੋਂ ਇੱਕ ਕਿਸ਼ਤੀ ਵਿੱਚ ਆਏ ਲਸ਼ਕਰ-ਏ-ਤੋਇਬਾ ਦੇ 10 ਅੱਤਵਾਦੀਆਂ ਨੇ ਮਾਇਆਨਗਰੀ ਨੂੰ ਕਰੀਬ 60 ਘੰਟਿਆਂ ਤੱਕ ਬੰਧਕ ਬਣਾਇਆ ਹੋਇਆ ਸੀ। ਇਸ ਵਿੱਚ 18 ਸੁਰੱਖਿਆ ਕਰਮਚਾਰੀਆਂ ਸਮੇਤ ਕਰੀਬ 166 ਲੋਕਾਂ ਦੀ ਜਾਨ ਚਲੀ ਗਈ। ਇਸ ਦੇ ਨਾਲ ਹੀ 300 ਤੋਂ ਵੱਧ ਲੋਕ ਜ਼ਖਮੀ ਹੋ ਗਏ। ਇਸ ਹਮਲੇ ਦੌਰਾਨ ਇਕ ਅੱਤਵਾਦੀ ਅਜਮਲ ਕਸਾਬ ਨੂੰ ਜ਼ਿੰਦਾ ਫੜ ਲਿਆ ਗਿਆ ਸੀ।

**ਸਮੁੰਦਰੀ ਰਸਤੇ ਤੋਂ ਮੁੰਬਈ ਪਹੁੰਚੇ ਸਨ ਅੱਤਵਾਦੀ** : ਲਸ਼ਕਰ-ਏ-ਤੋਇਬਾ ਦੁਆਰਾ ਸਿਖਲਾਈ ਪ੍ਰਾਪਤ 10 ਅੱਤਵਾਦੀ ਪਾਕਿਸਤਾਨ ਦੇ ਕਰਾਚੀ ਤੋਂ ਅਲ ਹੁਸੈਨੀ ਦੀ ਇੱਕ ਵੱਡੀ ਕਿਸ਼ਤੀ ਵਿੱਚ ਸਵਾਰ ਹੋ ਕੇ ਭਾਰਤ ਲਈ ਰਵਾਨਾ ਹੋਏ ਸਨ। ਇਹ ਪੂਰੀ ਯਾਤਰਾ ਸਮੁੰਦਰੀ ਰਸਤੇ ਤੋਂ ਕੀਤੀ ਗਈ ਤਾਂ ਜੋ ਸੁਰੱਖਿਆ ਬਲਾਂ ਨੂੰ ਚਕਮਾ ਦਿੱਤਾ ਜਾ ਸਕੇ। ਰਸਤੇ ਵਿੱਚ, ਅੱਤਵਾਦੀਆਂ ਨੇ ਭਾਰਤੀ ਮੱਛੀ ਫੜਨ ਵਾਲੀ ਕਿਸ਼ਤੀ ÷ਕੁਬੇਰ÷ ਨੂੰ ਹਾਈਜੈਕ ਕਰ ਲਿਆ। ਕਿਸ਼ਤੀ 'ਤੇ ਸਵਾਰ ਸਾਰੇ ਮਛੇਰਿਆਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਗਿਆ। ਇਸ ਦੌਰਾਨ ਉਹਨਾਂ ਨੇ ਸਿਰਫ਼ ਕੈਪਟਨ ਅਮਰ ਸਿੰਘ ਸੋਲੰਕੀ ਨੂੰ ਜ਼ਿੰਦਾ ਰੱਖਿਆ ਤਾਂ ਕਿ ਉਸ ਦੀ ਮਦਦ ਨਾਲ ਕਿਸ਼ਤੀ ਨੂੰ ਮੁੰਬਈ ਵੱਲ ਲਿਜਾਇਆ ਜਾ ਸਕੇ। ਮੰਜ਼ਿਲ 'ਤੇ ਪਹੁੰਚ ਕੇ ਉਹਨਾਂ ਨੇ ਕਪਤਾਨ ਨੂੰ ਵੀ ਮਾਰ ਦਿੱਤਾ।

**8 ਵਜੇ ਕੋਲਾਬਾ ਨੇੜੇ ਛੱਡੀ ਸੀ ਕਿਸ਼ਤੀ** : 26 ਨਵੰਬਰ 2008 ਨੂੰ ਰਾਤ ਕਰੀਬ 8 ਵਜੇ ਅੱਤਵਾਦੀ ਕੋਲਾਬਾ ਨੇੜੇ ਮੱਛੀ ਬਾਜ਼ਾਰ 'ਚ ਕਿਸ਼ਤੀ ਛੱਡ ਕੇ ਵੱਖ-ਵੱਖ ਗਰੁੱਪ ਬਣਾ ਕੇ ਸ਼ਹਿਰ 'ਚ ਦਾਖਲ ਹੋਏ। ਉਨ੍ਹਾਂ ਕੋਲ ਭਾਰੀ ਹਥਿਆਰ, ਗ੍ਰਨੇਡ ਅਤੇ ਨਕਸ਼ੇ ਸਨ, ਜਿਨ੍ਹਾਂ ਦੀ ਵਰਤੋਂ ਉਹਨਾਂ ਨੇ ਹਮਲੇ ਲਈ ਕੀਤੀ। ਸਥਾਨਕ ਮਛੇਰਿਆਂ ਨੇ ਅੱਤਵਾਦੀਆਂ ਨੂੰ ਕਿਸ਼ਤੀ ਤੋਂ ਉਤਰਦੇ ਦੇਖਿਆ ਅਤੇ ਉਨ੍ਹਾਂ ਨੇ ਸ਼ੱਕੀ ਗਤੀਵਿਧੀਆਂ 'ਤੇ ਸ਼ੱਕ ਕਰਦੇ ਹੋਏ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਪੁਲਸ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਇਸ ਲਾਪਰਵਾਹੀ ਨੇ ਅੱਤਵਾਦੀਆਂ ਨੂੰ ਸ਼ਹਿਰ ਵਿਚ ਦਾਖਲ ਹੋ ਕੇ ਹਮਲਾ ਕਰਨ ਦਾ ਮੌਕਾ ਦਿੱਤਾ।

**ਅੱਤਵਾਦੀਆਂ ਨੇ ਇਨ੍ਹਾਂ ਥਾਵਾਂ ਨੂੰ ਨਿਸ਼ਾਨਾ ਬਣਾਇਆ ਸੀ** : ਛਤਰਪਤੀ ਸ਼ਿਵਾਜੀ ਮਹਾਰਾਜ ਟਰਮਿਨਸ (CST): ਇੱਥੇ ਹੋਈ ਅੰਨ੍ਹੇਵਾਹ ਗੋਲੀਬਾਰੀ 'ਚ 58 ਲੋਕ ਮਾਰੇ ਗਏ ਅਤੇ 100 ਤੋਂ ਵੱਧ ਜ਼ਖ਼ਮੀ ਹੋ ਗਏ।

ਤਾਜ ਮਹਿਲ ਹੋਟਲ: ਇਸ ਹੋਟਲ 'ਤੇ ਹਮਲਾ 60 ਘੰਟੇ ਤੱਕ ਚੱਲਿਆ। ਤਾਜ ਹੋਟਲ ਵਿਚ ਕਈ ਸੈਲਾਨੀਆਂ ਅਤੇ ਕਰਮਚਾਰੀਆਂ ਨੂੰ ਬੰਧਕ ਬਣਾ ਲਿਆ ਗਿਆ ਸੀ। ਹੋਟਲ ਨੂੰ ਭਾਰੀ ਨੁਕਸਾਨ ਹੋਇਆ।

ਓਬਰਾਏ ਟਰਾਈਡੈਂਟ ਹੋਟਲ: ਇੱਥੇ ਵੀ ਬੰਧਕ ਵਾਲੀ ਸਥਿਤੀ ਬਣੀ ਹੋਈ ਸੀ। 30 ਤੋਂ ਵੱਧ ਲੋਕ ਮਾਰੇ ਗਏ ਸਨ। ਜਦੋਂ ਹਮਲਾ ਹੋਇਆ ਤਾਂ ਤਾਜ 'ਚ 450 ਅਤੇ ਓਬੇਰਾਏ 'ਚ 380 ਮਹਿਮਾਨ ਮੌਜੂਦ ਸਨ।

ਨਰੀਮਨ ਹਾਊਸ (ਯਹੂਦੀ ਕੇਂਦਰ): ਇਸ ਸਥਾਨ 'ਤੇ ਯਹੂਦੀ ਪਰਿਵਾਰਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਬੰਧਕ ਬਣਾਇਆ ਗਿਆ ਸੀ। NSG ਕਮਾਂਡੋ ਆਪਰੇਸ਼ਨ ਦੌਰਾਨ ਅੱਤਵਾਦੀਆਂ ਨੂੰ ਮਾਰ ਦਿੱਤਾ ਗਿਆ ਪਰ 6 ਬੰਧਕਾਂ ਦੀ ਜਾਨ ਨਹੀਂ ਬਚਾਈ ਜਾ ਸਕੀ।

ਲਿਓਪੋਲਡ ਕੈਫੇ: ਇਸ ਮਸ਼ਹੂਰ ਕੈਫੇ 'ਤੇ ਅੱਤਵਾਦੀਆਂ ਨੇ ਗੋਲੀਬਾਰੀ ਕੀਤੀ। 10 ਲੋਕ ਮਾਰੇ ਗਏ ਸਨ।

**ਕਾਮਾ ਹਸਪਤਾਲ**: ਅੱਤਵਾਦੀਆਂ ਨੇ ਹਸਪਤਾਲ 'ਤੇ ਹਮਲਾ ਕੀਤਾ ਪਰ ਡਾਕਟਰਾਂ ਅਤੇ ਮਰੀਜ਼ਾਂ ਨੇ ਹਿੰਮਤ ਦਿਖਾਈ।

**10 ਵਜੇ ਵਿਲੇ ਪਾਰਲੇ 'ਚ ਦੋ ਟੈਕਸੀਆਂ ਨੂੰ ਉਡਾ ਦਿੱਤਾ** : ਰਾਤ ਨੂੰ 10:30 ਵਜੇ ਖਬਰ ਆਈ ਕਿ ਵਿਲੇ ਪਾਰਲੇ ਇਲਾਕੇ 'ਚ ਇਕ ਟੈਕਸੀ ਨੂੰ ਬੰਬ ਨਾਲ ਉਡਾ ਦਿੱਤਾ ਗਿਆ, ਜਿਸ ਵਿਚ ਡਰਾਈਵਰ ਅਤੇ ਇਕ ਯਾਤਰੀ ਮਾਰਿਆ ਗਿਆ, ਤਾਂ ਇਸ ਤੋਂ ਕਰੀਬ 15-20 ਮਿੰਟ ਪਹਿਲਾਂ ਬੋਰੀਬੰਦਰ ਤੋਂ ਵੀ ਇਸੇ ਤਰ੍ਹਾਂ ਦੇ ਧਮਾਕੇ ਦੀ ਖਬਰ ਮਿਲੀ ਸੀ, ਜਿਸ ਵਿਚ ਇਕ ਟੈਕਸੀ ਡਰਾਈਵਰ ਅਤੇ ਦੋ ਯਾਤਰੀਆਂ ਦੀ ਮੌਤ ਹੋਣ ਦੀ ਜਾਣਕਾਰੀ ਮਿਲੀ ਸੀ। ਇਨ੍ਹਾਂ ਹਮਲਿਆਂ 'ਚ ਕਰੀਬ 15 ਲੋਕ ਜ਼ਖਮੀ ਵੀ ਹੋਏ ਸਨ।

**3 ਦਿਨਾਂ ਤਕ ਚੱਲੀ ਸੀ ਸੁਰੱਖਿਆ ਫੋਰਸ ਦੀ ਕਾਰਵਾਈ** : ਸੁਰੱਖਿਆ ਫੋਰਸਾਂ ਅਤੇ ਅੱਤਵਾਦੀਆਂ ਵਿਚਾਲੇ ਤਿੰਨ ਦਿਨਾਂ ਤਕ ਮੁਕਾਬਲੇਬਾਜ਼ੀ ਚਲਦੀ ਰਹੀ ਸੀ। ਅੱਤਵਾਦੀਆਂ ਨੇ ਉਸ ਰਾਤ ਮੁੰਬਈ ਦੇ ਕਈ ਮਸ਼ਹੂਰ ਸਥਾਨਾਂ ਨੂੰ ਨਿਸ਼ਾਨਾ ਬਣਾਇਆ। ਇਸ ਦੌਰਾਨ ਮੁੰਬਈ 'ਚ ਧਮਾਕੇ ਹੋਏ, ਅੱਗ ਲੱਗੀ, ਗੋਲੀਆਂ ਚੱਲੀਆਂ ਅਤੇ ਬੰਧਕਾਂ ਨੂੰ ਲੈ ਕੇ ਉਮੀਦਾਂ ਟੁੱਟਦੀਆਂ ਅਤੇ ਜੁੜਦੀਆਂ ਰਹੀਆਂ। ਅੱਤਵਾਦੀਆਂ ਨੇ ਮੁੰਬਈ ਦੀ ਸ਼ਾਨ ਕਹੇ ਜਾਣ ਵਾਲੇ ਤਾਜ ਹੋਤਚਥਲ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ। ਇਸ ਹਮਲੇ ਦੌਰਾਨ ਦੁਨੀਆ ਭਰ ਦੀਆਂ ਨਜ਼ਰਾਂ ਤਾਜ, ਓਬੇਰਾਏ ਅਤੇ ਨਰੀਮਨ ਹਾਊਸ 'ਤੇ ਟਿਕੀਆਂ ਹੋਈਆਂ ਸਨ। ਸੁਰੱਖਿਆ ਬਲਾਂ ਅਤੇ ਅੱਤਵਾਦੀਆਂ ਵਿਚਕਾਰ ਮੁਕਾਬਲਾ ਤਿੰਨ ਦਿਨਾਂ ਤੱਕ ਜਾਰੀ ਰਿਹਾ। ਪੁਲਸ ਅਤੇ ਫੌਜ ਦੇ ਅਪਰੇਸ਼ਨ ਫੇਲ ਹੁੰਦੇ ਨਜ਼ਰ ਆਏ। ਫਿਰ ਐਨਐਸਜੀ ਕਮਾਂਡੋ ਬੁਲਾਏ ਗਏ। NSG ਕਮਾਂਡੋਜ਼ ਨੇ ਸਾਰੇ ਅੱਤਵਾਦੀਆਂ ਨੂੰ ਮਾਰ ਦਿੱਤਾ। ਉਸ ਦੀ ਬਹਾਦਰੀ ਸਦਕਾ ਭਾਰਤ 'ਤੇ ਆਏ ਇਹ ਸੰਕਟ ਟਲ ਗਿਆ।

166 ਲੋਕਾਂ ਦੀ ਮੌਤ ਤੇ ਸੈਂਕੜੇ ਲੋਕ ਜ਼ਖ਼ਮੀ

ਇਸ ਹਮਲੇ 'ਚ 18 ਸੁਰੱਖਿਆ ਕਰਮਚਾਰੀਆਂ ਸਮੇਤ 166 ਲੋਕ ਮਾਰੇ ਗਏ ਸਨ। ਕਰੀਬ 300 ਲੋਕ ਜ਼ਖਮੀ ਹੋ ਗਏ। ਹਮਲਾ ਕਰਨ ਵਾਲੇ 10 ਅੱਤਵਾਦੀਆਂ 'ਚੋਂ 9 ਮਾਰੇ ਗਏ ਸਨ ਅਤੇ ਇਕ ਅੱਤਵਾਦੀ ਅਜਮਲ ਕਸਾਬ ਨੂੰ ਜ਼ਿੰਦਾ ਫੜ ਲਿਆ ਗਿਆ ਸੀ। ਕਸਾਬ ਨੂੰ ਫੜਨ ਲਈ ਏਐਸਆਈ ਤੁਕਾਰਾਮ ਓਮਬਲੇ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ। ਕਸਾਬ ਨੂੰ 21 ਨਵੰਬਰ 2012 ਨੂੰ ਫਾਂਸੀ ਦਿੱਤੀ ਗਈ ਸੀ।


ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ





Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork

- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

WHAT WE WILL PROVIDE
250+ Broker List
350+ Carrier List
27000+ Direct Shipper List
amazon relay
DAT One

Scan This Code for Joining Truck Dispatch Training

SMART PATH
Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਹ ਕਛਹਿਰਾ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਬਖਸ਼ਿਆ। ਇਸ ਦਾ ਜ਼ਿਕਰ ਗਿ. ਗਿਆਨ ਸਿੰਘ ਕਰਦੇ ਹਨ,

ਕਮਰ ਕਛਹਿਰੇ ਸਜੇ ਅਛਹਿਰੇ।
ਜੰਞੂ ਸਮ ਤੇਗੇ ਗਰ ਪਹਿਰੇ।
ਸੂਧੈ ਦਾੜੇ ਅਰ ਦਸਤਾਰੇ।
ਕਿਤਕ ਦੂਰ ਸਨਮੁਖੈ ਖਲਾਰੇ।
(ਨਵੀਨ ਪੰਥ ਪ੍ਰਕਾਸ਼ ੧੯੨੩, ਗਿ. ਗਿਆਨ ਸਿੰਘ, ਪੰਨਾ ੨੦੪)

ਘੱਲੂਘਾਰਿਆਂ ਦੇ ਸਮੇਂ ਸਿੰਘਾਂ ਦੇ ਬਸਤ੍ਰਾਂ ਦਾ ਜ਼ਿਕਰ ਗਿ. ਗਿਆਨ ਸਿੰਘ ਜੀ ਨੇ ਕੀਤਾ ਹੈ,


ਖਟ ਰਸ ਕਾ ਵਹਿ ਸ੍ਵਾਦ ਨ ਜਾਨੈ।
ਕਪੜਾ ਔਰ ਨ ਤਨ ਪਰ ਠਾਠੈਂ।
ਕਮਰ ਜਾਂਘੀਆ ਇਕ ਸਿਰ ਪਟਕਾ।
ਭੂਰੇ ਗਿਲਤੀ ਬਾਣਾ ਜਟਕਾ।
(ਨਵੀਨ ਪੰਥ ਪ੍ਰਕਾਸ਼, ਗਿ. ਗਿਆਨ ਸਿੰਘ)

ਵੈਸੇ ਤਾਂ ਨੰਗੇਜ਼ ਢੱਕਣ ਲਈ ਕਛਉਟੀ, ਲੰਗੋਟ, ਲੰਗੋਟੀ, ਤਹਿਮਤ, ਧੋਤੀ, ਕੱਛਾ, ਕੱਛੀ ਜਾਂ ਮੁੰਜ ਦੀ ਰੱਸੀ ਵਰਤੀ ਜਾਂਦੀ ਸੀ। ਕਈ ਤਾਂ ਦਿਗੰਬਰ ਹੀ ਓਢਦੇ ਸਨ। ਪਰ ਗੁਰੂ ਸਾਹਿਬ ਨੇ ਕਛਹਿਰੇ ਦਾ ਵਿਸ਼ੇਸ਼ ਕਟਾਈ ਅਤੇ ਰੂਪ ਕਕਾਰਾਂ ਦੇ ਰੂਪ ਵਿਚ ਦਿੱਤਾ। ਹਿੰਦੂ ਮਤ ਵਿਚ ਯੱਗ ਆਦਿ ਧਾਰਮਿਕ ਕਰਮ ਕਾਂਡਾਂ ਵਿਚ ਅਤੇ ਇਸਲਾਮ ਵਿਚ ਹੱਜ ਕਰਨ ਸਮੇਂ ਇਹਰਾਮ ਅਣਸੀਤੇ ਬਿਨਾ ਗੱਠ ਦੇ ਕੱਪੜੇ ਦੇ ਹੁੰਦੇ ਹਨ। ਇਸ ਵਿਚ ਕੋਈ ਨਾੜਾ ਜਾਂ ਅਜ਼ਾਰਬੰਦ ਨਹੀਂ ਹੁੰਦਾ। ਇਸ ਦੇ ਵਿਪਰੀਤ ਕਛਹਿਰੇ ਵਿਚ ਅਣਗਿਣਤ ਸੀਣਾਂ ਵਜਦੀਆਂ ਹਨ। ਜਦੋਂ ਰਹਿਤਨਾਮਿਆਂ ਰਾਹੀਂ ਗੁਰੂ ਦਾ ਹੁਕਮ ਹੋਇਆ ਕਿ ਕਿਸੇ ਵੀ ਰੂਪ ਵਿਚ ਕ੍ਰਿਪਾਨ ਅਤੇ ਕਛਹਿਰੇ ਨੂੰ ਵੱਖ ਨਹੀਂ ਕਰਨਾ ਤਾਂ ਸਹਿਜ ਸੁਭਾਅ ਹੀ ਖ਼ਾਲਸੇ ਨੇ ਨਿਆਰੇਪਨ ਨੂੰ ਅਮਲ ਵਿਚ ਲੈ ਆਂਦਾ।

ਕਛਹਿਰਾ ਕੱਪੜੇ ਦਾ ਹੋਵੇ ਅਤੇ ਗੋਡਿਆਂ ਤੋਂ ਥੱਲੇ ਨਹੀਂ ਹੋਣਾ ਚਾਹੀਦਾ। ਇਸ ਬਾਰੇ ਧਾਰਮਿਕ ਸਲਾਹਕਾਰ ਕਮੇਟੀ ਦੀ ਇਕੱਤ੍ਰਤਾ 10 ਮਈ, 1942 ਨੂੰ ਇਸ ਵਿਚ ਕਛਹਿਰੇ ਦੇ ਲੱਛਣ ਬਾਰੇ ਵਿਚਾਰ ਹੋਈ ਅਤੇ ਨਿਰਣਾ ਲਿਆ ਗਿਆ।

ਕਛਹਿਰੇ ਦਾ ਲੱਛਣ-ਸ੍ਰ. ਰਘਬੀਰ ਸਿੰਘ ਜੀ ਵਾਸੂ ਦੀ ਪੱਤ੍ਰਿਕਾ ਮਿਤੀ 10-5-52 ਕਿ ਕੀ ਸਿੱਖ ਲਈ ਤੰਗ ਪਹੁੰਚਿਆਂ ਵਾਲਾ, ਨਿੱਕਰਨੁਮਾ ਕਛਹਿਰਾ ਪਾਉਣਾ ਯੋਗ ਹੈ ਜਾਂ ਨਹੀਂ, ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਕਛਹਿਰਾ ਗੋਡਿਆਂ ਤੋਂ ਨੀਵਾਂ ਨਹੀਂ ਹੋਣਾ ਚਾਹੀਦਾ ਤੇ ਜਾਂਘੀਆਂ ਤੇ ਅੰਗਰੇਜ਼ੀ ਨਿੱਕਰ ਵੀ ਨਾ ਹੋਵੇ। ਕਛਹਿਰੇ ਦੇ ਪਹੁੰਚੇ ਕੁਝ ਖੁੱਲ੍ਹੇ ਜਾਂ ਤੰਗ ਹੋਣੇ ਕੋਈ ਇਤਰਾਜ਼ ਵਾਲੀ ਗੱਲ ਨਹੀਂ।

ਇਥੇ ਇਹ ਵਿਚਾਰ ਵੀ ਜ਼ਰੂਰੀ ਹੈ ਕਿ ਸ੍ਰੀਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਦਾ ਹਵਾਲਾ ਦੇ ਕੇ ਇਹ ਭੁਲੇਖਾ ਪਾਇਆ ਜਾਂਦਾ ਹੈ ਕਿ ਉਨ੍ਹਾਂ ਨੇ ਇਹ ਲਿਖਿਆ ਹੈ ਕਿ ਕਛਹਿਰਾ ਹਨੂਮਾਨ ਕੋਲੋਂ ਲਿਆ। ਸੰਤ ਜੀ ਨੇ ਆਪਣੀ ਪੁਸਤਕ 'ਗੁਰਬਾਣੀ ਪਾਠ ਦਰਪਣ' ਦੇ ਪੰਨਾ 115 'ਤੇ ਤਾਂ ਇਹ ਲਿਖਿਆ ਹੈ। 'ਜਿਵੇਂ ਹਨੂੰਮਾਨ ਨੇ ਬਹੁਤ ਹੀ ਸ੍ਰੀ ਰਾਮ ਚੰਦਰ ਜੀ ਦੀ ਸੇਵਾ ਕੀਤੀ-ਪਰ ਰਾਮ ਚੰਦਰ ਜੀ ਪ੍ਰਸੰਨ ਹੋਏ ਤਾਂ ਉਨ੍ਹਾਂ ਨੇ ਆਪਣਾ ਕਛਹਿਰਾ ਹੀ ਦਿੱਤਾ। ਪਰ ਸਿੱਖਾਂ ਨੂੰ 'ਕਛਹਿਰਾ ਹਨੂੰਮਾਨ ਕੋਲੋਂ ਲਿਆ' ਲਿਖਣਾ ਸਪਸ਼ਟ ਬੇਈਮਾਨੀ ਤੋਂ ਵੱਧ ਕੁਝ ਵੀ ਨਹੀਂ।




ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਬਾਰੇ ਅੰਕਤ ਹੈ ਕਿ ਭਾਵੇਂ ਹਨੂੰਮਾਨ ਨੇ ਲੰਕਾ ਦਾ ਕਿਲ੍ਹਾ ਸਾੜ ਦਿੱਤਾ, ਰਾਵਣ ਦਾ ਬਾਗ ਉਜਾੜ ਦਿੱਤਾ, ਜ਼ਖ਼ਮ ਦੂਰ ਕਰਨ ਵਾਲੀ ਬੂਟੀ ਵੀ ਲਿਆ ਦਿੱਤੀ ਪਰ ਇਸਦੇ ਬਾਵਜੂਦ ਪੂਰਬਲੇ ਕਰਮਾਂ ਕਰਕੇ ਉਸ ਦੀ ਨਿੱਕੀ ਜਿਹੀ ਕਛਉਟੀ (ਲੰਗੋਟੀ) ਉਸਦੇ ਮਗਰੋਂ ਨਾ ਲੱਥੀ।

ਦਾਧੀਲੇ ਲੰਕਾ ਗੜੁ ਉਪਾੜੀਏ ਰਾਵਣ
ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ ॥
ਕਰਮ ਕਰਿ ਕਛਉਟੀ ਮਫੀਟਸਿ ਰੀ ॥੫॥
ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ
ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥
(ਗੁ. ਗ੍ਰੰ. ਸਾ. ਅੰਗ ੬੯੫)

ਦੂਸਰੇ ਪਾਸੇ ਗੁਰੂ ਸਾਹਿਬ ਨੇ ਸਦੀਵ ਕਾਲ ਲਈ ਕਛਹਿਰਾਂ ਸਿੱਖਾਂ ਦੀ ਰਹਿਤ ਦਾ ਅੰਗ ਬਣਾਇਆ। ਭਾਈ ਗੁਰਦਾਸ ਜੀ ਦੋਇਮ ਇਸ ਬਾਰੇ ਬਿਆਨ ਕਰਦੇ ਹਨ,

**ਗੁਰੂ ਗੋਬਿੰਦ ਸਿੰਘ ਪ੍ਰਗਟਿਓ ਦਸਵਾਂ ਅਵਤਾਰਾ।**
**ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ।**
**ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ।**
**ਸਿਰ ਕੇਸ ਧਾਰਿ ਕਰ ਖੜਗ ਕੋ ਸਭ ਦੁਸਟ ਪਛਾਰਾ।**
**ਸੀਲ ਜਤ ਕੀ ਕਛ ਪਹਰਿ ਪਕੜਿਓ ਹਥਿਆਰਾ।**
**ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ॥**
(ਵਾਰ ੫)

ਅੰਗਰੇਜ਼ੀ ਰਾਜ ਵੇਲੇ ਫੌਜ ਵਿਚ ਅੰਗਰੇਜ਼ ਅਫ਼ਸਰ ਸਿੱਖ ਫੌਜੀਆਂ ਦੀਆਂ ਪਤਲੂਲਾਂ ਉਤਰਵਾ ਕੇ ਵੇਖਦੇ ਸਨ ਕਿ ਉਸਨੇ ਰੇਬ ਕਛਹਿਰਾ ਪਾਇਆ ਹੈ ਕਿ ਨਹੀਂ ਅਤੇ ਨਾਲ ਹੀ ਪੁੱਛਦੇ ਵੀ ਸਨ, ਜਵਾਨਾ ਮੀਠਾ ਪਾਨੀ ਪੀਆ ਕਿ ਨਹੀਂ। ਉਹ ਧਰਮ ਵਿਚ ਪੱਕਾ ਕਰ ਕੇ ਵਫਾਦਾਰੀ ਦੀ ਸੌਂਹ ਚੁਕਾਉਂਦੇ ਸਨ।

ਕੰਘਾ,

ਸਿੱਖ ਨੇ ਸਾਬਤ ਸੂਰਤ ਹੋ ਕੇ ਸਹਿਜ ਰੂਪ ਵਿਚ ਕੇਸਾਧਾਰੀ ਹੋਣਾ ਹੈ। ਨਾ ਤਾਂ ਜਟਾਧਾਰੀ ਅਤੇ ਨਾ ਹੀ ਘਰੜ ਘੁੰਡਾਏ ਸਿਰ ਵਾਲਾ। ਇਸ ਲਈ ਗੁਰੂ ਸਾਹਿਬ ਨੇ ਨਾ ਕੇਵਲ ਕੰਘੇ ਨੂੰ ਹੀ ਕਰਾਰਾਂ ਵਿਚ ਸ਼ਾਮਲ ਕੀਤਾ ਬਲਕਿ ਨਾਲ ਹੀ ਆਦੇਸ਼ ਵੀ ਦਿੱਤਾ,

(ਚਲਦਾ)

# ਟਰੰਪ ਤੇ ਸ਼ੀ ਜਿਨਪਿੰਗ ਨੇ ਫੋਨ 'ਤੇ ਕੀਤੀ ਗੱਲ, ਚੀਨ ਨੇ ਤਾਈਵਾਨ ਮੁੱਦੇ 'ਤੇ ਦਿਖਾਇਆ ਸਖਤ ਰੁਖ

ਵਾਸ਼ਿੰਗਟਨ/ਬੀਜਿੰਗ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਸੋਮਵਾਰ ਨੂੰ ਫੋਨ 'ਤੇ ਗੱਲਬਾਤ ਕੀਤੀ। ਵ੍ਹਾਈਟ ਹਾਊਸ ਅਤੇ ਚੀਨੀ ਅਧਿਕਾਰੀਆਂ ਅਨੁਸਾਰ, ਇਸ ਦੌਰਾਨ ਤਿੰਨ ਮੁੱਖ ਮੁੱਦਿਆਂ: ਵਪਾਰ, ਤਾਈਵਾਨ ਅਤੇ ਯੂਕਰੇਨ ਬਾਰੇ ਚਰਚਾ ਕੀਤੀ ਗਈ।

ਇਸ ਗੱਲਬਾਤ ਵਿੱਚ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਤਾਈਵਾਨ ਦੇ ਮੁੱਦੇ 'ਤੇ ਇੱਕ ਸਖ਼ਤ ਰੁਖ ਅਪਣਾਇਆ। ਚੀਨ ਦੀ ਅਧਿਕਾਰਤ ਨਿਊਜ਼ ਏਜੰਸੀ ਸ਼ਿਨਹੂਆ (Xinhua) ਅਨੁਸਾਰ, ਸ਼ੀ ਨੇ ਟਰੰਪ ਨੂੰ ਕਿਹਾ ਕਿ ਤਾਈਵਾਨ ਦੀ ਮੁੱਖ ਭੂਮੀ ਚੀਨ 'ਚ ਵਾਪਸੀ 'ਜੰਗ ਤੋਂ ਬਾਅਦ ਦੇ ਅੰਤਰਰਾਸ਼ਟਰੀ ਹੁਕਮ ਦਾ ਇੱਕ ਅਹਿਮ ਹਿੱਸਾ' ਹੈ।

ਇਹ ਗੱਲਬਾਤ ਖਾਸ ਤੌਰ 'ਤੇ ਅਜਿਹੇ ਸਮੇਂ ਹੋਈ ਹੈ ਜਦੋਂ ਜਾਪਾਨ ਦੇ ਪ੍ਰਧਾਨ ਮੰਤਰੀ ਸਾਨੇ ਤਾਕਾਈਚੀ (Sanae Takaichi) ਨੇ ਹਾਲ ਹੀ ਵਿੱਚ ਕਿਹਾ ਸੀ ਕਿ ਜੇ ਚੀਨ ਤਾਈਵਾਨ (ਇੱਕ ਸਵੈ-ਸ਼ਾਸਿਤ ਟਾਪੂ ਜਿਸਨੂੰ ਬੀਜਿੰਗ ਆਪਣੇ ਸ਼ਾਸਨ ਹੇਠ ਆਉਣ ਲਈ ਕਹਿੰਦਾ ਹੈ) ਦੇ ਖਿਲਾਫ ਕੋਈ ਕਾਰਵਾਈ ਕਰਦਾ ਹੈ, ਤਾਂ



ਜਾਪਾਨ ਦੀ ਫੌਜ ਇਸ ਵਿੱਚ ਸ਼ਾਮਲ ਹੋ ਸਕਦੀ ਹੈ। ਫੋਨ ਕਾਲ ਦੌਰਾਨ, ਸ਼ੀ ਜਿਨਪਿੰਗ ਨੇ ਕਿਹਾ ਕਿ ਚੀਨ ਅਤੇ ਅਮਰੀਕਾ, ਜਿਨ੍ਹਾਂ ਨੇ ਵਿਸ਼ਵ ਯੁੱਧ ਦੌਰਾਨ ਮਿਲ ਕੇ ਲੜਾਈ ਲੜੀ ਸੀ, ਨੂੰ 'ਦੂਜੇ ਵਿਸ਼ਵ ਯੁੱਧ ਦੇ ਜੇਤੂ ਨਤੀਜੇ ਦੀ ਸਾਂਝੇ ਤੌਰ 'ਤੇ ਰਾਖੀ' ਕਰਨੀ ਚਾਹੀਦੀ ਹੈ।

ਦੋਵਾਂ ਨੇਤਾਵਾਂ ਨੇ ਵਪਾਰ ਬਾਰੇ ਵੀ ਚਰਚਾ ਕੀਤੀ। ਹਾਲਾਂਕਿ, ਚੀਨੀ ਬਿਆਨ ਵਿੱਚ ਅਮਰੀਕੀ ਸੋਇਆਬੀਨ ਦੀ ਖਰੀਦ ਵਰਗੇ ਮਾਮਲਿਆਂ 'ਤੇ ਕਿਸੇ ਵੀ ਠੋਸ ਸਮਝੌਤੇ ਦਾ ਖੁਲਾਸਾ ਨਹੀਂ ਕੀਤਾ ਗਿਆ। ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਨੇ ਇਸ ਕਾਲ ਦੀ ਪੁਸ਼ਟੀ ਕੀਤੀ, ਪਰ ਇਸ ਬਾਰੇ ਹੋਰ ਕੋਈ ਵੇਰਵਾ ਨਹੀਂ ਦਿੱਤਾ ਗਿਆ।

# ਬਰੈਂਪਟਨ ਭਾਰਤੀ ਕੌਂਸਲਖਾਨੇ 'ਚ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਹਾੜੇ ਮੌਕੇ ਸਮਾਗਮ

ਟੋਰਾਂਟੋ : ਭਾਰਤ ਸਰਕਾਰ ਵਲੋਂ ਟੋਰਾਂਟੋ ਸਥਿਤ ਆਪਣੇ ਕੌਂਸਲ ਜਨਰਲ ਰਾਹੀਂ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ਬੀਤੇ ਕੱਲ ਬਰੈਂਪਟਨ ਦੇ ਸਪਰੈਂਜ਼ਾ ਬੈਕੁੰਟ ਹਾਲ ਵਿਚ ਕਰਵਾਇਆ ਗਿਆ ਜਿਸ ਵਿਚ ਟੋਰਾਂਟੋ ਅਤੇ ਆਸ ਪਾਸ ਦੇ ਖੇਤਰਾਂ ਤੋਂ ਵੱਡੀ ਗਿਣਤੀ 'ਚ ਆਈਆਂ ਸੰਗਤਾਂ ਨੇ ਹਾਜ਼ਰੀ ਭਰੀ। ਹਰ ਇੱਕ ਲਈ ਚਾਹ ਪਾਣੀ ਦਾ ਵੀ ਪ੍ਰਬੰਧ ਕੀਤਾ ਹੋਇਆ ਸੀ। ਇਸ ਮੌਕੇ ਕੌਂਸਲ ਜਨਰਲ ਸ੍ਰੀ ਕਪਿਲ ਦਵਾਜਾ ਅਤੇ ਕੌਂਸਲ ਸ੍ਰੀ ਗੀਰੀਸ਼ ਜੁਨੇਜਾ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਉੱਥੇ ਹੀ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਮੇਤ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀਆਂ ਸ਼ਹਾਦਤਾਂ ਨੇ ਕੌਮ ਵਿੱਚ ਇੱਕ ਨਵੀਂ ਰੂਹ ਫੂਕਦਿਆਂ ਜ਼ੁਲਮ ਨਾਲ ਲੜਨ ਅਤੇ ਟਾਕਰਾ ਕਰਨ ਲਈ ਹਿੰਮਤ ਅਤੇ ਉਤਸ਼ਾਹ ਭਰਿਆ। ਇਸ ਮੌਕੇ ਪੀਲ ਡਿਸਟ੍ਰਿਕਟ ਬੋਰਡ ਦੇ ਸਕੂਲ ਟਰੱਸਟੀ ਅਤੇ ਨਾਮਵਰ ਪੱਤਰਕਾਰ ਸਤਪਾਲ ਸਿੰਘ ਜੌਹਲ ਨੇ ਦੱਸਿਆ ਕਿ ਸੰਸਾਰ ਪੱਧਰ 'ਤੇ' ਸੰਗਤਾਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਮਨਾਏ ਜਾ ਰਹੇ 350 ਵੇਂ ਸ਼ਹੀਦੀ ਦਿਹਾੜੇ ਲੋਕਾਂ ਵਿੱਚ ਧਰਮ



ਨਿਰਪੱਖਤਾ, ਕੌਮ ਅਤੇ ਸਮੁੱਚੀ ਮਾਨਵਤਾ ਦੀ ਭਲਾਈ ਲਈ ਇੱਕ ਮੀਲ ਪੱਥਰ ਸਾਬਤ ਹੋਣਗੇ। ਸਮਾਗਮ ਦੀ ਸ਼ੁਰੂਆਤ ਸਿੱਖ ਵਿਦਵਾਨ ਪ੍ਰੋ. ਪਰਮਜੀਤ ਸਿੰਘ ਅਤੇ ਸਾਥੀਆਂ ਵਲੋਂ ਧਾਰਮਿਕ ਸ਼ਬਦ ਨਾਲ ਹੋਈ ਉਪਰੰਤ ਡਾ. ਰਜਨੀ ਬਾਵਾ, ਲਾਜਪਤ ਰਾਏ, ਵਾਟਰਲੂ ਯੂਨੀਵਰਸਿਟੀ ਤੋਂ ਕੁਲਦੀਪ ਸਿੰਘ ਬੱਛਰ, ਵਿਸ਼ਾਲ ਖੰਨਾ, ਸੁਰਜੀਤ ਬਾਬਰਾ, ਇੰਦਰਜੀਤ ਸਿੰਘ ਬੱਲ, ਵਿਧਾਇਕ ਅਮਰਜੋਤ ਸਿੰਘ ਸੰਧੂ ਤੇ ਹੋਰ ਬੁਲਾਰਿਆਂ ਵਲੋਂ ਗੁਰੂ ਸਾਹਿਬ ਦੀ ਕੁਰਬਾਨੀ ਦੀ ਗੱਲ ਕਰਦਿਆਂ ਆਖਿਆ ਕਿ ਜਿੱਥੇ ਇਹ ਕੁਰਬਾਨੀ ਸਮੁੱਚੀ ਮਨੁੱਖਤਾ ਦੇ ਹੱਕ ਹਕੂਕਾਂ ਦੀ ਗੱਲ ਕਰਦੀ ਹੈ ਉੱਥੇ ਹਰ ਇੱਕ ਧਰਮ ਨੂੰ ਬਰਾਬਰਤਾ ਵੀ ਪ੍ਰਦਾਨ ਕਰਦੀ ਹੈ। ਸਮਾਗਮ ਦੌਰਾਨ ਇੱਥੋਂ ਦੇ ਕਲਾਕਾਰਾਂ ਵਲੋਂ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ 'ਤੇ ਅਧਾਰਿਤ ਇੱਕ ਨਾਟਕ ਵੀ ਖੇਡਿਆ ਗਿਆ। ਸਮਾਗਮ ਦੇ ਅੰਤ ਵਿਚ ਕੌਂਸਲ ਜਨਰਲ ਦਫਤਰ ਦੇ ਅਧਿਕਾਰੀਆਂ ਵਲੋਂ ਸਭਨਾਂ ਦਾ ਇਸ ਸਮਾਗਮ ਵਿਚ ਪਹੁੰਚਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ।

# BASRA
## Heating & Air Conditioning

CA LIC #

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਅਰਦਾਸ ਕਰਨ ਨਾਲ ਰੁਮਾਲਿਆਂ ਵਾਲੀ ਅਲਮਾਰੀ ਦਾ ਜਿੰਦਰਾ ਖੁੱਲ੍ਹ ਜਾਣਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਰੋਜ਼ ਦੇ ਨਿਯਮ ਅਨੁਸਾਰ ਆਪ ਜੀ (ਭਾਈ ਸ਼ੇਰ ਸਿੰਘ) ਝਾੜੂ ਦੀ ਸੇਵਾ ਕਰ ਕੇ ਮੂਲ-ਮੰਤ੍ਰ ਦਾ ਜਾਪ ਕਰ ਰਹੇ ਸਨ। ਚਾਰ-ਪੰਜ ਪ੍ਰੇਮੀ ਸੱਜਣ ਜੋ ਹਰ ਰੋਜ਼ ਗੁਰੂ ਪਾਤਸ਼ਾਹ ਜੀ ਨੂੰ ਨਮਸਕਾਰ ਕਰਨ ਅਤੇ ਦਰਸ਼ਨ ਦੀਦਾਰਿਆਂ ਲਈ ਆਉਂਦੇ, ਉਹ ਵੀ ਆ ਕੇ ਬੈਠੇ ਸਨ। ਗੁਰੂ ਮਹਾਰਾਜ ਜੀ ਦੇ ਰੁਮਾਲਿਆਂ ਵਾਲੀ ਅਲਮਾਰੀ ਦੇ ਜਿੰਦਰੇ ਦੀ ਚਾਬੀ ਗ੍ਰੰਥੀ ਸਿੰਘ ਪਾਸੋਂ ਕਿਤੇ ਗੁੰਮ ਹੋ ਗਈ। ਬਾਹਰ-ਅੰਦਰ ਕਮਰੇ ਵਿੱਚ ਬਥੇਰਾ ਟੋਲ-ਭਾਲ ਕੀਤੀ ਪਰ ਮਿਲੀ ਨਾ। ਸਾਰੇ ਰੁਮਾਲੇ ਅਲਮਾਰੀ ਵਿੱਚ ਸਨ। ਆਖ਼ਿਰ ਕਈ ਪ੍ਰੇਮੀਆਂ ਨੇ ਸਲਾਹ ਦਿੱਤੀ ਕਿ ਅਲਮਾਰੀ ਦਾ ਤਾਲਾ ਹੀ ਤੋੜ ਲਵੋ। ਭਾਈ ਸਾਹਿਬ ਸ਼ੇਰ ਸਿੰਘ ਹੋਰੀਂ ਨਾਮ ਵਿੱਚ ਲੀਨ ਸਨ, ਸਤਿਗੁਰੂ ਜੀ ਉੱਪਰ ਪੂਰਨ ਭਰੋਸਾ ਸੀ। ਆਪ ਜੀ ਨੇ ਸੰਗਤ ਨੂੰ ਕਿਹਾ ਕਿ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਕਰੋ। ਅਰਦਾਸ ਵਿੱਚ ਬੜੀ ਵੱਡੀ ਸ਼ਕਤੀ ਹੈ। ਮੈਨੂੰ ਯਕੀਨ ਹੈ ਕਿ ਅਰਦਾਸ ਕਰਨ ਨਾਲ ਤਾਲਾ ਖੁੱਲ੍ਹ ਜਾਵੇਗਾ। ਸਾਰਿਆਂ ਨੇ ਭਾਈ ਸਾਹਿਬ ਦਾ ਬਚਨ ਸੁਣਿਆ। ਇੱਕ ਪ੍ਰੇਮੀ ਨੇ ਅੱਗੋਂ ਕਿਹਾ ਕਿ ਤੁਸੀਂ ਹੀ ਅਰਦਾਸ ਕਰੋ।

ਆਪ ਜੀ ਤਿਆਰ ਹੋ ਗਏ। ਜਿੰਨੀ ਆਪ ਜੀ ਨੂੰ ਅਰਦਾਸ ਆਉਂਦੀ ਸੀ, ਦਸਾਂ ਪਾਤਿਸ਼ਾਹੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਾਧ ਕੇ ਜਿੰਦਰਾ ਖੁੱਲ੍ਹਣ ਵਾਸਤੇ ਬੇਨਤੀ ਕੀਤੀ। ਮੱਥਾ ਟੇਕਣ ਉਪ੍ਰੰਤ ਅਲਮਾਰੀ ਕੋਲ ਜਾ ਕੇ ਤਾਲੇ ਨੂੰ ਹੱਥ ਲਾਇਆ ਤਾਂ ਤਾਲਾ ਖੁੱਲ੍ਹ ਗਿਆ। ਸਭ ਹੈਰਾਨ ਹੋ ਗਏ। ਅਲਮਾਰੀ ਦਾ ਜਿੰਦਰਾ ਤਾਂ ਖੁੱਲ੍ਹ ਹੀ ਗਿਆ ਪਰ ਨਾਲ ਹੀ ਭਾਈ ਸਾਹਿਬ ਜੀ ਦੇ ਅੰਦਰ ਦੇ ਕਪਾਟ ਦਾ ਜਿੰਦਰਾ ਵੀ ਖੁੱਲ੍ਹ ਗਿਆ। ਗੁਰੂ ਪਾਤਸ਼ਾਹ ਜੀ ਨੇ ਬੇਅੰਤ ਸੋਝੀ ਅਤੇ ਬਖ਼ਸ਼ਿਸ਼ਾਂ ਕਰ ਦਿੱਤੀਆਂ। ਕਿਵੇਂ-ਕਿਵੇਂ ਸਤਿਗੁਰੂ ਜੀ ਨੇ ਉਨ੍ਹਾਂ ਪਾਸੋਂ ਸੇਵਾ ਲਈ, ਕਿਵੇਂ ਉਹਨਾਂ ਦੇ ਬਚਨ-ਸਤਿ ਹੁੰਦੇ ਰਹੇ, ਇਹ ਹੋਰ ਵਿਸਥਾਰ ਦਾ ਵਿਸ਼ਾ ਹੈ।

ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਨ ਨਾਲ ਕੋਹੜ ਤੱਕ ਦੇ ਰੋਗ ਉਹਨਾਂ ਦੂਰ ਕੀਤੇ। ਜਿਵੇਂ ਉਸ ਸਮੇਂ ਦੇ ਆਈ. ਜੀ. ਪੁਲਿਸ (ਪੰਜਾਬ) ਕੰਵਰ ਸ਼ਮਸ਼ੇਰ ਸਿੰਘ ਦੀ ਘਰਵਾਲੀ ਦਾ ਕੋਹੜ ਰੋਗ ਦੂਰ ਕੀਤਾ। ਜਿਨ੍ਹਾਂ ਪ੍ਰੇਮੀਆਂ ਨੇ ਭਾਈ ਸਾਹਿਬ ਜੀ ਦੇ ਦਰਸ਼ਨ ਕੀਤੇ ਹਨ, ਉਹਨਾਂ ਪ੍ਰੇਮੀਆਂ ਨੂੰ ਭਲੀ-ਭਾਂਤ ਪਤਾ ਹੈ ਕਿ ਭਾਈ ਸਾਹਿਬ ਨੂੰ ਗੁਰੂ ਮਹਾਰਾਜ ਨੇ ਕਿੰਨਾ ਅਨੁਭਵ ਦਿੱਤਾ ਸੀ। ਜੋ ਪ੍ਰਾਣੀ ਬੇਨਤੀ ਲੈ ਕੇ ਉਹਨਾਂ ਪਾਸ ਆਉਂਦਾ, ਉਸ ਦੇ ਪਿਛਲੇ ਕਈ-ਕਈ ਜਨਮਾਂ ਦਾ ਆਪ ਜੀ ਨੂੰ ਅਨੁਭਵ ਹੋ ਜਾਂਦਾ ਕਿ ਕਿਸ ਕਰਮ ਕਰਕੇ ਇਸਨੂੰ ਕਸ਼ਟ ਹੋ ਰਿਹਾ ਹੈ। ਦਾਸ ਨੇ ਵੀ ਕਈ ਵਾਰ ਉਹਨਾਂ ਦੇ ਦਰਸ਼ਨ ਕੀਤੇ ਤੇ ਨੇੜੇ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਕਿਉਂਕਿ ਜਦੋਂ ਤੋਂ ਬਾਬਾ ਜੀ ਰਾਮਪੁਰ ਖੇੜਾ ਸਾਹਿਬ ਆ ਟਿਕੇ ਸਨ ਤਾਂ ਅਕਸਰ ਭਾਈ ਸਾਹਿਬ, ਬਾਬਾ ਜੀ ਪਾਸ ਦਰਸ਼ਨ ਕਰਨ ਅਤੇ ਸੰਗਤ ਕਰਨ ਵਾਸਤੇ ਆਉਂਦੇ ਰਹਿੰਦੇ ਸਨ। ਗੁਰੂ ਪਾਤਸ਼ਾਹ ਜੀ ਦਾ ਫ਼ੁਰਮਾਨ ਹੈ ਕਿ :

**ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥**
**(ਸਲੋਕ ਮ: ੩, ਅੰਗ ੬੪੯)**


ੴ ਸਤਿਗੁਰ ਪ੍ਰਸਾਦਿ ॥

ਸੇ ਕਿਨੇਹਿਆ?

ਜੀਵਨ-ਗਾਥਾ
ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ
(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ
ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ
ਡਾ : ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)
ਫੋਨ ਨੰ:+91-1886-260334, 98767-60334
Website : www.RamPurKhera.com | Email : RamPurKhera@yahoo.ca

3

ਨਾਮ ਜਪਣ ਨਾਲ ਜਦੋਂ ਇਕਾਗ੍ਰਤਾ ਹੁੰਦੀ ਹੈ ਤਾਂ ਰਿੱਧੀਆਂ-ਸਿੱਧੀਆਂ ਅਤੇ ਅਨੁਭਵਤਾ ਸੁਤੇ-ਸਿੱਧ ਹੀ ਪ੍ਰਾਪਤ ਹੋ ਜਾਂਦੀ ਹੈ। ਬਾਬਾ ਜੀ ਕਹਿੰਦੇ ਹੁੰਦੇ ਸਨ ਕਿ ਇਹ ਪਰਮ-ਪਦ ਦੀ ਪ੍ਰਾਪਤੀ ਤੋਂ ਹੇਠਾਂ ਦੀਆਂ ਵਸਤਾਂ ਹਨ। ਗੁਰਸਿੱਖ ਨੂੰ ਜੇਕਰ ਇਹ ਪ੍ਰਾਪਤ ਵੀ ਹੋ ਜਾਣ ਤਾਂ ਗੁਰੂ-ਹੁਕਮ ਤੋਂ ਬਿਨਾਂ ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਹਨਾਂ ਨੂੰ ਅੰਦਰ ਹੀ ਜਰਨਾ ਚਾਹੀਦਾ ਹੈ। ਜੋ ਇਨ੍ਹਾਂ ਤਾਕਤਾਂ ਨੂੰ ਜਰ ਜਾਂਦਾ ਹੈ ਉਹ ਅਬਿਨਾਸ਼ੀ ਪ੍ਰਭੂ 'ਚ ਅਭੇਦ ਹੋ ਜਾਂਦਾ ਹੈ। ਹੁਕਮ ਹੈ :

ਨਿਰਗੁਣ ਨਿਰੰਕਾਰ ਅਬਿਨਾਸੀ
ਅਤੁਲੋ ਤੁਲਿਓ ਨ ਜਾਵਤ॥
ਕਹੁ ਨਾਨਕ ਅਜਰੁ ਜਿਨਿ ਜਰਿਆ
ਤਿਸ ਹੀ ਕਉ ਬਨਿ ਆਵਤ॥੪॥੯॥
(ਸਾਰਗ ਮ: ੫, ਅੰਗ ੧੨੦੫)

**119 ਚੱਕ (ਸਰਗੋਧਾ) ਨਾਮ-ਪ੍ਰੇਮੀਆਂ ਦਾ ਕੇਂਦਰ**

ਜਿਵੇਂ ਭਾਈ ਗੁਰਦਾਸ ਜੀ ਦਾ ਫ਼ੁਰਮਾਨ ਹੈ, ਕਿ

**ਅਮਲੀ ਰਚਨਿ ਅਮਲੀਆ ਸੋਫੀ ਸੋਫੀ ਮੇਲੁ ਕਰੰਦੇ॥**
**ਜੁਆਰੀ ਜੁਆਰੀਆ ਵੇਕਰਮੀ ਵੇਕਰਮ ਰਚੰਦੇ॥**
**ਚੋਰਾਂ ਚੋਰਾ ਪਿਰਹੜੀ ਠਗ ਠਗਾ ਮਿਲ ਦੇਸ ਠਗੰਦੇ॥**
**ਮਸਕਰਿਆਂ ਮਿਲਿ ਮਸਕਰੇ ਚੁਗਲਾਂ ਚੁਗਲ ਉਮਾਹਿ ਮਿਲੰਦੇ॥**
**ਮਨਤਾਰੂ ਮਨਤਾਰੂਆ ਤਾਰੂ ਤਾਰੂ ਤਾਰ ਤਰੰਦੇ॥**
**ਦੁਖਿਆਰੇ ਦੁਖਿਆਰਿਆ ਮਿਲਿ ਮਿਲਿ ਆਪਣੇ ਦੁਖ ਰੁਵੰਦੇ॥**
**ਸਾਧ ਸੰਗਤਿ ਗੁਰਸਿਖੁ ਵਸੰਦੇ॥੪॥**
(ਭਾ: ਗੁਰਦਾਸ ਜੀ, ਵਾਰ ੫, ਪਉੜੀ ੪)

ਕੁਦਰਤ ਦਾ ਨਿਯਮ ਹੈ, ਜਿੱਥੇ ਫੁੱਲ ਹੁੰਦਾ ਹੈ, ਉਸ ਦੀ ਖ਼ੁਸ਼ਬੋ ਪ੍ਰਾਪਤ ਕਰਨ ਵਾਸਤੇ ਭੌਰੇ ਦੂਰ-ਦੂਰ ਤੋਂ ਉਡਾਰੀਆਂ ਮਾਰ ਕੇ ਪੁੱਜ ਜਾਂਦੇ ਹਨ ਤੇ ਸੁਗੰਧੀ ਪ੍ਰਾਪਤ ਕਰਕੇ ਆਪਣੀ ਤ੍ਰਿਪਤੀ ਕਰਦੇ ਹਨ।

ਇਸੇ ਤਰ੍ਹਾਂ ਸਤਿਗੁਰੂ ਜੀ ਦੇ ਨਾਮ ਦੀ ਸੁਗੰਧੀ ਨਾਲ ਬਾਬਾ ਜੀ ਦੀ ਆਤਮਾ ਲਬਾਲਬ ਭਰੀ ਹੋਈ ਸੀ। ਨਾਮ ਸੁਗੰਧੀ ਨਾਲ ਸਾਂਝ ਕਰਨ ਵਾਸਤੇ ਨੇੜੇ ਤੇੜੇ ਦੇ ਸ਼ਰਧਾਲੂ ਅਤੇ ਦੂਰ-ਦੂਰ ਤੋਂ ਪ੍ਰਭੂ-ਪ੍ਰੇਮੀ ਅਕਸਰ ਬਾਬਾ ਜੀ ਦੀ ਸੰਗਤ ਵਿੱਚ ਪੁੱਜਦੇ ਰਹਿੰਦੇ। ਕੋਈ ਦੋ ਦਿਨ, ਕੋਈ ਚਾਰ ਦਿਨ, ਕੋਈ ਹਫ਼ਤਾ, ਭਾਵ ਕਿ ਜਿੰਨੀ-ਜਿੰਨੀ ਵੀ ਸੰਸਾਰਕ ਕੰਮਾਂ ਵਿੱਚੋਂ ਕਿਸੇ ਨੂੰ ਵਿਹਲ ਮਿਲਦੀ, ਬਾਬਾ ਜੀ ਪਾਸ ਠਹਿਰ ਕੇ ਨਾਮ-ਬਾਣੀ ਦੀ ਸੰਗਤ ਕਰਦੇ। ਜਿਨ੍ਹਾਂ 'ਚੋਂ ਭਾਈ ਸ਼ੇਰ ਸਿੰਘ ਜੀ, ਸੰਤ ਸਾਧੂ ਸਿੰਘ ਜੀ, ਭਾਈ ਵਧਾਵਾ ਸਿੰਘ ਜੀ, ਭਾਈ ਗੁਰਬਖ਼ਸ਼ ਸਿੰਘ ਜੀ ਅਤੇ ਸੰਤ ਮੰਗਲ ਸਿੰਘ ਜੀ ਦੇ ਨਾਮ ਵਰਣਨ ਯੋਗ ਹਨ।

(ਚਲਦਾ)

## ਆਸਟ੍ਰੇਲੀਆ-ਕੈਨੇਡਾ ਨਾਲ ਤਕਨੀਕ ਭਾਈਵਾਲੀ ਦਾ ਐਲਾਨ

ਕੇਪ ਟਾਊਨ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਦੱਖਣੀ ਅਫਰੀਕਾ ਦੇ ਜੋਹਾਨਸਬਰਗ 'ਚ ਜੀ-20 ਸਿਖਰ ਸੰਮੇਲਨ ਦੌਰਾਨ ਆਸਟ੍ਰੇਲੀਆ ਤੇ ਕੈਨੇਡਾ ਦੇ ਪ੍ਰਧਾਨ ਮੰਤਰੀਆਂ ਨਾਲ ਬੈਠਕ ਤੋਂ ਬਾਅਦ ਇਕ ਨਵੀਂ ਤਿੰਨ ਧਿਰੀ ਤਕਨੀਕ ਤੇ ਨਵੀਨੀਕਰਨ ਭਾਈਵਾਲੀ ਦਾ ਐਲਾਨ ਕੀਤਾ।

ਮੋਦੀ ਨੇ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਮੁਲਾਕਾਤ ਤੋਂ ਬਾਅਦ ਸੋਸ਼ਲ ਮੀਡੀਆ ਮੰਚ 'ਤੇ ਇਕ ਪੋਸਟ ਵਿਚ ਕਿਹਾ, "ਸਾਨੂੰ ਅੱਜ ਆਸਟ੍ਰੇਲੀਆ-ਕੈਨੇਡਾ-ਭਾਰਤ ਤਕਨੀਕ ਤੇ ਨਵੀਨੀਕਰਨ (ਏ. ਸੀ. ਆਈ. ਟੀ. ਆਈ.) ਭਾਈਵਾਲੀ ਦਾ ਐਲਾਨ ਕਰਦੇ ਹੋਏ ਬੇਹੱਦ ਖ਼ੁਸ਼ੀ ਹੋ ਰਹੀ ਹੈ। ਇਹ ਪਹਿਲ ਉਭਰਦੀਆਂ ਤਕਨੀਕਾਂ ਵਿਚ 3 ਮਹਾਦੀਪਾਂ ਤੇ 3 ਮਹਾਸਾਗਰਾਂ 'ਚ ਫੈਲੇ ਜਮਹੂਰੀ ਭਾਈਵਾਲਾਂ ਦਰਮਿਆਨ ਸਹਿਯੋਗ ਨੂੰ ਹੋਰ ਵਧਾਏਗੀ, ਨਾਲ ਹੀ ਸਪਲਾਈ ਲੜੀਆਂ ਵਿਚ ਵੰਨ-ਸੁਵੰਨਤਾ, ਸਵੱਛ ਊਰਜਾ ਤੇ ਆਰਟੀਫਿਸ਼ੀਅਲ ਇੰਟੈਲੀਜੈਂਸ (ਏ. ਆਈ.) ਦੀ ਵੱਡੇ ਪੱਧਰ 'ਤੇ ਵਰਤੋਂ 'ਚ ਮਦਦਗਾਰ ਸਾਬਤ ਹੋਵੇਗੀ। ਪ੍ਰਧਾਨ ਮੰਤਰੀ ਮੋਦੀ ਨੇ ਸ਼ਨੀਵਾਰ ਨੂੰ ਇਸ ਮੁਲਾਕਾਤ ਤੋਂ ਇਲਾਵਾ ਬ੍ਰਿਟਿਸ਼ ਹਮਅਹੁਦਾ ਕੀਰ ਸਟਾਰਮਰ ਅਤੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਟਾਰੇਸ ਨਾਲ ਵੀ ਬੈਠਕ ਕੀਤੀ।

ਦੱਖਣੀ ਅਫਰੀਕਾ 'ਚ ਹੋ ਰਹੀ ਇਸ ਸਾਲ ਦੀ ਜੀ-20 ਸਮਿਟ ਭਾਰਤ ਲਈ ਇਸ ਲਈ ਖਾਸ ਹੈ ਕਿਉਂਕਿ 2023 'ਚ ਆਪਣੀ ਪ੍ਰਧਾਨਗੀ ਦੌਰਾਨ ਭਾਰਤ ਨੇ ਅਫਰੀਕਨ ਯੂਨੀਅਨ ਨੂੰ ਜੀ-20 ਦਾ ਮੈਂਬਰ ਬਣਵਾਇਆ ਸੀ। ਹੁਣ ਪਹਿਲੀ ਵਾਰ ਅਫਰੀਕਾ ਵਿਚ ਸਮਿਟ ਹੋ ਰਹੀ ਹੈ। ਇਸ ਕਾਰਨ ਸਾਰੇ ਅਫਰੀਕੀ ਦੇਸ਼ਾਂ ਵਿਚ ਭਾਰਤ ਦਾ ਸਨਮਾਨ ਵਧਿਆ ਹੈ। ਸ਼ੁੱਕਰਵਾਰ ਨੂੰ ਪੀ. ਐੱਮ. ਮੋਦੀ ਦੇ ਨਾਲ ਅਫਰੀਕਾ ਪਹੁੰਚਣ 'ਤੇ ਸਥਾਨਕ ਕਲਾਕਾਰਾਂ ਨੇ ਉਨ੍ਹਾਂ ਦੇ ਸਨਮਾਨ 'ਚ ਜ਼ਮੀਨ 'ਤੇ ਲੇਟ ਕੇ ਸਵਾਗਤ ਕੀਤਾ। ਟਰੰਪ, ਪੁਤਿਨ ਤੇ ਜਿਨਪਿੰਗ ਦੀ ਗੈਰ-ਮੌਜੂਦਗੀ 'ਚ ਭਾਰਤ ਸਮਿਟ ਦਾ ਸਭ ਤੋਂ ਪ੍ਰਮੁੱਖ ਚਿਹਰਾ ਬਣ ਗਿਆ ਹੈ। ਪੀ. ਐੱਮ. ਮੋਦੀ ਨੇ ਸਮਿਟ ਦੇ ਤਿੰਨੋਂ ਅਹਿਮ ਸੈਸ਼ਨਾਂ ਵਿਚ ਆਰਥਿਕ ਵਿਕਾਸ, ਕਲਾਈਮੇਟ ਰੇਜ਼ੀਲੀਐਂਸ ਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਵਰਗੇ ਮੁੱਦਿਆਂ 'ਤੇ ਭਾਰਤ ਦਾ ਪੱਖ ਰੱਖਿਆ।



## ਰਾਸ਼ਟਰਪਤੀ ਟਰੰਪ ਦੇ ਪਰਿਵਾਰ ਦੀ ਦੌਲਤ 'ਚ 1 ਅਰਬ ਡਾਲਰ ਤੋਂ ਵੱਧ ਦੀ ਗਿਰਾਵਟ, ਕ੍ਰਿਪਟੋ ਨਿਵੇਸ਼ 'ਚ ਵੱਡਾ ਨੁਕਸਾਨ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਪਰਿਵਾਰ ਦੀ ਕੁੱਲ ਜਾਇਦਾਦ ਵਿੱਚ 1 ਬਿਲੀਅਨ ਡਾਲਰ (ਲਗਭਗ ਰੁ. 9,800 ਕਰੋੜ) ਤੋਂ ਵੱਧ ਦੀ ਗਿਰਾਵਟ ਆਈ ਹੈ। ਇਹ ਗਿਰਾਵਟ ਮੁੱਖ ਤੌਰ 'ਤੇ ਕ੍ਰਿਪਟੋਕਰੰਸੀ ਅਤੇ ਮੀਮ ਸਿੱਕਿਆਂ ਵਿੱਚ ਉਨ੍ਹਾਂ ਦੇ ਵੱਡੇ ਨਿਵੇਸ਼ ਦੇ ਡੁੱਬਣ ਕਾਰਨ ਹੈ। ਇਹ ਜਾਣਕਾਰੀ ਬਲੂਮਬਰਗ ਬਿਲੀਨੇਅਰਜ਼ ਇੰਡੈਕਸ ਦੀ ਤਾਜ਼ਾ ਰਿਪੋਰਟ ਵਿੱਚ ਸਾਹਮਣੇ ਆਈ ਹੈ।

ਕਿਵੇਂ ਘੱਟ ਹੋਈ ਦੌਲਤ?

ਟਰੰਪ ਪਰਿਵਾਰ ਦੀ ਕੁੱਲ ਜਾਇਦਾਦ, ਜੋ ਕਿ ਸਤੰਬਰ 2024 ਦੀ ਸ਼ੁਰੂਆਤ ਵਿੱਚ ਲਗਭਗ $7.7 ਬਿਲੀਅਨ ਸੀ, ਹੁਣ ਡਿੱਗ ਕੇ £6.7 ਬਿਲੀਅਨ ਹੋ ਗਈ ਹੈ।

ਨੁਕਸਾਨ ਦੇ ਮੁੱਖ ਕਾਰਨ:

ਟਰੰਪ-ਬ੍ਰਾਂਡ ਵਾਲੇ ਮੀਮਕੋਇਨ ($TRUMP) ਦੀ ਕੀਮਤ 25% ਘੱਟ ਗਈ।

ਏਰਿਕ ਟਰੰਪ ਦਾ ਇੱਕ ਬਿਟਕੋਇਨ-ਮਾਈਨਿੰਗ ਕੰਪਨੀ ਵਿੱਚ ਨਿਵੇਸ਼ ਲਗਭਗ ਅੱਧਾ ਰਹਿ ਗਿਆ।

ਟਰੁਥ ਸੋਸ਼ਲ ਦੀ ਮੂਲ ਕੰਪਨੀ, TMTG ਦੇ ਸ਼ੇਅਰ ਇਤਿਹਾਸਕ ਹੇਠਲੇ ਪੱਧਰ 'ਤੇ ਡਿੱਗ ਗਏ, ਜਿਸ ਕਾਰਨ ਟਰੰਪ ਦੀ ਦੌਲਤ ਵਿੱਚ £800 ਮਿਲੀਅਨ ਦੀ ਗਿਰਾਵਟ ਆਈ।

ਕਈ ਕ੍ਰਿਪਟੋ ਪ੍ਰੋਜੈਕਟਾਂ ਵਿੱਚ ਪਰਿਵਾਰ ਦੇ ਮਹੱਤਵਪੂਰਨ ਹਿੱਸੇਦਾਰੀ ਅਚਾਨਕ ਮੁੱਲ ਵਿੱਚ ਡਿੱਗ ਗਈ। ਸਤੰਬਰ ਵਿੱਚ ਇੱਕ ਸਮੇਂ, ਇਹ ਰਿਪੋਰਟ ਕੀਤੀ ਗਈ ਸੀ ਕਿ ਕ੍ਰਿਪਟੋ ਟਰੰਪ ਦੀ ਰੀਅਲ ਅਸਟੇਟ ਨਾਲੋਂ ਇੱਕ ਵੱਡੀ ਸੰਪਤੀ ਬਣ ਗਈ ਸੀ, ਪਰ ਹੁਣ ਸਥਿਤੀ ਉਲਟ ਹੋ ਗਈ ਹੈ।



ਕਿਉਂ ਡੁੱਬਿਆ ਇਨਾ ਪੈਸਾ?

1. WLFI ਕ੍ਰਿਪਟੋ ਪ੍ਰੋਜੈਕਟ ਦੀ ਕੀਮਤ ਅੱਧੀ ਹੋ ਗਈ।

ਵਰਲਡ ਲਿਬਰਟੀ ਫਾਈਨੈਂਸ਼ੀਅਲ (WLFI) – ਟਰੰਪ ਪਰਿਵਾਰ ਦਾ ਸਭ ਤੋਂ ਵੱਡਾ ਕ੍ਰਿਪਟੋ ਪ੍ਰੋਜੈਕਟ – $6 ਬਿਲੀਅਨ ਤੋਂ ਡਿੱਗ ਕੇ $3.15 ਬਿਲੀਅਨ ਹੋ ਗਿਆ। ਇਹ ਟੋਕਨ ਹੁਣੇ ਵੇਚੇ ਨਹੀਂ ਜਾ ਸਕਦੇ, ਇਸ ਲਈ ਇਹ 'ਲਾਕ' ਹਨ, ਜਿਸ ਨਾਲ ਅਸਲ ਨੁਕਸਾਨ ਦੀ ਪੂਰੀ ਪ੍ਰਾਪਤੀ ਨਹੀਂ ਹੋ ਰਹੀ।

2. ਅਮਰੀਕਨ ਬਿਟਕੋਇਨ ਕਾਰਪੋਰੇਸ਼ਨ ਦਾ ਸਟਾਕ 50% ਡਿੱਗ ਗਿਆ।

ਕੰਪਨੀ, ਜਿਸ ਵਿੱਚ ਏਰਿਕ ਟਰੰਪ ਦੀ 7.5% ਹਿੱਸੇਦਾਰੀ ਹੈ, ਦੇ ਸ਼ੇਅਰ ਅੱਧੇ ਹੋ ਗਏ। ਇਸ ਦੇ ਨਤੀਜੇ ਵਜੋਂ ਪਰਿਵਾਰ ਲਈ £300 ਮਿਲੀਅਨ ਦਾ ਨੁਕਸਾਨ ਹੋਇਆ। ਬਹੁਤ ਸਾਰੇ ਸ਼ੁਰੂਆਤੀ ਨਿਵੇਸ਼ਕ ਵੀ 45% ਤੱਕ ਗੁਆ ਚੁੱਕੇ ਹਨ।

3. ਮੀਮ ਸਿੱਕਿਆਂ ਦੀ ਕੀਮਤ ਤੇਜ਼ੀ ਨਾਲ ਡਿੱਗਦੀ ਹੈ।

ਮੀਮ ਸਿੱਕੇ ਬਹੁਤ ਜੋਖਮ ਭਰੇ ਹੁੰਦੇ ਹਨ – ਇਹ ਮਿੰਟਾਂ ਵਿੱਚ ਉਤਰਾਅ-ਚੜ੍ਹਾਅ ਕਰਦੇ ਹਨ। ਟਰੰਪ ਦਾ $TRUMP ਸਿੱਕਾ ਵੀ ਤੇਜ਼ੀ ਨਾਲ ਡਿੱਗ ਗਿਆ।

ਨਿਵੇਸ਼ਕਾਂ ਦਾ ਵੀ ਹੋਇਆ ਨੁਕਸਾਨ

ਜਿਨ੍ਹਾਂ ਨੇ ਟਰੰਪ ਦੇ ਨਾਮ ਵਾਲੇ ਸਿੱਕੇ ਵਿੱਚ ਨਿਵੇਸ਼ ਕਰਕੇ ਅਮੀਰ ਬਣਨ ਦੀ ਉਮੀਦ ਕੀਤੀ ਸੀ, ਉਨ੍ਹਾਂ ਨੂੰ ਵੀ ਗੰਭੀਰ ਨੁਕਸਾਨ ਦਾ ਸਾਹਮਣਾ ਕਰਨਾ ਪਿਆ। ਜਿਨ੍ਹਾਂ ਨੇ ਜਨਵਰੀ ਵਿੱਚ $TRUMP ਖਰੀਦਿਆ ਸੀ, ਉਨ੍ਹਾਂ ਨੇ ਆਪਣੇ ਲਗਭਗ ਸਾਰੇ ਪੈਸੇ ਗੁਆ ਦਿੱਤੇ। TMTG ਅਤੇ ਹੋਰ ਕ੍ਰਿਪਟੋ ਪ੍ਰੋਜੈਕਟਾਂ ਵਿੱਚ ਨਿਵੇਸ਼ਕਾਂ ਨੂੰ ਵੀ ਕਾਫ਼ੀ ਨੁਕਸਾਨ ਹੋਇਆ।

ਏਰਿਕ ਟਰੰਪ ਨੇ ਕਿਹਾ, 'ਇਹ ਇੱਕ ਖਰੀਦਦਾਰੀ ਦਾ ਮੌਕਾ ਹੈ!'

ਮਹੱਤਵਪੂਰਨ ਨੁਕਸਾਨਾਂ ਦੇ ਬਾਵਜੂਦ, ਏਰਿਕ ਟਰੰਪ ਬਹੁਤ ਉਤਸ਼ਾਹਿਤ ਰਹਿੰਦਾ ਹੈ। ਉਸਨੇ ਕਿਹਾ: 'ਇਹ ਇੱਕ ਵਧੀਆ ਖਰੀਦਦਾਰੀ ਦਾ ਮੌਕਾ ਹੈ। ਜੋ ਲੋਕ ਡਿਪਸ ਵਿੱਚ ਖਰੀਦਦੇ ਹਨ ਉਹ ਜਿੱਤਦੇ ਹਨ। ਮੈਂ ਕ੍ਰਿਪਟੋ ਬਾਰੇ ਪਹਿਲਾਂ ਨਾਲੋਂ ਵੀ ਜ਼ਿਆਦਾ ਸਕਾਰਾਤਮਕ ਹਾਂ।'

ਅਜੇ ਵੀ ਕ੍ਰਿਪਟੋ ਤੋਂ ਅਰਬਾਂ ਕਮਾਏ

ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਟਰੰਪ ਪਰਿਵਾਰ ਨੇ ਪਿਛਲੇ ਦੋ ਸਾਲਾਂ ਵਿੱਚ NFTs ਵੇਚ ਕੇ, WLFI ਲਾਂਚ ਕਰਕੇ, ਅਤੇ ਕ੍ਰਿਪਟੋ ਮਾਰਕੀਟ ਦੇ ਉੱਪਰਲੇ ਰੁਝਾਨ ਦੌਰਾਨ ਅਰਬਾਂ ਡਾਲਰ ਕਮਾਏ ਹਨ।

ਕ੍ਰਿਪਟੋ ਮਾਰਕੀਟ ਤੋਂ ਕੁੱਲ $1 ਟ੍ਰਿਲੀਅਨ ਦਾ ਹੋ ਗਿਆ ਸਫ਼ਾਇਆ

ਇਹ ਗਿਰਾਵਟ ਸਿਰਫ਼ ਟਰੰਪ ਤੱਕ ਸੀਮਿਤ ਨਹੀਂ ਹੈ। ਸਤੰਬਰ ਤੋਂ ਗਲੋਬਲ ਕ੍ਰਿਪਟੋ ਮਾਰਕੀਟ ਤੋਂ £1 ਟ੍ਰਿਲੀਅਨ ਦਾ ਸਫ਼ਾਇਆ ਹੋ ਗਿਆ ਹੈ। ਬਿਟਕੋਇਨ, ਈਥਰਿਅਮ ਅਤੇ ਮੀਮ ਸਿੱਕਿਆਂ ਦੀ ਕੀਮਤ ਵਿੱਚ ਕਾਫ਼ੀ ਗਿਰਾਵਟ ਆਈ ਹੈ।




## ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ



ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ
350ਵੇਂ ਸ਼ਹੀਦੀ ਦਿਹਾੜੇ ਤੇ

**ਐਤਵਾਰ 30 ਨਵੰਬਰ**

ਨੂੰ ਸਵੇਰੇ ਅਖੰਡ ਪਾਠ ਦੇ ਭੋਗ ਅਤੇ
ਕਥਾ-ਕੀਰਤਨ ਦੇ ਪ੍ਰਵਾਹ ਉਪਰੰਤ
**ਵੱਖ-ਵੱਖ ਗੁਰਦੁਆਰਿਆਂ
ਅਤੇ ਸਿੱਖ ਜਥੇਬੰਦੀਆਂ ਦੇ
ਸਹਿਯੋਗ ਅਤੇ ਸ਼ਮੂਲੀਅਤ ਨਾਲ**
ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ
**ਦੁਪਹਿਰ 12 ਵਜੇ**

# ਸ਼ਹੀਦੀ ਕਾਨਫਰੰਸ

ਹੋਵੇਗੀ, ਜਿਸ ਵਿੱਚ ਪੰਥਕ ਬੁਲਾਰੇ ਗੁਰੂ ਸਾਹਿਬ ਦੀ ਸ਼ਹੀਦੀ ਦੀ ਰੌਸ਼ਨੀ ਵਿੱਚ ਕੌਮ ਦੇ ਵਰਤਮਾਨ ਅਤੇ ਭਵਿੱਖ ਬਾਰੇ ਵਿਚਾਰਾਂ ਸਾਂਝੀਆਂ ਕਰਨਗੇ।

ਦੂਰ ਨੇੜੇ ਦੀਆਂ ਸਮੂਹ ਸੰਗਤਾਂ ਨੂੰ ਕਾਨਫਰੰਸ ਵਿੱਚ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 510.790.0177

ਗੁਰਦੁਆਰਾ ਸਾਹਿਬ ਫਰੀਮੌਂਟ
GURDWARA SAHIB FREMONT

**ਜਾਰੀ ਕਰਤਾ:**
ਗੁਰਦੁਆਰਾ ਸਾਹਿਬ ਫਰੀਮੌਂਟ, ਸਿੱਖ ਪੰਚਾਇਤ, ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਜੈਕਾਰਾ,
ਸਿੱਖ ਕਾਕਸ ਕਮੇਟੀ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸਿੱਖ ਯੂਥ ਔਫ ਅਮੈਰਿਕਾ, ਸਿੱਖ ਫੈਡਰੇਸ਼ਨ ਯੂ.ਐਸ.ਏ.

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

SAN RAMON
San Ramon
URGENT CARE & CLINIC
9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE
15810 Harlan Road #A
Lathrop, CA 95330
(209) 983-9000

MAIN STREET
Main Street
URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਮੈਂ ਕੋਈ ਚੀਜ਼ ਇੰਨੀ ਸ਼ਾਨਦਾਰ, ਇਤਨੀ ਸੁੰਦਰ ਤੇ ਇਤਨੀ ਆਦਿ ਤੋਂ ਅੰਤ ਤੱਕ ਜਮਹੂਰੀ ਲਿਖਤ ਵਿਚ ਨਹੀਂ ਪੜ੍ਹੀ ਜਿਤਨੀ ਕਿ ਪਹਾੜੀ ਰਾਜਿਆਂ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਗੱਲਬਾਤ ਹੈ ਅਤੇ ਉਹ ਹੀ ਸਿੱਖ ਧਰਮ ਦਾ ਨਿਚੋੜ ਹੈ।"

ਖ਼ਾਲਸਾ ਸਮਾਚਾਰ, 4 ਫਰਵਰੀ 1937, ਅੰਕ 10, ਜਿਲਦ 38, ਪੰਨਾ-4

ਖ਼ਾਲਸਾ ਸਮਾਚਾਰ 4 ਫਰਵਰੀ 1937, ਜਿਲਦ 37, ਪੰਨਾ-4

**ਸਿੱਖਾਂ ਦੀ ਚੋਣ**

ਅਸੈਂਬਲੀ ਵਿਚ ਜਾਣ ਵਾਲੇ ਸਿੱਖਾਂ ਦੀ ਚੋਣ ਖਤਮ ਹੋ ਗਈ ਹੈ, ਸਵਾਦ ਦੀ ਗੱਲ ਇਹ ਹੈ ਕਿ ਹਰ ਇਕ ਆਦਮੀ ਆਪਣੇ-ਆਪ ਨੂੰ ਕਾਮਯਾਬ ਦਸ ਰਿਹਾ ਹੈ ਤੇ ਥੋੜ੍ਹੀ ਵੀ ਨਹੀਂ ਸੈਂਕੜਿਆਂ ਦੀ ਗਿਣਤੀ ਵਾਧੇ ਵਿਚ ਦਸ ਕੇ ਕਾਮਯਾਬ ਦੱਸ ਰਿਹਾ ਹੈ। ਇਲੈਕਸ਼ਨ ਖਤਮ ਹੋਣ ਤੋਂ ਪਹਿਲਾਂ ਤਾ ਇਸ ਤਰ੍ਹਾਂ ਦੇ ਝੂਠ ਕੁਛ ਅਰਥ ਰੱਖਦੇ ਸੀ ਕਿ ਇਸ ਤਰ੍ਹਾਂ ਪੋਲਿੰਗ ਦੇ ਦਿਨਾਂ ਵਿਚ ਵੋਟਰਾਂ ਤੇ ਚੰਗਾ ਪ੍ਰਭਾਵ ਪੈ ਸਕੇ। ਪਰ ਪੋਲਿੰਗ ਖਤਮ ਹੋ ਜਾਣ ਮਗਰੋਂ ਝੂਠ ਬੋਲਣ ਦਾ ਕੀ ਅਰਥ? 15 ਤਰੀਕ ਤੱਕ ਸਰਕਾਰ ਵਲੋਂ ਕਾਮਯਾਬ ਉਮੀਦਵਾਰਾਂ ਦੇ ਨਾਮ ਛਪ ਜਾਣਗੇ। ਉਸ ਵੇਲੇ ਪਤਾ ਲੱਗੇਗਾ ਕਿ ਕਿਹੜਾ ਕਿਹੜਾ ਕਾਮਯਾਬ ਹੈ, ਕਈ ਹਲਕਿਆਂ ਦੇ ਨਤੀਜੇ ਨਿਕਲਣੇ ਸ਼ੁਰੂ ਹੋ ਗਏ ਹਨ।

**ਕਾਮਯਾਬ ਹੋ ਗਏ**

ਨਨਕਾਣਾ ਸਾਹਿਬ ਦੇ ਸਿੱਖ ਹਲਕੇ ਵਲੋਂ ਸ੍ਰ. ਤੇਜਾ ਸਿੰਘ ਜੀ ਚੂਹੜਕਾਣਾ ਤੇ ਸਰਦਾਰ ਨੌਨਿਹਾਲ ਸਿੰਘ ਉਮੀਦਵਾਰ ਸਨ। ਸਰਦਾਰ ਨੌਨਿਹਾਲ ਸਿੰਘ ਜੀ ਕਾਮਯਾਬ ਹੋ ਗਏ ਹਨ। ਸਰਦਾਰ ਤੇਜਾ ਸਿੰਘ ਜੀ ਅਕਾਲੀ ਪਾਰਟੀ ਵਲੋਂ ਖੜ੍ਹੇ ਹੋਏ ਸੀ, 737 ਵੋਟਾਂ ਦੇ ਫਰਕ 'ਤੇ ਰਹਿ ਗਏ ਹਲ।

1. ਸ੍ਰ. ਕਪੂਰ ਸਿੰਘ ਲੁਧਿਆਣਾ।
2. ਸ੍ਰ. ਾਿਤਮ ਸਿੰਘ ਫਿਰੋਜ਼ਪੁਰ।
3. ਲੈਫਟੀਨੈਂਟ ਸੋਢੀ ਹਰਨਾਮ ਸਿੰਘ ਫਿਰੋਜ਼ਪੁਰ।
4. ਸ੍ਰ. ਤਾਰਾ ਸਿੰਘ ਜੀ ਫਿਰੋਜ਼ਪੁਰ।
5. ਸ੍ਰ. ਸੋਹਨ ਸਿੰਘ ਜੋਸ਼ ਸੋਸ਼ਲਿਸਟ ਅੰਮ੍ਰਿਤਸਰ ਉਤਰੀ ਪੇਂਡੂ ਹਲਕਾ।
6. ਰਾਏ ਬਹਾਦਰ ਸ੍ਰ. ਵਿਸਾਖਾ ਸਿੰਘ।




7. ਸ੍ਰ. ਪ੍ਰਤਾਪ ਸਿੰਘ ਐਮ.ਏ. ਅਕਾਲੀ ਪਾਰਟੀ ਅੰਮ੍ਰਿਤਸਰ।
8. ਸ੍ਰ. ਸੰਪੂਰਨ ਸਿੰਘ ਅਕਾਲੀ ਕਾਂਗਰਸ ਲਾਇਲਪੁਰ।
9. ਗਿਆਨੀ ਕਰਤਾਰ ਸਿੰਘ ਅਕਾਲੀ ਕਾਂਗਰਸ ਲਾਇਲਪੁਰ।
10. ਰਘਬੀਰ ਕੌਰ ਕਾਂਗਰਸ ਅੰਮ੍ਰਿਤਸਰ ਸਿੱਖ ਜ਼ਨਾਨਾ ਸੀਟ।
11. ਸਰਦਾਰ ਬਲਵੰਤ ਸਿੰਘ ਇੰਡੀਪੈਂਡੈਂਟ ਸਿਆਲਕੋਟ ਦਿਹਾਤੀ ਹਲਕਾ।
12. ਸਰਦਾਰ ਲਾਲ ਸਿੰਘ ਐਡਵੋਕੇਟ ਇੰਡੀਪੈਂਡੈਂਟ ਸੈਂਟਰਲ ਪੇਂਡੂ ਹਲਕਾ।

ਖ਼ਾਲਸਾ ਸਮਾਚਾਰ, 4 ਫਰਵਰੀ 1937, ਅੰਕ 10, ਜਿਲਦ 38, ਪੰਨਾ-4

ਪਿਸ਼ਾਵਰ : ਮਾਸਟਰ ਈਸ਼ਰ ਸਿੰਘ ਜਾਂ ਐਸ. ਵੀ ਜੋ ਕਿ ਖ਼ਾਲਸਾ ਸਕੂਲ ਦੇ ਪੁਰਾਣੇ ਸੇਵਕ ਸਨ ਚਲਾਣਾ ਕਰ ਗਏ ਹਨ। ਸ੍ਰ. ਸੁਜਾਨ ਸਿੰਘ ਜੀ ਹੈੱਡ ਮਾਸਟਰ ਜੀ ਪ੍ਰਧਾਨਗੀ ਹੇਠ ਇਕੱਤਰਤਾ ਹੋਈ, ਮਾਸਟਰ ਜੀ ਦੀ ਸੇਵਾ ਦੀ ਪ੍ਰਸ਼ੰਸਾ ਕੀਤੀ ਗਈ। ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਗਈ ਤੇ ਮਾਸਟਰ ਜੀ ਨਮਿਤ ਹਿਕ ਅਖੰਡ ਪਾਠ ਰੱਖਣ ਦਾ ਮਤਾ ਪਾਸ ਹੋਇਆ।

-ਦਾਸ ਜੋਧ ਸਿੰਘ

ਖਾਲਸਾ ਸਮਾਚਾਰ, 27 ਮਈ 1937, ਜਿਲਦ 38, ਪੰਨਾ -8

ਖ਼ਾਲਸਾ ਸਮਾਚਾਰ 27 ਮਈ 1937, ਜਿਲਦ 38, ਅੰਕ 38, ਪੰਨਾ-8

**ਸਰਬ-ਹਿੰਦ ਸਿੱਖ ਮਿਸ਼ਨ**

ਮਾਲਾਬਾਰ ਦੇ ਇਲਾਕੇ ਵਿਚ ਪ੍ਰਚਾਰ ਹੋ ਰਿਹਾ ਹੈ, ਪੰਜਾਬ ਤੋਂ ਦੂਰ ਹੋਣ ਕਰਕੇ ਕਈ ਔਕੜਾਂ ਹਨ, ਪਿਛਲੇ ਸਾਲ 333 ਆਦਮੀ ਸਿੰਘ ਸਜੇ ਸਨ ਤੇ ਇਸ ਸਾਲ 521 ਗੁਰਦੁਆਰੇ ਬਣਾਉਣ ਲਈ ਜ਼ਮੀਨਾਂ ਖਰੀਦੀਆਂ ਗਈਆਂ ਹਨ, ਪਰ ਇਮਾਰਤ ਬਣਾਉਣ ਦੀ ਰਿਆਸਤਾਂ ਵਲੋਂ ਆਗਿਆ ਨਹੀਂ ਮਿਲ ਰਹੀ ਪਰ ਯਤਨ ਹੋ ਰਿਹਾ ਹੈ ਕਿ ਰਿਆਸਤਾਂ ਨਾਲ ਲਿਖਾ ਪੜ੍ਹੀ ਕਰਕੇ ਪ੍ਰਵਾਨਗੀ ਲਈ ਜਾਏ।


ਕੇਹਰ ਸਿੰਘ

ਖ਼ਾਲਸਾ ਸਮਾਚਾਰ, 27 ਮਈ 1937, ਅੰਕ 26, ਜਿਲਦ 38, ਪੰਨਾ-8

(ਚਲਦਾ)

# ਸ੍ਰੀ ਆਨੰਦਪੁਰ ਸਾਹਿਬ 'ਚ ਸਕੂਲੀ ਵਿਦਿਆਰਥੀਆਂ ਦੀ ਮੌਕ ਵਿਧਾਨ ਸਭਾ

## ਵਿਦਿਆਰਥੀਆਂ ਨੇ ਵਿਧਾਨ ਸਭਾ ਦੀ ਕਾਰਵਾਈ ਚਲਾਈ; ਸਪੀਕਰ, ਡਿਪਟੀ ਸਪੀਕਰ, ਮੁੱਖ ਮੰਤਰੀ, ਮੰਤਰੀਆਂ ਅਤੇ 117 ਵਿਧਾਇਕਾਂ ਦੀ ਭੂਮਿਕਾ ਨਿਭਾਈ









ਆਨੰਦਪੁਰ ਸਾਹਿਬ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੰਵਿਧਾਨ ਦਿਵਸ ਮੌਕੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਤਿਆਰ ਕੀਤੀ ਗਈ ਵਿਸ਼ੇਸ਼ ਪੰਜਾਬ ਵਿਧਾਨ ਸਭਾ ਵਿੱਚ ਰਾਜ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਮੌਕ ਵਿਧਾਨ ਸਭਾ ਸੈਸ਼ਨ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਵਿਧਾਨ ਸਭਾ ਦੇ ਸਕੱਤਰ ਰਾਮਲੋਕ ਖਟਾਣਾ ਨੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਇਜਾਜ਼ਤ ਨਾਲ ਕੀਤੀ।

ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਸਵਾਗਤ ਕਰਦਿਆਂ ਸੰਵਿਧਾਨ ਦਿਵਸ ਦੀ ਮਹੱਤਤਾ ਤੇ ਇਸ ਦੀ ਰਾਜਨੀਤਕ ਤੇ ਸਮਾਜਿਕ ਅਹਿਮੀਅਤ ਬਾਰੇ ਜਾਣੂ ਕਰਵਾਇਆ। ਇਸ ਮੌਕੇ ਪੰਜਾਬ ਦੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਦੇਸ਼ ਦਾ ਸੰਵਿਧਾਨ ਜਿਥੇ ਨਾਗਰਿਕਾਂ ਦੇ ਅਧਿਕਾਰ ਨਿਰਧਾਰਤ ਕਰਦਾ ਹੈ, ਉਥੇ ਕਰਤੱਵਾਂ ਬਾਰੇ ਵੀ ਸਚੇਤ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲ ਵਿਦਿਆਰਥੀਆਂ ਵਿੱਚ ਲੋਕਤੰਤਰਕ ਸੋਚ ਨੂੰ ਮਜ਼ਬੂਤ ਕਰੇਗੀ ਅਤੇ ਰਾਜਨੀਤੀ ਪ੍ਰਤੀ ਰੁਚੀ ਪੈਦਾ ਕਰੇਗੀ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਹੈ ਕਿਉਂਕਿ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਸੱਤਾ ਚਲਾਉਣ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਰਾਜਨੀਤੀ ਸਾਡੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਵਿਦਿਆਰਥੀਆਂ ਨੂੰ ਇਸ ਪ੍ਰਕਿਰਿਆ ਨਾਲ ਜੁੜਨਾ ਚਾਹੀਦਾ ਹੈ। ਸਪੀਕਰ ਨੇ 'ਵੋਟ ਚੋਰੀ' ਵਿਸ਼ੇ 'ਤੇ ਆਰਟੀਕਲ ਲਿਖਣ ਦਾ ਟਾਸਕ ਦਿੱਤਾ ਅਤੇ ਪਹਿਲੇ ਤਿੰਨ ਸਥਾਨਾਂ ਲਈ ਕ੍ਰਮਵਾਰ 51,000, 21,000 ਅਤੇ 11,000 ਰੁਪਏ ਦੇ ਇਨਾਮ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ 29 ਨਵੰਬਰ ਤੱਕ ਪੰਜਾਬ ਦਾ ਹਰ ਸਕੂਲ ਇਸ ਵਿਧਾਨ ਸਭਾ ਦਾ ਦੌਰਾ ਕਰ ਸਕਦਾ ਹੈ। ਇਸ ਦੌਰਾਨ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਸਨਮਾਨ ਵੀ ਕੀਤਾ ਗਿਆ।

ਭਾਵੇਂ ਇਹ ਮੌਕ ਸੈਸ਼ਨ ਸੀ, ਪਰ ਵਿਦਿਆਰਥੀਆਂ ਨੇ ਸਪੀਕਰ, ਡਿਪਟੀ ਸਪੀਕਰ, ਮੁੱਖ ਮੰਤਰੀ, ਮੰਤਰੀਆਂ ਅਤੇ 117 ਵਿਧਾਇਕਾਂ ਦੀ ਭੂਮਿਕਾ ਨਿਭਾਈ। ਮੁੱਖ ਮੰਤਰੀ ਭਗਵੰਤ ਮਾਨ ਦਾ ਕਿਰਦਾਰ ਹਰਿਕਮਲਦੀਪ ਸਿੰਘ ਨੇ ਨਿਭਾਇਆ, ਜਦ ਕਿ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦਾ ਕਿਰਦਾਰ ਹਰਪ੍ਰੀਤ ਸਿੰਘ ਨੇ ਨਿਭਾਇਆ। ਕੋਟਕਪੂਰਾ ਹਲਕੇ ਤੋਂ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਦੀ ਭੂਮਿਕਾ ਜਗਮੰਦਰ ਸਿੰਘ ਵੱਲੋਂ ਨਿਭਾਈ ਗਈ, ਜਦ ਕਿ ਡਿਪਟੀ ਸਪੀਕਰ ਦਾ ਕਿਰਦਾਰ ਦੀਸ਼ਾਤ ਕੁਮਾਰ ਨੇ ਨਿਭਾਇਆ। ਪ੍ਰਸ਼ਨ ਕਾਲ ਦੌਰਾਨ 10 ਸਵਾਲ ਪੁੱਛੇ ਗਏ ਜਿਨ੍ਹਾਂ ਦੇ ਜਵਾਬ ਜਲ ਸਰੋਤ, ਲੋਕ ਨਿਰਮਾਣ, ਜੰਗਲਾਤ, ਸਿੱਖਿਆ, ਸਿਹਤ, ਸਥਾਨਕ ਸਰਕਾਰਾਂ, ਟਰਾਂਸਪੋਰਟ ਅਤੇ ਸਮਾਜਿਕ ਸੁਰੱਖਿਆ ਵਾਂਗੂੰ ਮੰਤਰੀਆਂ ਦੀ ਭੂਮਿਕਾ ਨਿਭਾ ਰਹੇ ਵਿਦਿਆਰਥੀਆਂ ਵੱਲੋਂ ਦਿੱਤੇ ਗਏ। ਸੈਸ਼ਨ



ਦੌਰਾਨ 'ਦਿ ਪੰਜਾਬ ਪੰਚਾਇਤੀ ਰਾਜ (ਅਮੈਂਡਮੈਂਟ) ਬਿੱਲ 2024' ਅਤੇ 'ਦਿ ਪ੍ਰੀਵੈਨਸ਼ਨ ਆਫ਼ ਕਰੂਲਟੀ ਟੂ ਐਨੀਮਲਜ਼ (ਪੰਜਾਬ ਅਮੈਂਡਮੈਂਟ) ਬਿੱਲ 2025' ਪੇਸ਼ ਕੀਤੇ ਗਏ। ਇਸ ਤੋਂ ਇਲਾਵਾ ਸੀਵਰੇਜ ਪ੍ਰਬੰਧ, ਜਲ ਸੰਭਾਲ ਅਤੇ ਮੱਕੀ ਦੇ ਬੀਜ ਦੀ ਨਵੀਂ ਕਿਸਮ ਸਬੰਧੀ ਧਿਆਨ ਦਿਵਾਊ ਮਤੇ ਵੀ ਪੇਸ਼ ਹੋਏ, ਜੋ ਕਿ ਸਰਬਸੰਮਤੀ ਨਾਲ ਪਾਸ ਕੀਤੇ ਗਏ। ਸਮਾਗਮ ਨੇ ਨੌਜਵਾਨਾਂ ਵਿੱਚ ਲੋਕਤੰਤਰ ਪ੍ਰਤੀ ਜ਼ਿੰਮੇਵਾਰੀ ਅਤੇ ਭਰੋਸਾ ਹੋਰ ਮਜ਼ਬੂਤ ਕੀਤਾ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਹਰਨੀਆ**

ਪੇਟ ਦੀਆਂ ਆਂਤੜੀਆਂ ਦਾ ਕੋਈ ਹਿੱਸਾ ਪੇਟ ਦੇ ਕਿਸੇ ਨਾਜ਼ੁਕ ਸਥਾਨ ਤੋਂ ਬਾਹਰ ਨੂੰ ਆਵੇ, ਉਸਨੂੰ ਹਰਨੀਆ ਕਹਿੰਦੇ ਹਨ। ਆਮ ਤੌਰ 'ਤੇ ਹਰਨੀਆ ਪੇਟ ਅਤੇ ਲੱਤ ਦੇ ਜੋੜ ਵਾਲੇ ਹਿੱਸੇ ਵਿੱਚ ਹੁੰਦਾ ਹੈ, ਪਰ ਕਦੇ ਕਦੇ ਇਹ ਧੁੰਨੀ ਜਾਂ ਧੁੰਨੀ ਦੇ ਆਲੇ-ਦੁਆਲੇ ਵੀ ਹੁੰਦਾ ਹੈ । ਹਰਨੀਆ ਔਰਤਾਂ ਨਾਲੋਂ
ਪੁਰਸ਼ਾਂ ਵਿੱਚ ਜ਼ਿਆਦਾ ਪਾਇਆ ਜਾਂਦਾ ਹੈ ।

**ਕਾਰਨ :**

1. ਜ਼ਿਆਦਾ ਭਾਰ ਉਠਾਉਣਾ।
2. ਲੰਬੇ ਸਮੇਂ ਤੋਂ ਚੱਲ ਰਹੀ ਖਾਂਸੀ।
3. ਪੇਟ ਦੇ ਅਪ੍ਰੇਸ਼ਨ ਤੋਂ ਬਾਅਦ।
4. ਜਨਮ ਸਮੇਂ ਪੇਟ ਦੀਆਂ ਕਮਜ਼ੋਰ ਦੀਵਾਰਾਂ।
5. ਕਬਜ਼ ਦੇ ਕਾਰਨ ਮਲ ਤਿਆਗਣ ਸਮੇਂ ਜ਼ਿਆਦਾ ਜ਼ੋਰ ਲਾਉਣ ਨਾਲ।

**ਲੱਛਣ :**

1. ਲੱਤਾਂ ਦੇ ਵਿਚਕਾਰ ਦੇ ਹਿੱਸੇ ਵਿੱਚ ਦਬਾਅ ਜਾਂ ਦਰਦ ਮਹਿਸੂਸ ਹੋਣਾ।
2. ਪੇਟ ਵਿੱਚ ਬਾਹਰ ਨੂੰ ਉੱਭਰਿਆ ਹੋਇਆ ਹਿੱਸਾ ਜੋ ਦਬਾਉਣ ਨਾਲ ਅੰਦਰ ਨੂੰ ਧਕੇਲਿਆ ਜਾ ਸਕੇ।
3. ਭਾਰ ਉਠਾਉਣ ਜਾਂ ਖਾਂਸੀ ਕਰਨ ਸਮੇਂ ਦਰਦ ਹੋਣਾ।
4. ਖ਼ਾਂਸੀ ਜਾਂ ਭਾਰ ਉਠਾਉਣ ਨਾਲ ਹਰਨੀਆਂ ਦਾ ਵਧਣਾ।

**ਰੋਕਥਾਮ/ਬਚਾਅ :**

1. ਉਹ ਕੰਮ ਕਰਨੇ ਬੰਦ ਕਰੋ ਜਿਨ੍ਹਾਂ ਨਾਲ ਤੁਹਾਡੇ ਪੇਟ ਦੀਆਂ ਮਾਸਪੇਸ਼ੀਆਂ ਨੂੰ ਜ਼ੋਰ ਲਗਾਉਣਾ ਪਵੇ ਜਾਂ ਇਸ ਨਾਲ ਤੁਹਾਡੇ ਲੱਤਾਂ ਦੇ ਵਿਚਕਾਰ ਦੇ ਹਿੱਸੇ ਵਿੱਚ ਦਰਦ




ਸ਼ੁਰੂ ਹੋ ਜਾਵੇ।

2. ਭਾਰ ਉਠਾਉਣ ਦਾ ਸਹੀ ਤਰੀਕਾ ਅਪਣਾਓ :
(ੳ) ਜਦੋਂ ਭਾਰ ਉਠਾਉਣਾ ਹੋਵੇ ਤਾਂ ਆਪਣੇ ਗੋਡੇ ਝੁਕਾਓ ਜਾਂ ਮੋੜੋ, ਪਿੱਠ ਸਿੱਧੀ ਰੱਖੋ ਅਤੇ ਭਾਰ ਨੂੰ ਆਪਣੇ ਸਰੀਰ ਦੇ ਕੋਲ ਰੱਖੋ।
(ਅ) ਆਪਣੀਆਂ ਬਾਂਹਵਾਂ ਅਤੇ ਲੱਤਾਂ ਨੂੰ ਕੰਮ ਕਰਨ ਦੇਵੋ।
(ੲ) ਭਾਰ ਉਠਾਉਣ ਲਈ ਆਪਣੀ ਕਮਰ ਨੂੰ ਨਾ ਝੁਕਾਓ।
(ਸ) ਜੋ ਭਾਰ ਤੁਹਾਡੇ ਲਈ ਬਹੁਤ ਭਾਰੀ ਹੈ, ਉਸਨੂੰ ਨਾ ਉਠਾਓ
3. ਕਸਰਤ ਦੇ ਨਾਲ ਆਪਣੇ ਪੇਟ ਦੀਆਂ ਮਾਸਪੇਸ਼ੀਆਂ ਨੂੰ ਤਾਕਤਵਰ ਬਣਾਓ।
4. ਕਬਜ਼ ਤੋਂ ਬਚੋ ('ਕਬਜ਼' ਦਾ ਅਧਿਆਇ ਪੜ੍ਹੋ) ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਤੁਹਾਡੇ ਪੇਟ ਦੇ ਹੇਠਲੇ ਹਿੱਸੇ ਵਿੱਚ ਸੋਜ਼ਿਸ਼ ਜਾਂ ਕੋਈ ਵਧਿਆ ਹੋਇਆ ਹਿੱਸਾ ਹੋਵੇ, ਜਿਸ ਨਾਲ ਦਰਦ ਹੁੰਦਾ ਹੋਵੇ।
2. ਜਦੋਂ ਤੁਸੀਂ ਇਸ ਉੱਭਰੇ ਹੋਏ ਹਿੱਸੇ ਨੂੰ ਪੇਟ ਦੇ ਅੰਦਰ ਨਾ ਧੱਕ ਸਕੋ।
3. ਦੋਵੇਂ ਲੱਤਾਂ ਦੇ ਵਿਚਕਾਰ ਅਚਾਨਕ ਬਹੁਤ ਜ਼ਿਆਦਾ ਦਰਦ ਹੋਣ ਲੱਗੇ।
4. ਉੱਭਰਿਆ ਹੋਇਆ ਹਿੱਸਾ ਬਹੁਤ ਜ਼ਿਆਦਾ ਲਾਲ, ਸੁੱਜਿਆ ਹੋਇਆ ਅਤੇ ਦਰਦ ਵਾਲਾ ਹੈ।

**ਹਿਚਕੀਆਂ**

ਹਿਚਕੀਆਂ ਡਾਇਆਫ੍ਰਾਮ (ਮਾਸਪੇਸ਼ੀ ਜੋ ਛਾਤੀ ਅਤੇ ਪੇਟ ਨੂੰ ਵੱਖ ਕਰਦੀ ਹੈ) ਦੇ ਇੱਕਦਮ ਸਪਾਜ਼ਮ ਹੋਣ ਕਾਰਨ ਹੁੰਦੀਆਂ ਹਨ। ਡਾਇਆਫ੍ਰਾਮ ਦਾ ਸਪਾਜ਼ਮ ਹੋਣ ਨਾਲ ਸਾਹ ਇੱਕਦਮ ਅੰਦਰ ਨੂੰ ਜਾਂਦਾ ਹੈ ਜੋ ਕਿ ਬਾਹਰ ਆਉਂਦੇ
ਸਾਹ ਨਾਲ ਟਕਰਾਉਂਦਾ ਹੈ। ਹਿਚਕੀਆਂ ਆਮ ਤੌਰ 'ਤੇ ਕੋਈ ਨੁਕਸਾਨ ਨਹੀਂ ਕਰਦੀਆਂ ਅਤੇ ਆਪਣੇ ਆਪ ਠੀਕ ਹੋ ਜਾਂਦੀਆਂ ਹਨ, ਪਰ ਜੇ ਹਿਚਕੀਆਂ ਠੀਕ ਨਾ ਹੋਣ ਤਾਂ ਖਾਣਾ ਅੰਦਰ ਲੰਘਾਉਣ ਅਤੇ ਸੌਣ ਵਿੱਚ ਤਕਲੀਫ਼ ਹੋ
ਸਕਦੀ ਹੈ। ਹਿਚਕੀਆਂ ਔਰਤਾਂ ਨਾਲੋਂ ਪੁਰਸ਼ਾਂ ਵਿੱਚ ਜ਼ਿਆਦਾ ਹੁੰਦੀਆਂ ਹਨ।
ਆਮ ਕਰਕੇ ਹਿਚਕੀਆਂ ਕੁਝ ਮਿੰਟਾਂ ਤੋਂ ਕੁਝ ਘੰਟਿਆਂ ਤੱਕ ਰਹਿ ਸਕਦੀਆਂ ਹਨ, ਪਰ ਹਿਚਕੀਆਂ ਜੇ 48 ਘੰਟੇ ਤੋਂ ਵੱਧ ਰਹਿਣ ਤਾਂ ਡਾਕਟਰ ਨੂੰ ਦਿਖਾਓ ।

**ਕਾਰਨ :**

1. ਜ਼ਿਆਦਾ ਖਾਣਾ ਜਲਦੀ ਜਲਦੀ ਵਿੱਚ ਖਾਣਾ।
2. ਸਟ੍ਰੈੱਸ।
3. ਸ਼ਰਾਬ।
4. ਖਾਣ ਸਮੇਂ ਜ਼ਿਆਦਾ ਹਵਾ ਅੰਦਰ ਲੰਘਾਉਣੀ।
5. ਠੰਡਾ ਅਤੇ ਗਰਮ ਖਾਣਾ ਨਾਲ ਨਾਲ ਖਾਣਾ।

**ਘਰੇਲੂ ਇਲਾਜ :**

1. ਆਪਣੇ ਸਾਹ ਨੂੰ ਰੋਕ ਕੇ ਹੌਲੀ ਹੌਲੀ 1 ਤੋਂ 10 ਤਕ ਗਿਣੋ ।
2. ਠੰਡਾ ਪਾਣੀ ਹੌਲੀ ਹੌਲੀ ਪੀਓ।
3. ਇੱਕ ਚੱਮਚ ਸ਼ਹਿਦ ਜਾਂ ਕੋਈ ਮਿੱਠੀ ਚੀਜ਼ ਖਾਓ।
4. ਕਾਗ਼ਜ਼ ਦੇ ਲਿਫ਼ਾਫ਼ੇ ਨੂੰ ਮੂੰਹ .ਤੇ ਰੱਖ ਕੇ ਵਾਰ ਵਾਰ ਸਾਹ ਲਵੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇ ਹਿਚਕੀਆਂ 48 ਘੰਟੇ ਤੋਂ ਬਾਅਦ ਵੀ ਬੰਦ ਨਾ ਹੋਣ।
2. ਜੇ ਇਸ ਨਾਲ ਤੁਹਾਡੇ ਖਾਣ ਜਾਂ ਸੌਣ ਵਿੱਚ ਰੁਕਾਵਟ ਹੋਵੇ।
3. ਜੇ ਹਿਚਕੀਆਂ ਕਿਸੇ ਦਵਾਈ ਲੈਣ ਤੋਂ ਬਾਅਦ ਸ਼ੁਰੂ ਹੋਈਆਂ ਹੋਣ।

ਐਕੂਪੰਕਚਰ ਵੀ ਨਾ ਹਟਣ ਵਾਲੀਆਂ ਹਿਚਕੀਆਂ ਲਈ ਫ਼ਾਇਦੇਮੰਦ ਹੋ ਸਕਦਾ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਈਡੀ ਦੇ ਰਾਂਚੀ ਜ਼ੋਨਲ ਦਫ਼ਤਰ ਨੇ 18 ਥਾਵਾਂ 'ਤੇ ਆਪਣੇ ਤਲਾਸ਼ੀ ਅਭਿਆਨ ਦੌਰਾਨ ਨਕਦੀ ਕੀਤੀ ਬਰਾਮਦ






ਰਾਂਚੀ : ਈਡੀ ਦੇ ਰਾਂਚੀ ਜ਼ੋਨਲ ਦਫ਼ਤਰ ਨੇ ਸ਼ੁੱਕਰਵਾਰ ਨੂੰ ਝਾਰਖੰਡ ਦੇ 18 ਥਾਵਾਂ 'ਤੇ ਆਪਣੇ ਤਲਾਸ਼ੀ ਅਭਿਆਨ ਦੌਰਾਨ ਨਕਦੀ ਬਰਾਮਦ ਕੀਤੀ।

# ਭੁਵਨੇਸ਼ਵਰ ਵਿੱਚ ਹਰਿਕ੍ਰਿਸ਼ਨ ਮਹਾਤਬ ਜਯੰਤੀ ਦਾ ਜਸ਼ਨ





ਭੁਵਨੇਸ਼ਵਰ ਵਿੱਚ ਡਾਕਟਰ ਹਰਿਕ੍ਰਿਸ਼ਨ ਮਹਾਤਾਬ ਦੀ 126ਵੀਂ ਜਯੰਤੀ ਦੇ ਮੌਕੇ 'ਤੇ 'ਉਤਕਲ ਕੇਸਰੀ' ਹਰਿਕ੍ਰਿਸ਼ਨ ਮਹਾਤਾਬ ਜਯੰਤੀ ਦੇ ਮੌਕੇ 'ਤੇ ਰਵਾਇਤੀ ਪਾਈਕਾ (ਯੋਧਾ) ਕਲਾਕਾਰਾਂ ਨੇ ਪੇਸ਼ਕਾਰੀ ਕੀਤੀ।

## SEMINAR ON:

# "FOR A TRUE FEDERALISM"

## - In the Context of Centre-State Relations within the Ambit of the Constitution and Federal Structure

**Venue : Speaker's Hall, Constitution Club of India, Rafi Marg, New Delhi**
**Date : Sunday, 30th November 2025 Time : 4.00 PM - 7.00 pm**

### ਉਦਘਾਟਨ



ਅਲੀ ਅਨਵਰ ਅੰਸਾਰੀ
ਸਾਬਕਾ ਸੰਸਦ ਮੈਂਬਰ (ਆਰ.ਐਸ.)

### ਗੈਸਟ ਆਫ ਆਨਰ



ਗਿਆਨੀ ਹਰਪ੍ਰੀਤ ਸਿੰਘ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

### ਸਵਾਗਤੀ ਭਾਸ਼ਣ



ਕਮਲ ਕਿਸ਼ੋਰ ਕਥੇਰੀਆ
ਆਈਆਰਐਸ (ਸੇਵਾਮੁਕਤ)

### ਵਿਸ਼ੇਸ਼ ਬੁਲਾਰੇ



ਪ੍ਰੋ. ਡਾ. ਐਲ. ਜਵਾਹਰ ਨੇਸਨ
ਸਾਬਕਾ ਵਾਈਸ-ਚਾਂਸਲਰ, ਜੇਐਸਐਸ ਸਾਇੰਸ ਟੈਕਨਾਲੋਜੀ ਯੂਨੀਵਰਸਿਟੀ



ਅਰੁਣ ਮਾਜੀ
ਐਡਵੋਕੇਟ, ਸੁਪਰੀਮ ਕੋਰਟ ਭਾਰਤ



ਗੁਰਤੇਜ ਸਿੰਘ
ਆਈ.ਏ.ਐਸ (ਸੇਵਾਮੁਕਤ)
ਸਿੱਖ ਵਿਦਵਾਨ ਅਤੇ ਰਾਜਨੀਤਿਕ ਲੇਖਕ



ਸ਼ਸ਼ੀ ਸੋਨਾਵਣੇ
ਟਰੇਡ ਯੂਨੀਅਨ ਆਗੂ

### ਪ੍ਰਧਾਨਗੀ



ਸਰਦਾਰ ਜੀਵਨ ਸਿੰਘ
ਰਾਸ਼ਟਰੀ ਪ੍ਰਧਾਨ, ਬਹੁਜਨ ਦ੍ਰਾਵਿੜ ਪਾਰਟੀ

### ਧੰਨਵਾਦ



ਅਸ਼ੋਕ ਸਿੰਘ
ਐਡਵੋਕੇਟ, ਵੀਪੀ, ਬੀਡੀਪੀ, ਮੱਧ ਪ੍ਰਦੇਸ਼

## Bhaujan Dravida Parth | New Democratic Party of India

For Information & Participation | Email : ashokkumarsaket@gmail.com | Contact : +91 97173-66805

# 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਹੋਈਆਂ ਗੁਰੂ ਘਰਾਂ ਵਿਚ ਨਤਮਸਤਕ









ਸ੍ਰੀ ਅਨੰਦਪੁਰ ਸਾਹਿਬ : ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਏ ਜਾ ਰਹੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਵਿਚ ਦੇਸ਼ ਵਿਦੇਸ਼ ਤੋਂ ਆਈਆਂ ਵੱਡੀ ਗਿਣਤੀ ਸੰਗਤਾਂ ਨੇ ਗੁਰੂ ਘਰਾਂ ਵਿਚ ਮੱਥਾ ਟੇਕਿਆ ਅਤੇ ਪਵਿੱਤਰ ਸਰੋਵਰ ਵਿਖੇ ਇਸ਼ਨਾਨ ਕੀਤਾ।

ਸਵੇਰ ਤੋਂ ਹੀ ਹਜ਼ਾਰਾਂ ਦੀ ਗਿਣਤੀ ਸੰਗਤਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਸੀਸਗੰਜ ਸਾਹਿਬ, ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਲਾਈਨਾਂ ’ਚ ਲੱਗੀਆਂ ਹੋਈਆਂ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਦਿਵਸ ਨੂੰ ਸਮਰਪਿਤ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਬੀਤੇ ਪਰਸੋਂ ਰੋਜ ਤੋਂ ਆਰੰਭ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਸਵੇਰੇ ਭੋਗ ਪਾਏ ਗਏ।

ਉਪਰੰਤ ਪਰਸੋਂ ਰੋਜ਼ ਤੋਂ ਹੀ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਲਗਾਤਾਰ ਚੱਲ ਰਹੇ ਧਾਰਮਿਕ ਸਮਾਗਮਾਂ ਦੌਰਾਨ ਗੁਰੂ ਘਰ ਦੇ ਪ੍ਰਸਿੱਧ ਕੀਰਤਨੀ ਜਥਿਆਂ, ਕਵੀਸ਼ਰੀ, ਢਾਡੀ ਅਤੇ ਕਥਾਵਾਚਕਾਂ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ। ਦੇਸ਼ ਵਿਦੇਸ਼ ਤੋਂ ਇਥੇ ਨਤਮਸਤਕ ਹੋਣ ਲਈ ਪਹੁੰਚੀਆਂ ਸੰਗਤਾਂ ਦੀ ਸਹੂਲਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੜੇ ਸੁਚੱਜੇ ਢੰਗ ਨਾਲ ਪ੍ਰਬੰਧ ਕੀਤੇ ਹੋਏ ਹਨ ਤਾਂ ਜੋ ਸੰਗਤਾਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਹਲਕੇ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਤਖ਼ਤ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਅਤੇ ਵਧੀਕ ਮੈਨੇਜਰ ਐਡਵੋਕੇਟ ਹਰਦੇਵ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਗੁਰੂ ਸਾਹਿਬ ਦੇ ਸ਼ਹੀਦੀ ਸਮਾਗਮਾਂ ਦੇ ਮੱਦੇਨਜ਼ਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ 21 ਨਵੰਬਰ ਤੋਂ ਲਗਾਤਾਰ ਸੰਗਤਾਂ ਨੂੰ ਅੰਮ੍ਰਿਤ ਸੰਚਾਰ ਕਰਵਾਇਆ ਜਾ ਰਿਹਾ ਹੈ ਜੋਕਿ 29 ਤਾਰੀਖ਼ ਤੱਕ ਇਸੇ ਤਰ੍ਹਾਂ ਲਗਾਤਾਰ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿੱਥੇ ਸੰਗਤਾਂ ਦੀ ਸਹੂਲਤ ਲਈ ਹਰੇਕ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਹਨ, ਉਥੇ ਹੀ ਮਾੜੇ ਅਨਸਰਾਂ ਦੇ ਉੱਪਰ ਨਿਗ੍ਹਾ ਰੱਖਣ ਲਈ ਸੈਂਕੜਿਆਂ ਦੀ ਗਿਣਤੀ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਸੀਸਗੰਜ ਸਾਹਿਬ ਅਤੇ ਗੁਰਦੁਆਰਾ ਭੋਰਾ ਸਾਹਿਬ ਦੇ ਆਲੇ-ਦੁਆਲੇ ਸੀ. ਸੀ. ਟੀ. ਵੀ.ਕੈਮਰੇ ਵੀ ਲਗਾਏ ਗਏ ਹਨ।

# ਇਜਲਾਸ ’ਚ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਨਜ਼ਰਅੰਦਾਜ਼: ਗੜਗੱਜ

## ਸਰਕਾਰ ਨੂੰ ਸਿਆਸੀ ਸਿੱਖ ਕੈਦੀਆਂ ਬਾਰੇ ਰੁਖ਼ ਸਪੱਸ਼ਟ ਕਰਨ ਦੀ ਅਪੀਲ; ਅਹਿਮ ਸ਼ਖ਼ਸੀਅਤਾਂ ਦਾ ਸਨਮਾਨ

ਸ੍ਰੀ ਆਨੰਦਪੁਰ ਸਾਹਿਬ : ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਸਮਾਗਮਾਂ ਦੌਰਾਨ ਅੱਜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿੱਚ ਵੱਡੀ ਗਿਣਤੀ ਸੰਗਤ ਅਤੇ ਸਿੱਖ ਸ਼ਖ਼ਸੀਅਤਾਂ ਨੇ ਮੱਥਾ ਟੇਕਿਆ। ਗੁਰਦੁਆਰਾ ਸੀਸ ਗੰਜ ਸਾਹਿਬ ਵਿੱਚ ਸਜੇ ਮੁੱਖ ਪੰਡਾਲ ’ਚ ਸ਼?ਮਣੀ ਕਮੇਟੀ ਦੇ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਗੁਰਬਾਣੀ ਕੀਰਤਨ, ਕਵੀਸ਼ਰੀ, ਢਾਡੀ ਵਾਰਾਂ ਤੇ ਭਾਸ਼ਣ ਰਾਹੀਂ ਗੁਰੂ ਸਾਹਿਬ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਸਮਾਗਮ ਦੌਰਾਨ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਨੇ ਧਰਮ ਅਤੇ ਜ਼ਮੀਰ ਦੀ ਆਜ਼ਾਦੀ ਲਈ ਆਪਣੀ ਸ਼ਹਾਦਤ ਦੇ ਕੇ ਜ਼ੁਲਮੀ ਰਾਜ ਦੀ ਨੀਂਹ ਹਿਲਾਈ ਸੀ। ਉਨ੍ਹਾਂ ਕਿਹਾ ਕਿ ਅੱਜ ਸਰਕਾਰਾਂ ਸ਼ਹੀਦੀ ਦਿਹਾੜੇ ਤਾਂ ਮਨਾ ਰਹੀਆਂ ਹਨ ਪਰ ਗੁਰੂ ਸਾਹਿਬ ਦੀ ਸੋਚ ਅਨੁਸਾਰ ਨਿਆਂ ਅਤੇ ਮਨੁੱਖੀ ਅਧਿਕਾਰਾਂ ਲਈ ਖੜ੍ਹੇ ਹੋਣ ਤੋਂ ਕਤਰਾਉਂਦੀਆਂ ਹਨ। ਉਨ੍ਹਾਂ ਜ਼ੋਰ ਦਿੱਤਾ ਕਿ ਪੰਜਾਬ ਵਿਧਾਨ ਸਭਾ ਦੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਹੋਏ ਵਿਸ਼ੇਸ਼ ਸੈਸ਼ਨ ਦੀ ਸਾਰਥਕਤਾ ਉਦੋਂ ਹੀ ਹੁੰਦੀ ਜੇ ਬੰਦੀ ਸਿੰਘਾਂ ਦੀ ਰਿਹਾਈ ਲਈ ਮਤਾ ਪਾਸ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਦਿੱਲੀ ਦੀਆਂ ਸਰਕਾਰਾਂ ਵੱਲੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿਆਸੀ ਸਿੱਖ ਕੈਦੀਆਂ ਨਾਲ ਹੋ ਰਹੇ ਅਨਿਆਂ ’ਤੇ ਆਪਣਾ ਰੁਖ ਸਪੱਸ਼ਟ ਕਰਨਾ ਚਾਹੀਦਾ ਹੈ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਦੀ ਬਾਣੀ ਸਾਰਿਆਂ ਨੂੰ ਆਪਣੇ ਧਰਮ ਵਿੱਚ ਪ੍ਰਪੱਕ ਹੋਣ ਅਤੇ ਸਾਰਿਆਂ ਨਾਲ ਸਾਂਝ ਨੂੰ ਮਜ਼ਬੂਤ ਬਣਾਉਣ ਦਾ ਸੰਦੇਸ਼ ਦਿੰਦੀ ਹੈ। ਇਸ ਮੌਕੇ ਬਾਬਾ ਗੁਰਦਿਆਲ ਸਿੰਘ ਟਾਂਡੇ ਵਾਲੇ, ਬਾਬਾ ਦਵਿੰਦਰ ਸਿੰਘ ਸ਼ਹਾਬਪੁਰ ਅਤੇ ਬਾਬਾ ਜੀਵਨ ਸਿੰਘ ਹਾਂਗਕਾਂਗ ਨੇ ਵੀ ਸੰਬੋਧਨ ਕੀਤਾ। ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ।



# ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਮਾਗਮਾਂ ’ਤੇ 95 ਕਿਲੋ ਦਸਤਾਰ

## 100 ਸਾਲ ਪੁਰਾਣਾ ਨਗਾਰਾ ਬਣਿਆ ਸੰਗਤਾਂ ਦਾ ਖਿੱਚ ਦਾ ਕੇਂਦਰ



ਸ੍ਰੀ ਆਨੰਦਪੁਰ ਸਾਹਿਬ : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਆਨੰਦਪੁਰ ਸਾਹਿਬ ਵਿਖੇ ਚੱਲ ਰਹੇ ਯਾਦਗਾਰੀ ਸਮਾਗਮਾਂ ਵਿੱਚ ਸ਼ਰਧਾ ਦੇ ਅਦਭੁਤ ਨਜ਼ਾਰੇ ਦੇਖਣ ਨੂੰ ਮਿਲੇ।

ਉੜੀਸਾ ਤੋਂ ਵਿਸ਼ੇਸ਼ ਤੌਰ ’ਤੇ ਪਹੁੰਚੇ ਬਾਬਾ ਅਵਤਾਰ ਸਿੰਘ, 95 ਕਿਲੋ ਦੀ ਹੈਰਾਨੀਜਨਕ ਦਸਤਾਰ ਸਜਾ ਕੇ ਪਵਿੱਤਰ ਨਗਰੀ ਪਹੁੰਚੇ, ਜਿਸ ਕਾਰਨ ਉਹ ਸੰਗਤਾਂ ਵਿੱਚ ਖਿੱਚ ਦਾ ਮੁੱਖ ਕੇਂਦਰ ਬਣ ਗਏ।

ਉਨ੍ਹਾਂ ਦੀ ਇਹ ਵਿਸ਼ਾਲ ਪੱਗ, ਜਿਸ ਨੂੰ ਸਿੱਖ ਪਰੰਪਰਾ ਅਨੁਸਾਰ ਬੜੀ ਮਿਹਨਤ ਨਾਲ ਸਜਾਇਆ ਗਿਆ ਸੀ, ਨੌਵੇਂ ਗੁਰੂ ਜੀ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਪ੍ਰਤੀ ਡੂੰਘੇ ਸਤਿਕਾਰ ਦਾ ਪ੍ਰਤੀਕ ਸੀ। ਸ਼ਰਧਾਲੂ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਆਲੇ-ਦੁਆਲੇ ਇਕੱਠੇ ਹੋਏ ਅਤੇ ਉਨ੍ਹਾਂ ਦੀ ਸਰੀਰਕ ਸਹਿਣਸ਼ੀਲਤਾ ਅਤੇ ਅਧਿਆਤਮਿਕ ਵਚਨਬੱਧਤਾ ’ਤੇ ਹੈਰਾਨੀ ਪ੍ਰਗਟਾਈ।

ਇਸ ਮੌਕੇ ਬਾਬਾ ਅਵਤਾਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਇਹ ਉਪਰਾਲਾ ਸਿੱਖੀ ਦਾ ਸੰਦੇਸ਼ ਫੈਲਾਉਣ ਅਤੇ ਗੁਰੂ ਤੇਗ ਬਹਾਦਰ ਜੀ ਦੁਆਰਾ ਦਰਸਾਏ ਗਏ ਕੁਰਬਾਨੀ, ਹਿੰਮਤ ਅਤੇ ਸਰਬ-ਸਾਂਝੀਵਾਲਤਾ ਦੇ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨ ਲਈ ਕੀਤਾ ਹੈ।

ਅੰਮ੍ਰਿਤਸਰ ਤੋਂ ਮਹੰਤ ਬਾਬਾ ਦਰਸ਼ਨ ਦਾਸ ਵੀ ਆਪਣਾ ਰਵਾਇਤੀ ਨਗਾਰਾ ਲੈ ਕੇ ਪਹੁੰਚੇ, ਜਿਸ ਬਾਰੇ ਉਹ ਦਾਅਵਾ ਕਰਦੇ ਹਨ ਕਿ ਇਹ 100 ਸਾਲ ਪੁਰਾਣਾ ਹੈ। ਮਹੰਤ ਵੱਲੋਂ ਮਹਾਨ ਗੁਰੂ ਜੀ ਦੀ ਮਹਾਨ ਕੁਰਬਾਨੀ ਨੂੰ ਸਤਿਕਾਰ ਦੇਣ ਲਈ ਇਸ ਇਤਿਹਾਸਕ ਨਗਾਰੇ ਨੂੰ ਵਜਾਇਆ ਗਿਆ, ਜਿਸ ਦੀ ਆਵਾਜ਼ ਪਿਛਲੀ ਸਦੀ ਤੋਂ ਅਨੇਕਾਂ ਮਹੱਤਵਪੂਰਨ ਸਿੱਖ ਸਮਾਗਮਾਂ ਦਾ ਹਿੱਸਾ ਰਹੀ ਹੈ, ਪੂਰੇ ਸਥਾਨ ਵਿੱਚ ਗੂੰਜ ਰਹੀ ਸੀ। ਉਨ੍ਹਾਂ ਦੀ ਹਾਜ਼ਰੀ -ਇੱਕ ਮਹਾਨ ਦਸਤਾਰ ਨਾਲ ਅਤੇ ਦੂਜਾ ਇੱਕ ਸਦੀ ਪੁਰਾਣੇ ਨਗਾਰੇ ਨਾਲ , ਨੇ ਚੱਲ ਰਹੇ ਸਮਾਗਮਾਂ ਵਿੱਚ ਵਿਰਾਸਤ ਅਤੇ ਸ਼ਰਧਾ ਦੀ ਡੂੰਘੀ ਭਾਵਨਾ ਨੂੰ ਜੋੜਿਆ, ਜਿਸ ਨਾਲ ਪਵਿੱਤਰ ਨਗਰੀ ਵਿੱਚ ਅਧਿਆਤਮਿਕ ਮਾਹੌਲ ਹੋਰ ਵੀ ਵਧ ਗਿਆ।



ਅਪਾਹਜ ਆਦਮੀ ਹਰਿਮੰਦਰ ਸਾਹਿਬ ਤੋਂ ਕੱਢੇ ਗਏ ਨਗਰ ਕੀਰਤਨ ਦੌਰਾਨ ਪ੍ਰਾਰਥਨਾ ਕਰਦਾ ਹੋਇਆ।

# ਸ਼੍ਰੋਮਣੀ ਕਮੇਟੀ ਨੇ ਰਾਗ ਦਰਬਾਰ ਕਰਵਾਇਆ



ਸ੍ਰੀ ਅਨੰਦਪੁਰ ਸਾਹਿਬ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਦੇਰ ਸ਼ਾਮ ਆਰੰਭ ਹੋਏ ਰਾਗ ਦਰਬਾਰ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਖ਼ਾਲਸਾ, ਭਾਈ ਜਤਿੰਦਰ ਸਿੰਘ ਪ੍ਰੋਫ਼ੈਸਰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮਿ ?ਤਸਰ, ਭਾਈ ਹਰਜੋਤ ਸਿੰਘ ਜ਼ਖ਼ਮੀ, ਭਾਈ ਗੁਰਮੀਤ ਸਿੰਘ ਸ਼ਾਂਤ ਰਾਗੀ ਜਥਾ ਜਲੰਧਰ ਵੱਲੋਂ ਰਾਗ ਆਧਾਰਿਤ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਕਥਾ ਵਿਚਾਰਾਂ ਕਰਦਿਆਂ ਸੰਗਤਾਂ ਨੂੰ ਨੌਵੇਂ ਪਾਤਸ਼ਾਹ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਇਆ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਪ੍ਰੋ. ਸੁਖਵੰਤ ਸਿੰਘ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਾਵਨ ਬਾਣੀ ਦਾ ਨਿਰਧਾਰਿਤ ਰਾਗਾਂ ਦਾ ਰਾਗਾਤਮਕ ਕੀਰਤਨ ਪ੍ਰਾਜੈਕਟ ਵੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਵਲੋਂ ਜਾਰੀ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਨਵਤੇਜ ਸਿੰਘ ਕਾਉਣੀ, ਅਵਤਾਰ ਸਿੰਘ ਵਣਵਾਲਾ, ਧਰਮ ਪ੍ਰਚਾਰ ਕਮੇਟੀ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਓ.ਐਸ.ਡੀ. ਸਤਬੀਰ ਸਿੰਘ, ਧਰਮ ਪ੍ਰਚਾਰ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਮੀਤ ਸਕੱਤਰ ਸੁਖਬੀਰ ਸਿੰਘ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਸਿੱਖ ਚਿੰਤਕ ਤਲਵਿੰਦਰ ਸਿੰਘ ਬੁੱਟਰ, ਫੈਡਰੇਸ਼ਨ ਆਗੂ ਪਰਮਜੀਤ ਸਿੰਘ ਸਮੇਤ ਸੰਗਤ ਹਾਜ਼ਰ ਸੀ ।

## ਖਾਲਸਾਈ ਬੋਲਿਆਂ ਨਾਲ ਗੂੰਜਿਆ ਸ੍ਰੀ ਅਨੰਦਪੁਰ ਸਾਹਿਬ

# 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਨਿਹੰਗ ਸਿੰਘ ਜਥੇਬੰਦੀਆਂ ਨੇ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਬੁੱਢਾ ਦਲ ਦੀ ਅਗਵਾਈ ‘ਚ ਸਜਾਇਆ ਮਹੱਲਾ

## ਬੁੱਢਾ ਦਲ ਦੇ ਸ਼ਿੰਗਾਰੇ ਹਾਥੀਆਂ, ਊਠਾਂ, ਬੈਂਡ ਵਾਜਿਆਂ, ਵਿਸ਼ੇਸ਼ ਬੱਘੀਆਂ ਤੇ ਨੱਚਦਿਆਂ ਘੋੜਿਆਂ ਨੇ ਸੰਗਤਾਂ ਦਾ ਧਿਆਨ ਖਿਚਿਆ

ਸ੍ਰੀ ਅਨੰਦਪੁਰ ਸਾਹਿਬ : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਉਨ੍ਹਾਂ ਨਾਲ ਸ਼ਹੀਦ ਅਨਿੰਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਹੇਠ ਗੁਰਦੁਆਰਾ ਗੁਰੂ ਕਾ ਬਾਗ਼ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਤੋਂ ਪੁਰਾਤਨ ਰਵਾਇਤ ਮੁਤਾਬਕ ਮਹੱਲਾ ਸਜਾਇਆ ਗਿਆ। ਸ੍ਰੀ ਦਸਮ ਗ੍ਰੰਥ ਅਤੇ ਸਰਬਲੋਹ ਗ੍ਰੰਥਾਂ ਦੇ ਅਖੰਡ ਪਾਠਾਂ ਦੇ ਭੋਗ ਪਾਏ ਗਏ ਉਪਰੰਤ ਗੁਰਬਾਣੀ ਦੇ ਮਨੋਹਰ ਕੀਰਤਨ ਹੋਏ। ਕਥਾਵਾਚਕਾਂ, ਗਿਆਨੀਆਂ, ਪ੍ਰਚਾਰਕਾਂ ਅਤੇ ਢਾਡੀ ਕਵੀਸਰਾਂ ਨੇ ਸਿੱਖ ਇਤਿਹਾਸ ਤੇ ਦੀ ਮਹਿਮਾ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਅਖੰਡ ਪਾਠ ਦੇ ਭੋਗ ਮੌਕੇ ਪੁੱਜੀਆਂ ਧਾਰਮਿਕ ਸ਼ਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਉਪਰੰਤ ਛਾਉਣੀ ਬੁੱਢਾ ਦਲ ਗੁਰੂ ਕੇ ਬਾਗ ਤੋਂ ਮਹੱਲੇ ਦੀ ਅਰੰਭਤਾ ਹੋਈ। ਜਿਸ ‘ਚ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਬਾ ਕਲੁਦੀਪ ਸਿੰਘ ਗੜਗੱਜ, ਬਾਬਾ ਅਵਤਾਰ ਸਿੰਘ ਤਰਨਾ ਦਲ ਸੰਪਰਦਾ ਬਾਬਾ ਬਿਧੀ ਚੰਦ ਸੁਰਸਿੰਘ, ਬਾਬਾ ਜੋਗਾ ਸਿੰਘ ਮੁਖੀ ਤਰਨਾਦਲ ਮਿਸਲ ਸ਼ਹੀਦਾਂ ਬਾਬਾ ਬਕਾਲਾ, ਬਾਬਾ ਨਿਹਾਲ ਸਿੰਘ ਮੁਖੀ ਮਿਸਲ ਸ਼ਹੀਦਾਂ ਤਰਨਾਂ ਦਲ ਹਰੀਆਂ ਵੇਲਾਂ ਵੱਲੋਂ ਬਾਬਾ ਨਾਗਰ ਸਿੰਘ, ਜਥੇ ਬਾਬਾ ਬਲਵਿੰਦਰ ਸਿੰਘ ਮਹਿਤਾ ਚੌਕ ਆਦਿ ਤੋਂ ਇਲਾਵਾ ਹੋਰ ਵੱਡੀ ਗਿਣਤੀ ਵਿਚ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘ ਆਪਣੇ-ਆਪਣੇ ਦਲਾਂ ਬਲਾਂ ਸਮੇਤ ਸ਼ਾਮਿਲ ਹੋਏ। ਗੁ: ਗੁਰੂ ਕਾ ਬਾਗ ਛਾਉਣੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਤੋਂ ਅਰੰਭ ਹੋ ਕੇ ਨਵੀਂ ਆਬਾਦੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗੁ: ਭੋਰਾ ਸਾਹਿਬ, ਗੁ: ਸੀਸ ਗੰਜ ਸਾਹਿਬ ਵਿਖੇ ਸੰਪੂਰਨ ਹੋਇਆ। ਨਿਹੰਗ ਸਿੰਘਾਂ ਦੇ ਮੁਖੀ ਸਿੱਖ ਰਵਾਇਤੀ ਬਾਣਿਆਂ, ਸ਼ਸਤਰਾਂ, ਘੋੜਿਆਂ, ਹਾਥੀਆਂ, ‘ਤੇ ਸਵਾਰ ਹੋ ਕੇ ਪਹੁੰਚੇ। ਰਸਤੇ ਵਿੱਚ ਵੱਖ ਸੰਗਤਾਂ ਸੰਪਰਦਾਵਾਂ ਨੇ ਸਿੰਘਾਂ ਦੇ ਸਵਾਗਤ ਲਈ ਠੰਡੇ ਮਿੱਠੇ ਜਲ ਅਤੇ ਫੱਲਾਂ ਦੇ ਲੰਗਰ ਲਗਾਏ ਹੋਏ ਸਨ। ਜਿਥੇ ਨਿਹੰਗ ਸਿੰਘਾਂ ਨੇ ਸੰਗਤਾਂ ਦੇ ਲਾ ਮਿਸਾਲ ਇਕੱਠ ਨੂੰ ਘੌੜ ਸਵਾਰੀ, ਨੇਜੇਬਾਜ਼ੀ, ਗਤਕੇਬਾਜ਼ੀ ਆਦਿ ਦਾ ਜੰਗਜੂ ਜੋਹਰ ਦਿਖਾਏ। ਮਹੱਲੇ ਵਿੱਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਵਿਸ਼ੇਸ਼ ਤੌਰ ਤੇ ਹਾਥੀਆਂ, ਊਠਾਂ ਦਾ ਕਾਫਲਾ ਸ਼ਾਮਲ ਸੀ। ਮਹੱਲੇ ਵਿੱਚ ਨਿਹੰਗ ਸਿੰਘ ਦਲਾਂ ਦੇ ਮੁਖੀ ਤੇ ਵੱਡੀ ਗਿਣਤੀ ਵਿੱਚ ਨਿਹੰਗ ਸਿੰਘ ਫੌਜਾਂ ਨੇ ਸੁੰਦਰ ਦੁਮਾਲਿਆਂ ਤੇ ਚੱਕ੍ਰ, ਖੰਡੇ, ਚੰਦ, ਗੁਰਜ, ਸ਼ਿੰਗਾਰ, ਬਾਗਨਖਾ ਸਜਾਈ, ਛੋਟੀਆਂ ਵੱਡੀਆਂ ਕਿਰਪਾਨਾਂ ਪਹਿਨੀ, ਤੇ ਲੱਕ ਪਿਛੇ ਢਾਲਾਂ ਸਜਾਏ ਹੱਥਾਂ ਵਿੱਚ ਨੇਜੇ, ਖੰਡੇ ਫੜੀ, ਨੀਲਿਆਂ ਕੇਸਰੀ ਬਾਨਿਆਂ ਵਿਚ ਤਿਆਰ ਬਰ ਤਿਆਰ ਸ਼ਸਤਰਧਾਰੀ ਹੋ ਕੇ ਜੰਗੀ ਮਾਹੌਲ ਦਾ ਦ੍ਰਿਸ਼ ਪੇਸ਼ ਕਰ ਰਹੇ ਸਨ ਬੈਂਡ ਵਾਜਿਆਂ ਦੀਆਂ ਸੁੰਦਰ ਧੁੰਨਾਂ, ਢੋਲ ਨਗਾਰਿਆਂ ਦੀਆਂ ਚੋਟਾਂ ਤੇ ਨਰਸਿੰਙੇ ਵਜਾਉਂਦੇ ਨਿਹੰਗ ਸਿੰਘਾਂ ਨੂੰ ਦੇਖਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਹਾਜ਼ਰ ਹੋਏ।



ਇਸ ਸਮੇਂ ਬਾਬਾ ਇੰਦਰ ਸਿੰਘ, ਸ. ਇੰਦਰਪਾਲ ਸਿੰਘ ਫੌਜੀ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਗੁਰਮੁਖ ਸਿੰਘ, ਬਾਬਾ ਮਨਮੋਹਨ ਸਿੰਘ ਬਾਰਨਵਾਲੇ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਬਲਦੇਵ ਸਿੰਘ ਢੋਡੀਵਿੰਡ, ਬਾਬਾ ਮੱਘਰ ਸਿੰਘ, ਬਾਬਾ ਸੁਖਵਿੰਦਰ ਸਿੰਘ ਮੌਰ, ਬਾਬਾ ਸਰਵਣ ਸਿੰਘ ਮਝੈਲ ਰਾਜਪੁਰਾ, ਬਾਬਾ ਵਿਸ਼ਵਪ੍ਰਤਾਪ ਸਿੰਘ ਸਮਾਣਾ, ਬਾਬਾ ਰਣਯੋਧ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਜਸਬੀਰ ਸਿੰਘ, ਬਾਬਾ ਜੋਗਾ ਸਿੰਘ ਹਨੂੰਮਾਨਗੜ੍ਹ, ਬਾਬਾ ਬੂਟਾ ਸਿੰਘ ਲੰਬਵਾਲੀ, ਬਾਬਾ ਗਗਨਦੀਪ ਸਿੰਘ, ਬਾਬਾ ਖੜਕ ਸਿੰਘ, ਬਾਬਾ ਚਰਨ ਸਿੰਘ ਆਦਿ ਹਾਜ਼ਰ ਸਨ।

# ਕੰਗਣਾ ਰਣੌਤ ਖ਼ਿਲਾਫ਼ ਚੱਲੇਗਾ ਕੇਸ



ਬਠਿੰਡਾ : ਅਦਾਕਾਰਾ ਅਤੇ ਹਿਮਾਚਲ ਪ੍ਰਦੇਸ਼ ਤੋਂ ਸੰਸਦ ਮੈਂਬਰ ਕੰਗਣਾ ਰਣੌਤ ਖਿਲਾਫ ਦਰਜ ਮਾਣਹਾਨੀ ਦੇ ਕੇਸ ਵਿਚ ਬਠਿੰਡਾ ਅਦਾਲਤ ਨੇ ਅੱਜ ਉਸ ਦੇ ਖਿਲਾਫ ਦੋਸ਼ ਤੈਅ (ਚਾਰਜ ਫਰੇਮ) ਕਰ ਦਿੱਤੇ ਹਨ ਤੇ ਹੁਣ ਉਸ ਖਿਲਾਫ ਮਾਣਹਾਨੀ ਦਾ ਕੇਸ ਅੱਗੇ ਚੱਲੇਗਾ। ਦੂਜੇ ਪਾਸੇ ਉਸ ਨੂੰ ਇਸ ਮਾਮਲੇ ’ਚ ਨਿੱਜੀ ਪੇਸ਼ੀ ਤੋਂ ਵੀ ਕੋਈ ਰਾਹਤ ਨਹੀਂ ਮਿਲੀ ਹੈ। ਕਿਸਾਨ ਔਰਤਾਂ ਖਿਲਾਫ ਇਤਰਾਜ਼ਯੋਗ ਟਿੱਪਣੀ ਕਰਨ ਸਬੰਧੀ ਕੰਗਣਾ ਖਿਲਾਫ ਮਾਣਹਾਨੀ ਦਾ ਅਦਾਲਤੀ ਮੁਕੱਦਮਾ ਦਰਜ ਕਰਵਾਉਣ ਵਾਲੀ ਬਠਿੰਡਾ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਬਜ਼ੁਰਗ ਮਾਤਾ ਮਹਿੰਦਰ ਕੌਰ ਦੇ ਵਕੀਲ ਰਘਵੀਰ ਸਿੰਘ ਬਹਿਣੀਵਾਲ ਨੇ ਦੱਸਿਆ ਕਿ ਉਕਤ ਮਾਮਲੇ ’ਚ ਅੱਜ ਬਠਿੰਡਾ ਦੇ ਜੁਡੀਸ਼ੀਅਲ ਮੈਜਿਸਟ੍ਰੇਟ (ਫ਼ਸਟ ਕਲਾਸ) ਦੀ ਅਦਾਲਤ ’ਚ ਸੁਣਵਾਈ ਸੀ ਪਰ ਕੰਗਣਾ ਵਲੋਂ ਨਿੱਜੀ ਤੌਰ ’ਤੇ ਪੇਸ਼ ਹੋਣ ਦੀ ਬਜਾਏ ਆਪਣੇ ਵਕੀਲ ਰਾਹੀਂ ਨਿੱਜੀ ਪੇਸ਼ੀ ਤੋਂ ਛੋਟ ਦੇਣ ਲਈ ਅਰਜ਼ੀ ਦਾਖਲ ਕੀਤੀ ਗਈ, ਜਿਸ ਦਾ ਉਨ੍ਹਾਂ ਨੇ ਵਿਰੋਧ ਕੀਤਾ ਤਾਂ ਅਦਾਲਤ ਵਲੋਂ ਮਾਮਲੇ ਦੀ ਅਗਲੀ ਸੁਣਵਾਈ 4 ਦਸੰਬਰ ਰੱਖ ਦਿੱਤੀ ਗਈ। ਬਹਿਣੀਵਾਲ ਨੇ ਅੱਗੇ ਦੱਸਿਆ ਕਿ ਅਦਾਲਤ ਨੇ ਇਸ ਮਾਮਲੇ ਵਿਚ ਕੰਗਣਾ ਰਣੌਤ ਖਿਲਾਫ ਮਾਣਹਾਨੀ ਦੇ ਦੋਸ਼ ਤੈਅ (ਚਾਰਜ ਫਰੇਮ) ਕਰ ਦਿੱਤੇ ਹਨ, ਜਿਸ ਤਹਿਤ ਹੁਣ ਕੰਗਣਾ ਦੇ ਖਿਲਾਫ ਧਾਰਾ 499 ਆਈ.ਪੀ.ਸੀ., 500 ਆਈ.ਪੀ.ਸੀ. ਤਹਿਤ ਮਾਣਹਾਨੀ ਦਾ ਮੁਕੱਦਮਾ ਅੱਗੇ ਚੱਲੇਗਾ।

# ਹਾਂਗਕਾਂਗ ’ਚ ਰਿਹਾਇਸ਼ੀ ਇਮਾਰਤਾਂ ਨੂੰ ਅੱਗ-36 ਮੌਤਾਂ



ਹਾਂਗਕਾਂਗ : ਹਾਂਗਕਾਂਗ ਦੇ ਇਕ ਹਾਊਸਿੰਗ ਕੰਪਲੈਕਸ ਦੀ 7 ਮੰਜ਼ਿਲਾ ਇਮਾਰਤਾਂ ’ਚ ਅੱਗ ਲੱਗਣ ਕਾਰਨ 36 ਲੋਕਾਂ ਦੀ ਮੌਤ ਹੋ ਜਾਣ ਦੀ ਖ਼ਬਰ ਹੈ ਜਦਕਿ 279 ਹੋਰ ਲਾਪਤਾ ਹਨ। ਅਧਿਕਾਰੀਆਂ ਨੇ ਦੱਸਿਆ ਕਿ 29 ਲੋਕਾਂ ਦਾ ਹਸਪਤਾਲ ’ਚ ਇਲਾਜ ਚੱਲ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ 700 ਲੋਕਾਂ ਨੂੰ ਅਸਥਾਈ ਆਸਰਾ ਘਰਾਂ ’ਚ ਪਹੁੰਚਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਹਾਊਸਿੰਗ ਕੰਪਲੈਕਸ ’ਚ ਅੱਠ ਇਮਾਰਤਾਂ ਹਨ, ਜਿਨ੍ਹਾਂ ’ਚ ਲਗਭਗ 2000 ਅਪਾਰਟਮੈਂਟ ਹਨ ਅਤੇ ਇਨ੍ਹਾਂ ’ਚ ਲਗਭਗ 4800 ਲੋਕ ਰਹਿੰਦੇ ਹਨ, ਜਿਨ੍ਹਾਂ ’ਚੋਂ ਜ਼ਿਆਦਾਤਰ ਬਜ਼ੁਰਗ ਹਨ। ਹਾਊਸਿੰਗ ਕੰਪਲੈਕਸ 1980 ਦੇ ਦਹਾਕੇ ’ਚ ਬਣਾਇਆ ਗਿਆ ਸੀ ਅਤੇ ਹਾਲ ਹੀ ’ਚ ਇਸ ਦਾ ਨਵੀਨੀਕਰਨ ਕੀਤਾ ਗਿਆ ਸੀ। ਅੱਗ ਬੁਝਾਊ ਵਿਭਾਗ ਦੇ ਡਾਇਰੈਕਟਰ ਐਂਡੀ ਯੇਂਗ ਨੇ ਕਿਹਾ ਕਿ ਮ੍ਰਿਤਕਾਂ ’ਚ ਇਕ ਅੱਗ ਬੁਝਾਊ ਕਰਮਚਾਰੀ ਵੀ ਸ਼ਾਮਿਲ ਹੈ। ਉਨ੍ਹਾਂ ਦੱਸਿਆ ਕਿ ਅੱਗ ’ਤੇ ਕਾਬੂ ਪਾਉਣ ਲਈ ਵਿਭਾਗ ਦੀਆਂ 128 ਗੱਡੀਆਂ ਨੂੰ ਤਾਇਨਾਤ ਕੀਤਾ ਗਿਆ ਹੈ, ਜਦੋਂਕਿ 57 ਐਂਬੂਲੈਂਸਾਂ ਵੀ ਜ਼ਖ਼ਮੀਆਂ ਨੂੰ ਹਸਪਤਾਲ ਲਿਜਾ ਰਹੀਆਂ ਹਨ। ਹਾਂਗਕਾਂਗ ਦੇ ਮੁੱਖ ਕਾਰਜਕਾਰੀ ਜੌਨ ਲੀ ਨੇ ਕਿਹਾ ਕਿ ਪੁਲਿਸ ਅਤੇ ਅੱਗ ਬੁਝਾਊ ਵਿਭਾਗ ਨੇ ਅੱਗ ਦੇ ਕਾਰਨਾਂ ਦੀ ਜਾਂਚ ਲਈ ਇਕ ਜਾਂਚ ਟੀਮ ਸਥਾਪਤ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅੱਧੀ ਰਾਤ ਤੋਂ ਥੋੜ੍ਹੀ ਦੇਰ ਬਾਅਦ ਅੱਗ ’ਤੇ ਕਾਫੀ ਹੱਦ ਤੱਕ ਕਾਬੂ ਪਾ ਲਿਆ ਗਿਆ ਸੀ। ਦੂਜੇ ਪਾਸੇ, ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਮ੍ਰਿਤਕਾਂ ਦੇ ਪਰਿਵਾਰਾਂ ਪ੍ਰਤੀ ਹਮਦਰਦੀ ਪ੍ਰਗਟ ਕੀਤੀ ਹੈ।

# ਓਲੰਪਿਕ ਐਥਲੀਟ ਤੋਂ ਡਰੱਗ ਕਿੰਗਪਿਨ ਬਣੇ ਮੋਸਟ ਵਾਂਟੇਡ ’ਤੇ ਹੁਣ 15 ਮਿਲੀਅਨ ਡਾਲਰ ਦਾ ਇਨਾਮ



ਓਂਟਾਰੀਓ : ਅਮਰੀਕਾ ਨੇ ਸਾਬਕਾ ਕੈਨੇਡੀਅਨ ਓਲੰਪਿਕ ਐਥਲੀਟ ਤੋਂ ਡਰੱਗ ਕਿੰਗਪਿਨ ਬਣੇ ਰਯਾਨ ਵੈਡਿੰਗ ਦੀ ਗ੍ਰਿਫਤਾਰੀ ’ਤੇ ਇਨਾਮ 10 ਮਿਲੀਅਨ ਡਾਲਰ ਤੋਂ ਵਧਾ ਕੇ 15 ਮਿਲੀਅਨ ਡਾਲਰ ਕਰ ਦਿੱਤਾ ਹੈ। ਵੈਡਿੰਗ ਨਾਲ ਜੁੜੇ ਇਸ ਮਾਮਲੇ ’ਚ ਆਪ੍ਰੇਸ਼ਨ ਜੁਆਇੰਟ ਸਲੈਲਮ ਦੇ ਹਿੱਸੇ ਵਜੋਂ ਕੈਨੇਡਾ ’ਚ 7 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਵੈਡਿੰਗ ’ਤੇ 1 ਬਿਲੀਅਨ ਡਾਲਰ ਦੀ ਡਰੱਗ ਸਮੱਗਲਿੰਗ, ਸਿਨਾਲੋਆ ਕਾਰਟੇਲ ਨਾਲ ਗੱਠਜੋੜ ਅਤੇ ਗਵਾਹ ਦੇ ਕਤਲ ਦਾ ਦੋਸ਼ ਹੈ। ਕੈਲੀਫੋਰਨੀਆ ਦੇ ਸੈਂਟਰਲ ਡਿਸਟ੍ਰਿਕਟ ਦੇ ਸਹਾਇਕ ਅਟਾਰਨੀ ਬਿਲਾਲ ਏ. ਇਸੇਲੀ ਨੇ ਕਿਹਾ ਕਿ ਨਵੀਂ ਯੂ. ਐੱਸ. ਫੈਡਰਲ ਚਾਰਜਸ਼ੀਟ ’ਚ ਹੁਣ 15 ਲੋਕਾਂ ’ਤੇ ਦੋਸ਼ ਲਾਇਆ ਗਿਆ ਹੈ।

**ਕੈਨੇਡਾ ਦੇ ਮੰਨੇ-ਪ੍ਰਮੰਨੇ ਡਿਫੈਂਸ ਲਾਇਰ ਵੀ ਗ੍ਰਿਫਤਾਰ :** ਅਮਰੀਕਾ ਅਤੇ ਕੈਨੇਡਾ ਦੇ ਟਾਪ ਲਾਅ ਐਨਫੋਰਸਮੈਂਟ ਅਧਿਕਾਰੀਆਂ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ 7 ਦੋਸ਼ੀਆਂ ’ਚ ਕੈਨੇਡਾ ਦੇ ਮੰਨੇ-ਪ੍ਰਮੰਨੇ ਡਿਫੈਂਸ ਲਾਇਰ ਦੀਪਕ ਪਰਾਡਕਰ ਵੀ ਸ਼ਾਮਲ ਹਨ। ਪਰਾਡਕਰ ’ਤੇ ਅਮਰੀਕਾ ’ਚ ਇਕ ਗਵਾਹ ਦੇ ਕਤਲ ਦੀ ਸਾਜ਼ਿਸ਼ ਰਚਣ ’ਚ ਮਦਦ ਕਰਨ ਦਾ ਦੋਸ਼ ਲਾਇਆ ਗਿਆ ਹੈ। ਉਸ ’ਤੇ ਦੋਸ਼ ਹੈ ਕਿ ਉਸ ਨੇ ਆਪਣੇ ਮੁਵੱਕਿਲ ਸਾਬਕਾ ਕੈਨੇਡੀਅਨ ਓਲੰਪਿਕ ਐਥਲੀਟ ਤੋਂ ਡਰੱਗ ਲਾਰਡ ਬਣੇ ਰਯਾਨ ਵੈਡਿੰਗ ਨੂੰ ਸਲਾਹ ਦਿੱਤੀ ਸੀ ਕਿ ਜੇ ਉਹ ਇਕ ਮੁੱਖ ਐੱਫ.ਬੀ.ਆਈ. ਦੇ ਗਵਾਹ ਦਾ ਕਤਲ ਕਰਦਾ ਹੈ ਤਾਂ ਉਸ ਵਿਰੁੱਧ ਕੇਸ ਖਾਰਿਜ ਕੀਤਾ ਜਾ ਸਕਦਾ ਹੈ। ਰਿਪੋਰਟ ਅਨੁਸਾਰ ਐੱਫ.ਬੀ.ਆਈ. ਦੇ ਗਵਾਹ ਦਾ ਨਾਂ ਜੋਨਾਥਨ ਇਸੇਬੇਡੋ-ਗਾਰਸੀਆ ਸੀ। ਉਸ ਨੂੰ ਇਸ ਸਾਲ ਜਨਵਰੀ ’ਚ ਕੋਲੰਬੀਆ ਦੇ ਮੈਡੇਲਿਨ ਸ਼ਹਿਰ ’ਚ ਇਕ ਰੈਸਟੋਰੈਂਟ ’ਚ ਸਿਰ ’ਚ 5 ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਪਰਾਡਕਰ ਜੋ ਸੋਸ਼ਲ ਮੀਡੀਆ ’ਤੇ ‘ਕੋਕੀਨ ਲਾਇਰ’ ਦੇ ਨਾਂ ਨਾਲ ਜਾਣੇ ਜਾਂਦੇ ਸਨ, ’ਤੇ ਨਿਆਂ ’ਚ ਰੁਕਾਵਟ ਪਾਉਣ, ਗਵਾਹਾਂ ਨਾਲ ਛੇੜਛਾੜ ਕਰਨ ਅਤੇ ਕਤਲ ਲਈ ਉਕਸਾਉਣ ਸਮੇਤ ਕਈ ਗੰਭੀਰ ਦੋਸ਼ ਲਾਏ ਗਏ ਹਨ।

**ਕਿਵੇਂ ਬਣਿਆ ਡਰੱਗ ਮਾਫੀਆ :** ਇਹ ਪੂਰਾ ਮਾਮਲਾ ਸਾਬਕਾ ਕੈਨੇਡੀਅਨ ਓਲੰਪਿਕ ਐਥਲੀਟ ਰਯਾਨ ਵੈਡਿੰਗ ਨਾਲ ਜੁੜਿਆ ਹੈ। ਵੈਡਿੰਗ ਐੱਫ. ਬੀ. ਆਈ. ਦੀ ਟਾਪ-10 ਮੋਸਟ ਵਾਂਟੇਡ ਸੂਚੀ ’ਚ ਸ਼ਾਮਲ ਹੈ। ਨਸ਼ੇ ਅਤੇ ਲਾਲਚ ਨੇ ਉਸ ਨੂੰ ਇਕ ਖ਼ਤਰਨਾਕ ਅਪਰਾਧੀ ਬਣਾ ਦਿੱਤਾ ਹੈ। ਰਯਾਨ ਵੈਡਿੰਗ ਨੇ 2002 ਦੇ ਓਲੰਪਿਕ ’ਚ ਪੈਰੇਲਲ ਜੁਆਇੰਟ ਸਲੈਲਮ ’ਚ 24ਵਾਂ ਸਥਾਨ ਹਾਸਲ ਕੀਤਾ ਸੀ। ਓਲੰਪਿਕ ’ਚ ਸਫਲਤਾ ਹਾਸਲ ਕਰਨ ਤੋਂ ਬਾਅਦ ਉਸ ਨੂੰ ਮਾਣ ਅਤੇ ਨਸ਼ੇ ਦਾ ਅਜਿਹਾ ਚਸਕਾ ਲੱਗਾ ਕਿ ਉਹ ਹੌਲੀ-ਹੌਲੀ ਅਪਰਾਧ ਦੀ ਦੁਨੀਆ ’ਚ ਸ਼ਾਮਲ ਹੋ ਗਿਆ। ਕੈਨੇਡਾ ’ਚ ਡਰੱਗਜ਼ ਦੀ ਇਕ ਵੱਡੀ ਖੇਪ ’ਤੇ ਕਬਜ਼ਾ ਕਰਨ ਲਈ ਉਸ ਨੇ ਇਕੋ ਪਰਿਵਾਰ ਦੇ 2 ਮੈਂਬਰਾਂ ਦਾ ਕਤਲ ਕਰ ਦਿੱਤਾ ਸੀ। ਵੈਡਿੰਗ ਤੇ ਉਸ ਦੇ ਗਿਰੋਹ ਨੇ ਕੋਲੰਬੀਆ, ਮੈਕਸੀਕੋ, ਦੱਖਣੀ ਕੈਲੀਫੋਰਨੀਆ ਅਤੇ ਕੈਨੇਡਾ ਵਿਚਾਲੇ ਡਰੱਗਜ਼ ਲਿਜਾਣ ਲਈ ਲੰਬੀ ਦੂਰੀ ਦੇ ਟਰੱਕਾਂ ਦੀ ਵਰਤੋਂ ਕੀਤੀ ਸੀ। ਉਸ ਨੇ ਹਰ ਸਾਲ ਲੱਗਭਗ 60 ਟਨ ਕੋਕੀਨ ਦੀ ਸਮੱਗਲਿੰਗ ਕਰਨ ਦਾ ਪ੍ਰਬੰਧ ਕੀਤਾ।

# ਅਮਰੀਕਾ ਦੀਆਂ ਨਵੀਆਂ ਪਾਬੰਦੀਆਂ ਨਾਲ ਭਾਰਤ ’ਚ ਰੂਸੀ ਤੇਲ ਦੀ ਦਰਾਮਦ ਹੋਵੇਗੀ ਪ੍ਰਭਾਵਿਤ !



ਨਵੀਂ ਦਿੱਲੀ : ਰੂਸੀ ਕੱਚੇ ਤੇਲ ਦੇ ਪ੍ਰਮੁੱਖ ਬਰਾਮਦਕਾਰਾਂ ’ਤੇ ਅਮਰੀਕਾ ਦੀਆਂ ਨਵੀਆਂ ਪਾਬੰਦੀਆਂ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਬਾਅਦ ਊਰਜਾ ਬਾਜ਼ਾਰ ਨਾਲ ਜੁੜੇ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਭਾਰਤ ’ਚ ਰੂਸੀ ਤੇਲ ਦੀ ਦਰਾਮਦ ਨਜ਼ਦੀਕੀ ਭਵਿੱਖ ’ਚ ਤੇਜ਼ੀ ਨਾਲ ਘਟੇਗੀ, ਹਾਲਾਂਕਿ ਇਹ ਪੂਰੀ ਤਰ੍ਹਾਂ ਬੰਦ ਨਹੀਂ ਹੋਵੇਗੀ।

ਰਾਸਨੈਫਟ ਅਤੇ ਲੁਕੋਇਲ ਅਤੇ ਉਨ੍ਹਾਂ ਦੀ ਬਹੁਮਤ ਮਾਲਕੀ ਵਾਲੀਆਂ ਸਹਾਇਕ ਕੰਪਨੀਆਂ ’ਤੇ ਅਮਰੀਕੀ ਪਾਬੰਦੀ 21 ਨਵੰਬਰ ਤੋਂ ਲਾਗੂ ਹੋ ਗਈ। ਇਸ ਨਾਲ ਹੁਣ ਇਨ੍ਹਾਂ ਕੰਪਨੀਆਂ ਦਾ ਕੱਚਾ ਤੇਲ ਖਰੀਦਣਾ ਜਾਂ ਵੇਚਣਾ ਲੱਗਭਗ ਨਾ-ਮੁਮਕਿਨ ਹੋ ਗਿਆ ਹੈ। ਭਾਰਤ ਨੇ ਇਸ ਸਾਲ ਔਸਤਨ 17 ਲੱਖ ਬੈਰਲ ਰੋਜ਼ਾਨਾ ਰੂਸੀ ਤੇਲ ਦੀ ਦਰਾਮਦ ਕੀਤੀ ਅਤੇ ਪਾਬੰਦੀਆਂ ਤੋਂ ਪਹਿਲਾਂ ਇਹ ਮਜ਼ਬੂਤ ਬਣਿਆ ਰਿਹਾ। ਨਵੰਬਰ ’ਚ ਦਰਾਮਦ 18-19 ਲੱਖ ਬੈਰਲ ਰੋਜ਼ਾਨਾ ਰਹਿਣ ਦਾ ਅੰਦਾਜ਼ਾ ਹੈ ਕਿਉਂਕਿ ਰਿਫਾਇਨਰੀਆਂ ਸਸਤੇ ਤੇਲ ਦੀ ਆਪਣੀ ਖਰੀਦ ਨੂੰ ਵੱਧ ਤੋਂ ਵੱਧ ਕਰ ਰਹੀਆਂ ਹਨ। ਅੱਗੇ ਚਲ ਕੇ ਦਸੰਬਰ ਅਤੇ ਜਨਵਰੀ ’ਚ ਸਪਲਾਈ ’ਚ ਸਪੱਸ਼ਟ ਗਿਰਾਵਟ ਆਉਣ ਦੀ ਉਮੀਦ ਹੈ।

ਵਿਸ਼ਲੇਸ਼ਕਾਂ ਅਨੁਸਾਰ ਇਹ ਘੱਟ ਕੇ ਲੱਗਭਗ 4 ਲੱਖ ਬੈਰਲ ਰੋਜ਼ਾਨਾ ਤੱਕ ਰਹਿ ਸਕਦੀ ਹੈ। ਰਵਾਇਤੀ ਤੌਰ ’ਤੇ ਪੱਛਮੀ ਏਸ਼ੀਆਈ ਤੇਲ ’ਤੇ ਨਿਰਭਰ ਭਾਰਤ ਨੇ ਫਰਵਰੀ 2022 ’ਚ ਯੂਕ੍ਰੇਨ ’ਤੇ ਹਮਲੇ ਤੋਂ ਬਾਅਦ ਰੂਸ ਤੋਂ ਆਪਣੀ ਤੇਲ ਦਰਾਮਦ ’ਚ ਕਾਫੀ ਵਾਧਾ ਕੀਤਾ। ਪੱਛਮੀ ਪਾਬੰਦੀ ਅਤੇ ਯੂਰਪੀ ਮੰਗ ’ਚ ਕਮੀ ਕਾਰਨ ਰੂਸ ਤੋਂ ਤੇਲ ਭਾਰੀ ਛੋਟ ’ਤੇ ਉਪਲੱਬਧ ਹੋਇਆ।

ਨਤੀਜੇ ਵਜੋਂ ਭਾਰਤ ਦੀ ਰੂਸੀ ਕੱਚੇ ਤੇਲ ਦੀ ਦਰਾਮਦ ਕੁਲ ਦਰਾਮਦ ਦਾ ਇਕ ਫੀਸਦੀ ਤੋਂ ਵਧ ਕੇ ਲੱਗਭਗ 40 ਫੀਸਦੀ ਤੱਕ ਪਹੁੰਚ ਗਿਆ। ਨਵੰਬਰ ’ਚ ਵੀ ਰੂਸ ਭਾਰਤ ਦਾ ਸਭ ਤੋਂ ਵੱਡਾ ਸਪਲਾਇਰ ਬਣਿਆ ਰਿਹਾ, ਜੋ ਕੁਲ ਦਰਾਮਦ ਦਾ ਲੱਗਭਗ ਇਕ ਤਿਹਾਈ ਹੈ।

ਕੈਪਲਰ ਦੇ ਰਿਫਾਈਨਿੰਗ ਅਤੇ ਮਾਡਲਿੰਗ ਦੇ ਮੁੱਖ ਖੋਜ ਵਿਸ਼ਲੇਸ਼ਕ ਸੁਮਿਤ ਰਿਤੋਲੀਆ ਨੇ ਕਿਹਾ,“ਅਸੀਂ ਨਜ਼ਦੀਕ ਭਵਿੱਖ ’ਚ ਖਾਸ ਤੌਰ ’ਤੇ ਦਸੰਬਰ ਅਤੇ ਜਨਵਰੀ ’ਚ ਭਾਰਤ ਲਈ ਰੂਸੀ ਕੱਚੇ ਤੇਲ ਦੇ ਪ੍ਰਵਾਹ ’ਚ ਸਪੱਸ਼ਟ ਗਿਰਾਵਟ ਦੀ ਉਮੀਦ ਕਰਦੇ ਹਾਂ। ਅਕਤੂਬਰ 21 ਤੋਂ ਸਪਲਾਈ ਸੁਸਤ ਹੋ ਗਈ ਹੈ, ਹਾਲਾਂਕਿ ਰੂਸ ਦੀ ਵਿਚੋਲਿਆਂ ਅਤੇ ਬਦਲਵੇਂ ਵਿੱਤ ਪ੍ਰਬੰਧਨ ਦੀ ਸਮਰਥਾ ਨੂੰ ਦੇਖਦੇ ਹੋਏ ਅਜੇ ਆਖਰੀ ਸਿੱਟਾ ਕੱਢਣਾ ਜਲਦਬਾਜ਼ੀ ਹੋਵੇਗੀ।”

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਸਸਤੇ ਰੂਸੀ ਤੇਲ ਨੇ ਪਿਛਲੇ 2 ਸਾਲਾਂ ’ਚ ਭਾਰਤੀ ਰਿਫਾਇਨਰਾਂ ਨੂੰ ਭਾਰੀ ਮੁਨਾਫਾ ਦਿੱਤਾ ਅਤੇ ਅੰਤਰਰਾਸ਼ਟਰੀ ਬਾਜ਼ਾਰ ’ਚ ਅਸਥਿਰਤਾ ਦੇ ਬਾਵਜੂਦ ਪੈਟਰੋਲ ਅਤੇ ਡੀਜ਼ਲ ਦੀਆਂ ਪ੍ਰਚੂਨ ਕੀਮਤਾਂ ਨੂੰ ਸਥਿਰ ਰੱਖਿਆ। ਭਾਰਤ ਆਪਣੀਆਂ ਤੇਲ ਜ਼ਰੂਰਤਾਂ ਦਾ 88 ਫੀਸਦੀ ਦਰਾਮਦ ਨਾਲ ਪੂਰਾ ਕਰਦਾ ਹੈ। ਨਵੀਆਂ ਅਮਰੀਕੀ ਪਾਬੰਦੀਆਂ ਦੇ ਪੂਰੀ ਤਰ੍ਹਾਂ ਲਾਗੂ ਹੋਣ ਨਾਲ ਭਾਰਤ ਦੀ ਰੂਸੀ ਤੇਲ ਦਰਾਮਦ ਅਸਥਿਰ ਅਤੇ ਬੇਯਕੀਨੀ ਦੌਰ ’ਚ ਪ੍ਰਵੇਸ਼ ਕਰ ਗਿਆ ਹੈ।

ਮਾਹਿਰਾਂ ਅਨੁਸਾਰ ਰੂਸ ਤੋਂ ਆਉਣ ਵਾਲਾ ਤੇਲ ਪੂਰੀ ਤਰ੍ਹਾਂ ਖਤਮ ਨਹੀਂ ਹੋਵੇਗਾ ਪਰ ਨਜ਼ਦੀਕੀ ਭਵਿੱਖ ’ਚ ਪ੍ਰਵਾਹ ’ਚ ਗਿਰਾਵਟ ਆਵੇਗੀ।

ਅਮਰੀਕੀ ਪਾਬੰਦੀਆਂ ਦੇ ਲਾਗੂ ਹੋਣ ਕਾਰਨ ਰਿਲਾਇੰਸ ਇੰਡਸਟਰੀਜ਼, ਐੱਚ. ਪੀ. ਸੀ. ਐੱਲ.-ਮਿੱਤਲ ਐਨਰਜੀ ਅਤੇ ਮੈਂਗਲੋਰ ਰਿਫਾਇਨਰੀ ਵਰਗੀਆਂ ਕੰਪਨੀਆਂ ਨੇ ਫਿਲਹਾਲ ਰੂਸੀ ਤੇਲ ਦੀ ਦਰਾਮਦ ਰੋਕ ਦਿੱਤੀ ਹੈ।

ਇਸ ਮਾਮਲੇ ’ਚ ਇਕਮਾਤਰ ਵਿਰੋਧ ਨਾਇਰਾ ਐਨਰਜੀ ਹੈ, ਜੋ ਰਾਸਨੈਫਟ ਵੱਲੋਂ ਸਮਰਥਿਤ ਹੈ ਅਤੇ ਯੂਰਪੀਅਨ ਯੂਨੀਅਨ ਵੱਲੋਂ ਲਾਈਆਂ ਪਾਬੰਦੀਆਂ ਤੋਂ ਬਾਅਦ ਹੋਰ ਸਰੋਤਾਂ ਤੋਂ ਸਪਲਾਈ ਕੱਟਣ ਕਾਰਨ ਰੂਸੀ ਤੇਲ ’ਤੇ ਭਾਰੀ ਨਿਰਭਰ ਹੈ। ਰਿਤੋਲੀਆ ਨੇ ਕਿਹਾ,“ਨਇਰਾ ਦੇ ਵਾਦੀਨੇਰ ਪਲਾਂਟ ਨੂੰ ਛੱਡ ਕੇ ਕੋਈ ਵੀ ਭਾਰਤੀ ਰਿਫਾਇਨਰ ਓ. ਐੱਫ. ਏ. ਸੀ.-ਨਾਮੀ ਸੰਸਥਾਵਾਂ ਨਾਲ ਜੁੜ? ਜੋਖਿਮ ਨਹੀਂ ਲੈਣਾ ਚਾਹੁੰਦਾ। ਖਰੀਦਦਾਰਾਂ ਨੂੰ ਆਪਣੇ ਸਮਝੌਤੇ, ਸਪਲਾਈ ਰੂਟ, ਮਾਲਕੀ ਅਤੇ ਭੁਗਤਾਨੇ ਚੈਨਲਾਂ ਨੂੰ ਦੁਬਾਰਾ ਯੋਜਨਾਬੱਧ ਕਰਨ ’ਚ ਸਮਾਂ ਲੱਗੇਗਾ।”

ਜੇਕਰ ਰੂਸ ਤੋਂ ਸਪਲਾਈ ਤੇਜ਼ੀ ਨਾਲ ਘਟਦੀ ਹੈ ਤਾਂ ਭਾਰਤ ਨੂੰ ਮਿਡਲ ਈਸਟ, ਅਮਰੀਕਾ, ਲੈਟਿਨ ਅਮਰੀਕਾ ਅਤੇ ਅਫਰੀਕਾ ਤੋਂ ਮਹਿੰਗਾ ਤੇਲ ਖਰੀਦਣਾ ਪਵੇਗਾ। ਅਜਿਹੇ ’ਚ ਰਿਫਾਇਨਰੀਆਂ ਦੀ ਲਾਗਤ ਵਧੇਗੀ, ਜਿਸ ਨਾਲ ਸੰਭਾਵਨਾ ਹੈ ਕਿ ਈਂਧਨ ਦੀਆਂ ਕੀਮਤਾਂ ’ਤੇ ਦਬਾਅ ਵਧੇਗਾ, ਰਿਫਾਈਨਿੰਗ ਮਾਰਜਨ ਘਟਣਗੇ ਅਤੇ ਭਵਿੱਖ ’ਚ ਕੀਮਤਾਂ ਵੱਧ ਸਕਦੀਆਂ ਹਨ।

# ਬ੍ਰਾਜ਼ੀਲ ਦੇ ਨੇਵਲ ਵਾਰ ਕਾਲਜ ਦੇ ਵਫ਼ਦ ਨੇ ਭਾਰਤੀ ਜਲ ਸੈਨਾ ਦੇ ਹੈੱਡਕੁਆਰਟਰ ਦਾ ਦੌਰਾ ਕੀਤਾ






ਨਵੀਂ ਦਿੱਲੀ : ਪ੍ਰਮੁੱਖ ਸਮੁੰਦਰੀ ਦੇਸ਼ਾਂ ਨਾਲ ਭਾਰਤੀ ਜਲ ਸੈਨਾ ਦੇ ਸੰਪਰਕ ਦੇ ਹਿੱਸੇ ਵਜੋਂ, ਐਸਕੋਲਾ ਡੀ ਗੁਆਰਾ ਨੇਵਲ (ਨੇਵਲ ਵਾਰ ਕਾਲਜ) - ਈਜੀਐਨ, ਰੀਓ ਡੀ ਜੇਨੇਰੀਓ, ਬ੍ਰਾਜ਼ੀਲ ਦੇ ਇੱਕ 40 ਮੈਂਬਰੀ ਵਫ਼ਦ ਦੀ ਮੇਜ਼ਬਾਨੀ 17-19 ਨਵੰਬਰ 25 ਤੱਕ ਨਵੀਂ ਦਿੱਲੀ ਵਿੱਚ ਨੇਵਲ ਹੈੱਡਕੁਆਰਟਰ ਵਿਖੇ ਕੀਤੀ ਗਈ।

# ਗ੍ਰੰਥੀ ਦੀ ਤਨਖ਼ਾਹ 50 ਹਜ਼ਾਰ ਹੋਵੇ



ਗ੍ਰੰਥੀ ਦੀ ਤਨਖ਼ਾਹ 50 ਹਜ਼ਾਰ ਹੋਵੇ। ਗ੍ਰੰਥੀ ਬਣਨ ਦੀ ਯੋਗਤਾ ਫੁੱਲ ਗਰੇਜੂਏਟ। 900 ਸਫ਼ੇ ਤੱਕ ਇੱਕ ਕਿਤਾਬ ਲਿਖੀ ਹੋਵੇ ਜਾਂ ਤਿੰਨ ਤਿੰਨ ਸੌ ਸਫੇ ਦੀਆਂ ਤਿੰਨ ਕਿਤਾਬਾਂ ਲਿਖੀਆਂ ਹੋਣ ਕਿਤਾਬ ਦਾ ਸਬਜੈਕਟ ਦਸ ਗੁਰੂਆਂ ਦੀ ਵਿਚਾਰਧਾਰਾ/ਇਤੀਹਾਸ/ਭਗਤਾਂ ਦੀ ਵਿਚਾਰਧਾਰਾ ਅਤੇ ਇਤਿਹਾਸ ਗ੍ਰੰਥੀ ਦਾ ਲਕਸ਼ ਦੱਸਾਂ ਗੁਰੂਆਂ ਦਾ ਪਰਚਾਰ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਜੀਵਨ ਜੀਣ ਦੀ ਪ੍ਰੇਰਣਾ ਗ੍ਰੰਥੀ ਦੇ ਗਲੇ ਵਿੱਚ ਸੁਰ ਹੋਵੇ। ਪੂਰਾ ਕਾਬਲ ਹੋਣ ਦੇ ਬਾਵਜੂਦ ਜੇ ਗ੍ਰੰਥੀ ਦੇ ਪਾਠ ਵਿੱਚ ਸੁਰੀਲਾਪਨ ਨਹੀਂ ਹੈ ਤਾਂ ਉਹਦੇ ਕੋਲ ਸੁਰ ਵਾਲਾ ਪਾਠੀ ਰੱਖਣ ਦਾ ਅਧਿਕਾਰ ਹੋਵੇ ਉਹਦੀ ਤਨਖਾਹ ਕਮੇਟੀ ਦਵੇ। ਗ੍ਰੰਥੀ ਨੂੰ ਬਦਲਣ ਦਾ ਅਤੇ ਡਿਸਮਿਸ ਕਰਨ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ ਹੋਵੇ। ਹਰ ਗੁਰਦਵਾਰੇ ਵਿੱਚ ਦੋ ਹਜ਼ਾਰ ਕਿਤਾਬਾਂ ਤੱਕ ਦੀ ਲਾਇਬ੍ਰੇਰੀ ਹੋਵੇ ਕਿਤਾਬਾਂ ਰੱਖਣ ਦੀ ਕੋਈ ਧਾਰਮਿਕ ਸੀਮਾ ਨਾ ਹੋਵੇ। ਸਮਾਜ ਵਿੱਚ ਗ੍ਰੰਥੀ ਸਿੰਘ ਦੀ ਹਸਤੀ ਪ੍ਰਿੰਸੀਪਲ ਵਾਲੀ ਹੋਵੇ।

-ਚਰਨ ਲਿਖਾਰੀ




ਕੋਲਕਾਤਾ : ਇੰਸਟੀਚਿਊਟ ਆਫ ਚਾਰਟਰਡ ਅਕਾਊਂਟੈਂਟਸ ਆਫ ਇੰਡੀਆ (ਆਈਸੀਏਆਈ) ਦੇ ਪ੍ਰਧਾਨ ਚਰਨਜੋਤ ਸਿੰਘ ਨੰਦਾ ਕੋਲਕਾਤਾ ਵਿੱਚ 50ਵੀਂ ਖੇਤਰੀ ਕਾਨਫਰੰਸ ਗੋਲਡਨ ਜੁਬਲੀ ਦੇ ਉਦਘਾਟਨ ਦੌਰਾਨ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ।

# ਚੌਧਰੀ ਚਰਨ ਸਿੰਘ ਪਾਰਕ ਵਿਖੇ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਦੇ ਜਨਮ ਦਿਨ 'ਤੇ ਹਵਨ ਕੀਤਾ



ਮੇਰਠ : ਸਮਾਜਵਾਦੀ ਪਾਰਟੀ ਦੇ ਵਰਕਰਾਂ ਨੇ ਸ਼ਨੀਵਾਰ ਨੂੰ ਮੇਰਠ ਦੇ ਚੌਧਰੀ ਚਰਨ ਸਿੰਘ ਪਾਰਕ ਵਿਖੇ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਦੇ ਜਨਮ ਦਿਨ 'ਤੇ ਹਵਨ ਕੀਤਾ।

# ਝਾਰਖੰਡ ਰਕਸ਼ਾ ਸ਼ਕਤੀ ਯੂਨੀਵਰਸਿਟੀ ਨੇ ਪਹਿਲੇ ਕਨਵੋਕੇਸ਼ਨ ਸਮਾਰੋਹ ਕਰਵਾਇਆ




ਰਾਂਚੀ : ਝਾਰਖੰਡ ਦੇ ਰਾਜਪਾਲ ਅਤੇ ਝਾਰਖੰਡ ਦੀਆਂ ਯੂਨੀਵਰਸਿਟੀਆਂ ਦੇ ਚਾਂਸਲਰ ਸੰਤੋਸ਼ ਕੁਮਾਰ ਗੰਗਵਾਰ ਸ਼ੁੱਕਰਵਾਰ ਨੂੰ ਰਾਂਚੀ ਦੇ ਮੋਰਹਾਬਾਦੀ ਸਥਿਤ ਕਨਵੋਕੇਸ਼ਨ ਪਵੇਲੀਅਨ ਵਿਖੇ ਝਾਰਖੰਡ ਰਕਸ਼ਾ ਸ਼ਕਤੀ ਯੂਨੀਵਰਸਿਟੀ ਦੇ ਪਹਿਲੇ ਕਨਵੋਕੇਸ਼ਨ ਸਮਾਰੋਹ ਦੌਰਾਨ। ਕੇਂਦਰੀ ਰੱਖਿਆ ਰਾਜ ਮੰਤਰੀ ਸੰਜੇ ਸੇਠ ਵੀ ਮੌਜੂਦ ਸਨ।

# ਭਾਈ ਵਰਿੰਦਰ ਸਿੰਘ ਮਸੀਤੀ ਆਈ ਡੋਨਰ ਇੰਚਾਰਜ ਟਾਂਡਾ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇ ਸ਼ਹੀਦੀ ਪੂਰਵ ਮੌਕੇ ਆਪਣਾ ਸਰੀਰ ਕੀਤਾ ਦਾਨ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਸਰਕਾਰ ਵੱਲੋਂ ਵੀ ਅੱਖਾਂ ਦਾਨ, ਸਰੀਰ ਦਾਨ ਸਰੀਰ ਦਾਨ, ਤੇ ਅੰਗ ਦਾਨ ਕਰਨ ਦੇ ਸਬੰਧ ਵਿੱਚ ਸੂਬੇ ਅੰਦਰ ਇਸ ਸਬੰਧੀ ਪ੍ਰਚਾਰ ਕੀਤਾ ਜਾ ਰਿਹਾ ਹੈ ਕਿਉਂਕਿ ਕਿਸੇ ਵੀ ਮੁਲਕ ਦੇ ਕੋਲੋਂ ਅਜੇ ਤੱਕ ਸਰੀਰ ਦਾ ਕੋਈ ਵੀ ਅੰਗ ਨਹੀਂ ਬਣਾਇਆ ਗਿਆ ਪਰ ਮੌਤ ਤੋਂ ਬਾਅਦ ਅਸੀਂ ਕਰੋੜਾਂ ਅੰਗਾਂ ਨੂੰ ਜੋ ਸਰੀਰ ਦੇ ਅੰਦਰ ਨੇ ਉਹਨਾਂ ਨੂੰ ਹੁਣ ਤੱਕ ਜਲਾ ਚੁੱਕੇ ਹਾਂ, ਜੇਕਰ ਅਸੀਂ ਇਹਨਾਂ ਅੰਗਾਂ ਨੂੰ ਦਾਨ ਕਰ ਦਿੰਦੇ ਤੇ ਕਰੋੜਾਂ ਮਿਲੀਅਨ ਲੋਕਾਂ ਨੂੰ ਅਸੀਂ ਹੁਣ ਤੱਕ ਇਹ ਰੌਸ਼ਨੀ ਅੱਖਾਂ ਦੀ ਦਿੱਤੀ ਜਾ ਸਕਦੀ ਸੀ ਔਰ ਕਰੋੜਾਂ ਅੰਗ ਹੀ ਸਾਡੇ ਬਦਲੇ ਜਾ ਸਕਦੇ ਸਨ। ਇਹ ਵਿਚਾਰ ਅੱਜ ਆਈ ਡੋਨਰ ਇੰਚਾਰਜ ਟਾਂਡਾ ਭਾਈ ਵਰਿੰਦਰ ਸਿੰਘ ਮਸੀਤੀ ਜੀ ਨੇ ਪ੍ਰੈੱਸ ਨਾਲ ਸਾਂਝੇ ਕਰਨ ਦੌਰਾਨ ਕੀਤੇ। ਉਹਨਾਂ ਦੇਸ਼ ਵਾਸੀਆਂ ਨੂੰ ਇੱਕ ਅਪੀਲ ਕੀਤੀ ਕਿਉਂ ਇਸ ਪ੍ਰਤੀ ਅਸੀਂ ਵੀ ਆਪਣੀ ਸੋਚ ਦੇ ਮੁਤਾਬਕ ਮਰਨ ਤੋਂ ਉਪਰੰਤ ਅੰਗ ਦਾਨ ਤੇ ਸਰੀਰ ਦਾਨ ਕਰਕੇ ਅੰਗਾ ਨੂੰ ਲੋੜਵੰਦਾਂ ਤੱਕ ਪਹੁੰਚਾਈਏ, ਜੋ ਪਰਮਾਤਮਾ ਦੇ ਦਿੱਤੇ ਹੋਏ ਅੰਗਾਂ ਨੂੰ ਅਸੀਂ ਉਹਨਾਂ ਦੀ ਕਿਰਪਾ ਦੇ ਨਾਲ ਹੀ ਦਾਨ ਕਰਕੇ ਇਸ ਸੰਸਾਰ ਤੋਂ ਚਲੇ ਜਾਣਾ ਹੈ। ਉਨ੍ਹਾ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇ ਸ਼ਹੀਦੀ ਪੂਰਵ ਮੌਕੇ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਜਿਉਂਦੇ ਜੀ ਆਪਣਾ ਖ਼ੂਨ ਦਾਨ ਕਰਨ ਖ਼ੂਨ ਵੀ ਕਿਸੇ ਮੁਲਕ ਤੋਂ ਅਜੇ ਤੱਕ ਬਣਾਇਆ ਨਹੀਂ ਗਿਆ ਔਰ ਸਾਡੇ ਵੱਲੋਂ ਖ਼ੂਨ ਦਾਨ ਕਰਕੇ ਅਸੀਂ ਅਨੇਕਾਂ ਮਰੀਜ਼ਾਂ ਨੂੰ ਉਹਨਾਂ ਨੂੰ ਨਵਾਂ ਜੀਵਨ ਦੇ ਸਕਦੇ ਹਾਂ ਜਿਸ ਤਰ੍ਹਾਂ ਐਕਸੀਡੈਂਟ ਕੇਸਾਂ ਦੇ ਵਿੱਚ ਜਾਂ ਬੱਚੇ ਦੀ ਪੈਦਾਇਸ਼ ਦੇ ਵਿੱਚ ਸਾਡੇ ਉਹਨਾਂ ਮਰੀਜ਼ਾਂ ਨੂੰ ਲੋੜ ਪੈਂਦੀ ਹੈ,ਇਸ ਲਈ ਅਸੀਂ ਵੱਧ ਤੋਂ ਵੱਧ ਖ਼ੂਨ ਦਾਨ ਕਰੀਏ ਆਪਣੇ ਦੇਸ਼ ਦੇ ਲਈ ਆਪਣੇ ਪੰਜਾਬ ਦੇ ਲਈ ਔਰ ਆਪਣੇ ਹਰ ਪਿੰਡ ਦੇ ਹਰ ਵਸਨੀਕ ਦੇ ਲਈ ਇਹ ਇਕ ਸ਼ਲਾਂਘਾਯੋਗ ਕਦਮ ਹਰ ਇਨਸਾਨ ਨੂੰ ਆਪਣੀ ਜ਼ਿੰਦਗੀ ਦੇ ਵਿੱਚ ਜਰੂਰ ਕਰਨਾ ਚਾਹੀਦਾ ਹੈ ਜੋ ਸਾਡੇ ਗੁਰੂਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਤੇ ਉਹਨਾਂ ਨੇ ਸਾਨੂੰ ਇਸ ਇਨਸਾਨੀਅਤ ਦੇ ਰਾਹ ਤੇ ਤੁਰਨ ਲਈ ਹੀ ਪ੍ਰੇਰਿਤ ਕੀਤਾ ਹੈ। ਇਸ ਮੌਕੇ ਭਾਈ ਵਰਿੰਦਰ ਸਿੰਘ ਮਸੀਤੀ ਨੇ ਸਿਵਲ ਹਸਪਤਾਲ ਟਾਂਡਾ ਵਿਖੇ ਜਾ ਕੇ ਐਸਐਮਓ ਡਾਕਟਰ ਕਰਨ ਕੁਮਾਰ ਸੈਣੀ ਤੇ ਸੀਨੀਅਰ ਡਾਕਟਰ ਪ੍ਰੀਤ ਮਹਿੰਦਰ ਸਿੰਘ ਕੋਲ ਆਪਣੇ ਸਰੀਰ ਦਾਨ ਕਰਨ ਸਬੰਧੀ ਫਾਰਮ ਜਮਾਂ ਕਰਵਾਏ ਤੇ ਆਪਣਾ ਸਰਟੀਫੀਕੇਟ ਪ੍ਰਾਪਤ ਕੀਤਾ।

# ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਵੱਲੋਂ ਗੁਰੂ ਤੇ.ਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਕੀਰਤਨ ਦਰਬਾਰ ਕਰਵਾਇਆ




ਢਾਡੀ ਜੱਥੇ ਨੂੰ ਸਨਮਾਨਿਤ ਕਰਦੇ ਹੋਏ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਅਤੇ ਗੁਰਦੁਆਰਾ ਸਾਹਿਬ ਕਮੇਟੀ ਦੇ ਮੈਂਬਰ ਅਤੇ ਸਮਾਗਮ ਵਿੱਚ ਹਾਜ਼ਰ ਸੰਗਤਾਂ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਟਾਂਡਾ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅਤੇ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸਤਾਬਦੀ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਗੁਰਦੁਆਰਾ ਸੰਤ ਬਾਬਾ ਭਾਗ ਸਿੰਘ ਜੀ ( ਬਾਬਾ ਰੋਟੀ ਰਾਮ ਜੀ ) ਪਿੰਡ ਢਡਿਆਲਾ ਵਿਖੇ ਕਰਵਾਇਆ ਗਿਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ, ਨਗਰ ਨਿਵਾਸੀ ਅਤੇ ਵੱਖ-ਵੱਖ ਜੱਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਕੀਰਤਨ ਦਰਬਾਰ ਵਿੱਚ ਸਭ ਤੋਂ ਪਹਿਲਾਂ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ ਉਪਰੰਤ ਭਾਈ ਗੁਰਵੀਰ ਸਿੰਘ ਢਡਿਆਲਾ, ਭਾਈ ਸੁਖਦੀਪ ਸਿੰਘ ਬੈਂਸ ਅਤੇ ਭਾਰੀ ਵਰਿੰਦਰ ਸਿੰਘ ਖੱਖ ਦੇ ਰਾਗੀ ਜੱਥਿਆਂ ਨੇ ਮਨੋਹਰ ਕੀਰਤਨ ਨਾਲ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਇਸ ਤੋਂ ਬਾਅਦ ਭਾਈ ਸੁਖਵਿੰਦਰ ਸਿੰਘ ਰਿਟਾ. ਡਿਪਟੀ ਡੀ.ਈ.ਓ., ਭਾਈ ਜਸਵਿੰਦਰ ਸਿੰਘ ਰਮਦਾਸਪੁਰ ਨੇ ਕਥਾ ਵਿਚਾਰਾਂ ਨਾਲ ਅਤੇ ਪੰਥਕ ਢਾਡੀ ਜੱਥੇ ਭਾਈ ਜਸਵੀਰ ਸਿੰਘ ਮੋਹਲਕੇ ਵੱਲੋਂ ਢਾਡੀ ਵਾਰਾਂ ਨਾਲ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅਤੇ ਹੋਰਨਾਂ ਸਿੱਖਾਂ ਦੀ ਸ਼ਹੀਦੀ ਦੇ ਇਤਿਹਾਸ ਬਾਰੇ ਬਾਖ਼ੂਬੀ ਨਾਲ ਸੰਗਤਾਂ ਨੂੰ ਜੋੜਿਆ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਰਵਿੰਦਰ ਸਿੰਘ ਰਵੀ ਨੇ ਇਸ ਕੀਰਤਨ ਦਰਬਾਰ ਵਿਚ ਪਹੁੰਚੀਆਂ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਵੱਖ-ਵੱਖ ਸਖਸ਼ੀਅਤਾਂ ਦਾ ਸਨਮਾਨ ਵੀ ਕੀਤਾ। ਸਟੇਜ਼ ਸਕੱਤਰ ਦੀ ਸੇਵਾ ਸੁਸਾਇਟੀ ਦੇ ਪ੍ਰੈਸ ਸਕੱਤਰ ਗੁਰਪ੍ਰੀਤ ਸਿੰਘ ਵੱਲੋਂ ਬਾਖ਼ੂਬੀ ਨਿਭਾਈ ਗਈ। ਇਸ ਸਮੁੱਚੇ ਸਮਾਗਮ ਦੌਰਾਨ ਵੇਵਜ਼ ਹਸਪਤਾਲ ਟਾਂਡਾ ਵਲੋਂ ਮੁਫ਼ਤ ਮੈਡੀਕਲ ਸੇਵਾਵਾਂ ਦਿੱਤੀਆਂ ਗਈਆਂ। ਇਸ ਮੌਕੇ ਜਸਵੀਰ ਸਿੰਘ ਰਾਜਾ ਹਲਕਾ ਵਿਧਾਇਕ, ਲਖਵਿੰਦਰ ਸਿੰਘ ਲੱਖੀ ਜ਼ਿਲ੍ਹਾ ਪ੍ਰਧਾਨ ਸ਼੍ਰੋ.ਅ.ਦ.(ਬ), ਅਰਵਿੰਦਰ ਸਿੰਘ ਰਸੂਲਪੁਰ ਹਲਕਾ ਇੰਚਾਰਜ਼ ਸ਼੍ਰੋ.ਅ.ਦ.(ਬ), ਹਰਮੀਤ ਸਿੰਘ ਔਲ ?ਖ ਸਾਬਕਾ ਚੇਅਰਮੈਨ, ਸੁਖਵਿੰਦਰ ਸਿੰਘ ਅਰੋੜਾ, ਰਜਿੰਦਰ ਸਿੰਘ ਮਾਰਸ਼ਲ, ਜੰਗਵੀਰ ਸਿੰਘ ਚੌਹਾਨ, ਡਾ. ਅਮੋਲਕ ਸਿੰਘ ਮਰਵਾਹਾ, ਅਤਿੰਦਰਪਾਲ ਸਿੰਘ ਸਰਪੰਚ ਢਡਿਆਲਾ, ਰਾਜ ਸਿੰਘ ਵਿਰਕ, ਤਰਸੇਮ ਪੱਪੂ, ਜਸਪ੍ਰੀਤ ਸਿੰਘ ਸੈਣੀ, ਨੰਬਰਦਾਰ ਇਕਬਾਲ ਸਿੰਘ, ਮਲਕੀਤ ਸਿੰਘ ਇੰਗਲੈਂਡ, ਇਕਬਾਲ ਸਿੰਘ ਢਡਿਆਲਾ, ਮਨਜੀਤ ਸਿੰਘ ਖਾਲਸਾ, ਉੱਕਾਰ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਢਡਿਆਲਾ, ਹੈੱਡ ਗ੍ਰੰਥੀ ਗੁਰਬਖਸ਼ ਸਿੰਘ, ਗੁਰਦੀਪ ਸਿੰਘ ਦਸ਼ਮੇਸ਼ ਨਗਰ, ਜਗਦੀਸ਼ ਕੁਮਾਰ ਤੋਂ ਇਲਾਵਾ ਸੁਸਾਇਟੀ ਦੇ ਸਰਪ੍ਰਸਤ ਸ਼ਰਧਾ ਸਿੰਘ, ਜਨਰਲ ਸਕੱਤਰ ਕਿਰਪਾਲ ਸਿੰਘ ਪੰਡੋਰੀ, ਖ਼ਜ਼ਾਨਚੀ ਪਿਆਰਾ ਸਿੰਘ, ਗੁਰਪ੍ਰੀਤ ਸਿੰਘ, ਮਾ. ਜਸਵੀਰ ਸਿੰਘ, ਸ਼ਰਨਦੀਪ ਸਿੰਘ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।




ਭੋਪਾਲ ਵਿੱਚ ਮਾਡਲ ਖੁਸ਼ਬੂ ਅਹੀਰਵਾਰ ਦੀ ਮੌਤ 'ਤੇ ਲੋਕਾਂ ਨੇ ਪ੍ਰਦਰਸ਼ਨ ਕੀਤਾ।

# ਪੰਜਾਬ ਸਰਕਾਰ ਨੇ ਅੰਮ੍ਰਿਤਸਰ, ਸ੍ਰੀ ਅਨੰਦਪੁਰ ਸਾਹਿਬ ਤੇ ਤਲਵੰਡੀ ਸਾਬੋ ਦੇ ਅੰਦਰੂਨੀ ਸ਼ਹਿਰ ਪਵਿੱਤਰ ਐਲਾਨੇ

## ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾਂਜਲੀ ਦੇਣ ਲਈ ਮਤਾ ਸਰਬਸੰਮਤੀ ਨਾਲ ਪਾਸ

ਚੰਡੀਗੜ੍ਹ : ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਸਰਕਾਰ ਵਲੋਂ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਸੱਦੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਕ ਮਹੱਤਵਪੂਰਨ ਫ਼ੈਸਲੇ ਵਿਚ ਅੰਮ੍ਰਿਤਸਰ, ਤਲਵੰਡੀ ਸਾਬੋ ਤੇ ਸ੍ਰੀ ਅਨੰਦਪੁਰ ਸਾਹਿਬ ਦੇ (ਅੰਦਰੂਨੀ ਸ਼ਹਿਰ/ਪੁਰਾਤਨ ਸ਼ਹਿਰ), ਜਿੱਥੇ ਤਖ਼ਤ ਸਾਹਿਬਾਨ ਸਥਾਪਤ ਹਨ, ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਸੰਬੰਧੀ ਮਤਾ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸਦਨ ਵਿਚ ਪੇਸ਼ ਕੀਤਾ ਗਿਆ, ਜਿਸ ਨੂੰ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵਲੋਂ ਸਦਨ ਦੇ ਮੈਂਬਰਾਂ ਦੀ ਸਹਿਮਤੀ ਪੁੱਛੇ ਜਾਣ ਮਗਰੋਂ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਮੁੱਖ ਮੰਤਰੀ ਨੇ ਇਸ ਮੌਕੇ ਆਪਣੇ ਸੰਬੋਧਨ 'ਚ ਕਿਹਾ ਕਿ ਇਸ ਦੇ ਨਾਲ ਹੀ ਇਨ੍ਹਾਂ ਪਵਿੱਤਰ ਸ਼ਹਿਰਾਂ ਵਿਚ ਸਾਰੀਆਂ ਧਾਰਮਿਕ ਸੰਸਥਾਵਾਂ ਨਾਲ



ਸੰਬੰਧਿਤ ਸਰਬ-ਧਰਮ ਕਮੇਟੀ ਬਣਾਈ ਜਾਵੇਗੀ, ਜਿਸ ਵਿਚ ਸਾਰੇ ਧਰਮਾਂ ਦੇ ਨੁਮਾਇੰਦੇ ਸ਼ਾਮਿਲ ਹੋਣਗੇ। ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਨਿਮਰ ਸ਼ਰਧਾਂਜਲੀ ਵਜੋਂ ਸੂਬਾ ਸਰਕਾਰ ਨੇ ਨੌਵੇਂ ਪਾਤਿਸ਼ਾਹ ਦਾ 350ਵਾਂ ਸ਼ਹੀਦੀ ਦਿਹਾੜਾ ਵਿਆਪਕ ਪੱਧਰ 'ਤੇ ਮਨਾਉਣ ਲਈ ਸੂਬੇ ਭਰ ਵਿਚ ਲੜੀਵਾਰ ਸਮਾਗਮ ਉਲੀਕੇ ਹਨ। ਉਨ੍ਹਾਂ ਕਿਹਾ ਕਿ ਅੱਜ ਦਾ ਸੈਸ਼ਨ ਇਨ੍ਹਾਂ ਸਮਾਗਮਾਂ ਨੂੰ ਹੀ ਸਮਰਪਿਤ ਸੀ। ਉਨ੍ਹਾਂ ਕਿਹਾ ਕਿ ਕਰਵਾਏ ਜਾ ਰਹੇ ਸਮਾਗਮਾਂ ਦਾ ਇਕੋ-ਇਕ ਉਦੇਸ਼ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਮਹਾਨ ਗੁਰੂ ਸਾਹਿਬ ਜੀ ਦੀ ਸ਼ਾਨਦਾਰ ਵਿਰਾਸਤ ਨੂੰ ਕਾਇਮ ਰੱਖਣਾ ਹੈ। ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਧਰਮ ਦੀ ਰਾਖੀ ਅਤੇ ਸਾਰਿਆਂ ਦੇ ਹੱਕਾਂ ਲਈ ਨੌਵੇਂ ਪਾਤਿਸ਼ਾਹ ਵਲੋਂ ਦਿੱਤੀ ਗਈ ਲਾਸਾਨੀ ਸ਼ਹਾਦਤ ਅਤੇ ਸਰਬਉੱਚ ਬਲੀਦਾਨ ਨੂੰ ਸਿਜਦਾ ਕਰਨ ਲਈ ਇਕ ਅਧਿਕਾਰਤ ਮਤਾ ਪੇਸ਼ ਕੀਤਾ, ਜਿਸ ਨੂੰ ਸਰਬਸੰਮਤੀ ਨਾਲ ਪਾਸ ਕਰ ਕੀਤਾ ਗਿਆ। ਸਦਨ ਵਿਚ ਸੰਬੋਧਨ ਕਰਦਿਆਂ ਬੈਂਸ ਨੇ ਤਿੰਨ ਗੁਰਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਵੀ ਯਾਦ ਕੀਤਾ। ਉਨ੍ਹਾਂ ਕਿਹਾ ਕਿ ਅਨੰਦਪੁਰ ਸਾਹਿਬ ਦੀ ਇਹ ਪਵਿੱਤਰ ਧਰਤੀ, ਜਿਸ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਖ਼ੁਦ ਵਸਾਇਆ ਅਤੇ ਆਪਣੀ ਸਤਿਕਾਰਯੋਗ ਮਾਤਾ ਦੇ ਨਾਂਅ 'ਤੇ ਇਸ ਨੂੰ 'ਚੱਕ ਨਾਨਕੀ' ਦਾ ਨਾਂਅ ਦਿੱਤਾ, ਇਹ ਉਹੀ ਧਰਤੀ ਹੈ, ਜਿੱਥੋਂ ਗੁਰੂ ਸਾਹਿਬ ਦਿੱਲੀ ਲਈ ਰਵਾਨਾ ਹੋਏ ਸਨ। ਇਹ ਉਹ ਅਸਥਾਨ ਹੈ, ਜਿੱਥੇ ਕਸ਼ਮੀਰੀ ਪੰਡਤ ਇਨਸਾਫ਼ ਦੀ ਅਪੀਲ ਲੈ ਕੇ ਗੁਰੂ ਸਾਹਿਬ ਦੀ ਸ਼ਰਨ ਵਿਚ ਆਏ ਸਨ।

# ਗੁਰੂ ਤੇਗ ਬਹਾਦਰ ਜੀ ਦੇ ਨਾਂਅ 'ਤੇ ਸ੍ਰੀ ਅਨੰਦਪੁਰ ਸਾਹਿਬ 'ਚ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਿਤ ਕਰਨ ਦਾ ਐਲਾਨ

## ਮੁੱਖ ਮੰਤਰੀ ਤੇ ਕੇਜਰੀਵਾਲ ਵਲੋਂ ਪਰਿਵਾਰਾਂ ਸਮੇਤ ਅਰਦਾਸ ਸਮਾਗਮ 'ਚ ਸ਼ਮੂਲੀਅਤ







ਸ੍ਰੀ ਅਨੰਦਪੁਰ ਸਾਹਿਬ : ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਗਏ ਲੜੀਵਾਰ ਸਮਾਗਮਾਂ ਦੀ ਸੰਪੂਰਨਤਾ ਮੌਕੇ ਅੱਜ ਸਰਬੱਤ ਦਾ ਭਲਾ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਗੁਰੂ ਤੇਗ਼ ਬਹਾਦਰ ਜੀ ਦੇ ਨਾਂਅ 'ਤੇ ਸ੍ਰੀ ਅਨੰਦਪੁਰ ਸਾਹਿਬ 'ਚ ਇਕ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਿਤ ਕੀਤੇ ਜਾਣ ਦਾ ਐਲਾਨ ਕੀਤਾ। ਇਹ ਐਲਾਨ ਉਨ੍ਹਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਗੁਰੂ ਸਾਹਿਬ ਦੇ ਨਾਂਅ 'ਤੇ ਇਕ ਅਦਭੁੱਤ ਯਾਦਗਾਰ ਬਣਾਏ ਜਾਣ ਦੀ ਮੰਗ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਯੂਨੀਵਰਸਿਟੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਾ ਕੇਵਲ ਗੁਰੂ ਸਾਹਿਬ ਦੇ ਜੀਵਨ ਤੇ ਫਲਸਫੇ ਨਾਲ ਜੋੜੇਗੀ, ਸਗੋਂ ਸਦੀਆਂ ਤੱਕ ਉਨ੍ਹਾਂ ਦਾ ਰਾਹ ਵੀ ਰੁਸ਼ਨਾਉਂਦੀ ਰਹੇਗੀ। ਉਨ੍ਹਾਂ ਗੁਰੂ ਸਾਹਿਬ ਵਲੋਂ ਦਿੱਤੇ ਏਕਤਾ, ਵਿਸ਼ਵ ਵਿਆਪੀ ਭਾਈਚਾਰੇ, ਧਰਮ ਨਿਰਪੱਖਤਾ, ਦਇਆ ਤੇ ਬਹਾਦਰੀ ਦੇ ਸੰਦੇਸ਼ ਨੂੰ ਅਪਣਾਉਣ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਵਲੋਂ ਦਿੱਤੀ ਸ਼ਹਾਦਤ ਦੀ ਮਿਸਾਲ ਇਤਿਹਾਸ 'ਚ ਕਿਧਰੇ ਹੋਰ ਨਹੀਂ ਮਿਲਦੀ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਵਿਧਾਨ ਸਭਾ ਦਾ ਸੈਸ਼ਨ ਵੀ ਇਸੇ ਪਵਿੱਤਰ ਧਰਤੀ 'ਤੇ ਕਰਵਾਇਆ ਗਿਆ, ਜਿਸ ਵਿਚ ਸ੍ਰੀ ਅਕਾਲ ਤਖਤ ਅੰਮ੍ਰਿਤਸਰ, ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨਿਆ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਗੁਰਦੁਆਰਾ ਸੀਸਗੰਜ ਸਾਹਿਬ ਨੂੰ ਜਾਣ ਵਾਲੇ ਰਸਤੇ ਨੂੰ ਸੁੰਦਰ ਗਲਿਆਰੇ ਦਾ ਰੂਪ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਇਨ੍ਹਾਂ ਤਖਤਾਂ ਦੇ ਦਰਸ਼ਨਾਂ ਲਈ ਪੰਜਾਬ ਸਰਕਾਰ ਵਲੋਂ ਸੰਗਤਾਂ ਨੂੰ ਮੁਫਤ ਆਵਾਜਾਈ ਦੀ ਸਹੂਲਤ ਵੀ ਪ੍ਰਦਾਨ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਇਨ੍ਹਾਂ ਸਮਾਗਮਾਂ ਨੂੰ ਇੱਥੇ ਹੀ ਖਤਮ ਨਹੀਂ ਕੀਤਾ ਜਾਵੇਗਾ, ਸਗੋਂ ਇਨ੍ਹਾਂ ਆਉਂਦੇ ਦਿਨਾਂ 'ਚ ਵੀ ਇਸੇ ਤਰ੍ਹਾਂ ਜਾਰੀ ਰੱਖਿਆ ਜਾਵੇਗਾ ਤੇ 351ਵੇਂ ਸ਼ਹੀਦੀ ਦਿਹਾੜੇ ਤੇ ਹੌਲੇ ਮਹੱਲੇ ਨੂੰ ਵੀ ਵੱਡੀ ਪੱਧਰ 'ਤੇ ਮਨਾਇਆ ਜਾਵੇਗਾ। ਇਸ ਮੌਕੇ ਮੁੱਖ ਮੰਤਰੀ ਨੇ ਗੁਰੂ ਸਾਹਿਬ ਵਲੋਂ ਪੁਰਾਤਨ ਸਮੇਂ 'ਚ ਦਿੱਤੀ ਜਾਂਦੀ ਜੰਗਜੂ ਸਿਖਲਾਈ (ਗਤਕੇ) ਨੂੰ ਉਤਸ਼ਾਹਿਤ ਕਰਨ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦੇ ਹੋਏ ਕਿਹਾ ਕਿ ਸਰਕਾਰ ਵਲੋਂ ਚਰਨ ਗੰਗਾ ਸਟੇਡੀਅਮ ਦੀ ਕਾਇਆ ਕਲਪ ਕਰਕੇ ਇਸ ਨੂੰ ਸਮੇਂ ਦਾ ਹਾਣੀ ਬਣਾਇਆ ਜਾਵੇਗਾ ਤੇ ਇਸ ਸਟੇਡੀਅਮ 'ਚ ਨਿਹੰਗ ਸਿੰਘਾਂ ਵਲੋਂ ਕੀਤੇ ਜਾਣ ਵਾਲੇ ਜੰਗਜੂ ਕਰਤੱਬਾਂ ਤੇ ਸਿਖਲਾਈ ਆਦਿ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ।

ਇਸ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਬੇਹੱਦ ਸੁਭਾਗਾ ਸਮਝਦੇ ਹਨ ਕਿ ਉਨ੍ਹਾਂ ਨੂੰ ਆਪਣੀ ਪਤਨੀ ਸੁਨੀਤਾ ਕੇਜਰੀਵਾਲ ਦੇ ਨਾਲ ਸ਼ਹੀਦੀ ਸ਼ਤਾਬਦੀ ਸਮਾਗਮਾਂ ਮੌਕੇ ਵੱਖ-ਵੱਖ ਇਤਿਹਾਸਿਕ ਗੁਰੂ ਘਰਾਂ 'ਚ ਨਤਮਸਤਕ ਹੋਣ ਦਾ ਮੌਕਾ ਮਿਲਿਆ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਗੁਰੂ ਸਾਹਿਬ ਦੇ ਆਸ਼ੇ ਅਨੁਸਾਰ ਪੂਰੀ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ। ਪੰਜਾਬ ਸਰਕਾਰ ਲੋਕਾਂ ਨੂੰ ਮਿਆਰੀ ਤੇ ਬਿਹਤਰ ਸਿੱਖਿਆ ਤੇ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ 90 ਫ਼ੀਸਦੀ ਘਰਾਂ ਦੇ ਬਿਜਲੀ ਦੇ ਬਿੱਲ ਸਿਫ਼ਰ ਆ ਰਹੇ ਹਨ ਤੇ ਪਹਿਲੀ ਵਾਰ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਸਹੂਲਤ ਮਿਲ ਸਕੀ ਹੈ। ਉਨ੍ਹਾਂ ਸੰਤੁਸ਼ਟੀ ਪ੍ਰਗਟ ਕੀਤੀ ਕਿ ਇਨ੍ਹਾਂ ਸ਼ਹੀਦੀ ਸਮਾਗਮਾਂ ਨੂੰ ਸਫਲ ਬਣਾਉਣ ਲਈ ਮੰਤਰੀਆਂ, ਵਿਧਾਇਕਾਂ ਤੇ ਅਧਿਕਾਰੀਆਂ ਤੋਂ ਲੈ ਕੇ ਹਰ ਵਰਗ ਦੇ ਲੋਕਾਂ ਨੇ ਆਪਣਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਫਿਰ ਵੀ ਜੇਕਰ ਕੋਈ ਕਮੀ ਰਹਿ ਗਈ ਹੋਵੇ ਤਾਂ ਉਹ ਸੰਗਤ ਕੋਲੋਂ ਖਿਮਾ ਦੇ ਜਾਚਕ ਹਨ। ਇਸ ਮੌਕੇ ਸੱਭਿਆਚਾਰਕ ਤੇ ਸੈਰ ਸਪਾਟਾ ਮੰਤਰੀ ਤਰੁਣਪ੍ਰੀਤ ਸਿੰਘ ਸੌਂਦੀ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਵੀ ਪੰਜਾਬ ਸਰਕਾਰ ਵਲੋਂ ਕਰਵਾਏ ਗਏ ਇਨ੍ਹਾਂ ਲੜੀਵਾਰ ਸਮਾਗਮਾਂ ਦੀ ਸਫਲਤਾ 'ਤੇ ਸੰਤੁਸ਼ਟੀ ਪ੍ਰਗਟ ਕਰਦੇ ਹੋਏ ਸੰਗਤਾਂ ਨੂੰ ਗੁਰੂ ਸਾਹਿਬ ਵਲੋਂ ਦਰਸਾਏ ਮਾਰਗ 'ਤੇ ਚੱਲ ਕੇ ਆਪਣਾ ਜੀਵਨ ਸਫਲ ਬਣਾਉਣ ਦਾ ਸੱਦਾ ਦਿੱਤਾ। ਅਖੀਰ 'ਚ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਅਕਾਲੀ ਬਾਬਾ ਬੁੱਢਾ ਦਲ 96 ਕਰੋੜੀ ਨੇ ਆਈਆਂ ਸੰਗਤਾਂ ਤੇ ਪ੍ਰਮੁੱਖ ਸ਼ਖਸੀਅਤਾਂ ਦਾ ਧੰਨਵਾਦ ਕਰਦੇ ਹੋਏ ਸ਼ਹੀਦੀ ਸ਼ਤਾਬਦੀ ਨੂੰ ਯਾਦਗਾਰੀ ਤੇ ਇਤਿਹਾਸਿਕ ਬਣਾਉਣ ਲਈ ਪੰਜਾਬ ਸਰਕਾਰ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਮੰਚ ਦਾ ਸੰਚਾਲਨ ਸੂਬੇ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਤੇ ਸਿੱਖ ਵਿਦਵਾਨ ਭਗਵਾਨ ਸਿੰਘ ਜੌਹਲ ਵਲੋਂ ਕੀਤਾ ਗਿਆ। ਸਮਾਗਮ ਦੌਰਾਨ ਕੈਬਨਿਟ ਮੰਤਰੀ ਅਮਨ ਅਰੋੜਾ, ਹਰਪਾਲ ਸਿੰਘ ਚੀਮਾ, ਲਾਲ ਚੰਦ ਕਟਾਰੂਚੱਕ, ਹਰਭਜਨ ਸਿੰਘ ਈ.ਟੀ.ਓ., ਡਾ. ਬਲਬੀਰ ਸਿੰਘ, ਲਾਲਜੀਤ ਸਿੰਘ ਭੁੱਲਰ, ਕੁਲਦੀਪ ਸਿੰਘ ਧਾਲੀਵਾਲ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਪਰਮਜੀਤ ਸਿੰਘ ਰਾਏਪੁਰ, ਲੋਕ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਮਾਲਵਿੰਦਰ ਸਿੰਘ ਕੰਗ ਸਮੇਤ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਵੀ ਮੌਜੂਦ ਸਨ।

# ਗੁਰੂ ਸਾਹਿਬ ਦੀ ਬਹਾਦਰੀ ਤੇ ਹਿੰਮਤ ਹਰ ਭਾਰਤੀ ਲਈ ਪ੍ਰੇਰਨਾ ਸਰੋਤ : ਅਮਿਤ ਸ਼ਾਹ

## 350ਵੇਂ ਸ਼ਹੀਦੀ ਦਿਹਾੜੇ ਮੌਕੇ ਲਾਲ ਕਿਲ੍ਹੇ ਵਿਖੇ ਸਮਾਗਮ 'ਚ ਭਰੀ ਹਾਜ਼ਰੀ



ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਹੈ ਕਿ ਗੁਰੂ ਸਾਹਿਬ ਧਰਮ ਦੀ ਰੱਖਿਆ ਲਈ ਆਪਣੀ ਜਾਨ ਦੇਣ ਤੋਂ ਵੀ ਨਹੀਂ ਝਿਜਕੇ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਨੇ ਜਿਸ ਹਿੰਮਤ ਤੇ ਬਹਾਦਰੀ ਨਾਲ ਅਨਿਆਂ ਦਾ ਸਾਹਮਣਾ ਕੀਤਾ, ਉਹ ਹਰ ਭਾਰਤੀ ਲਈ ਪ੍ਰੇਰਨਾ ਦਾ ਸਰੋਤ ਹੈ। ਉਨ੍ਹਾਂ ਦਾ ਜੀਵਨ ਭਾਰਤ ਦੀ ਅਧਿਆਤਮਿਕ ਚੇਤਨਾ, ਹਿੰਮਤ ਤੇ ਕੁਰਬਾਨੀ ਦੀ ਇਕ ਸਦੀਵੀ ਗਾਥਾ ਹੈ। ਲਾਲ ਕਿਲ੍ਹੇ ਵਿਖੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਿੰਨ ਰੋਜ਼ਾ ਸਮਾਗਮ ਦੇ ਦੂਜੇ ਦਿਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਾਜ਼ਰੀ ਭਰ ਕੇ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਭੇਟ ਕੀਤੀ। ਦਿੱਲੀ ਸਰਕਾਰ ਵਲੋਂ ਦਿੱਲੀ ਗੁਰਦੁਆਰਾ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਸਮਾਗਮ ਦੇ ਦੂਜੇ ਦਿਨ ਅਮਿਤ ਸ਼ਾਹ ਤੋਂ ਇਲਾਵਾ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ, ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ, ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ, ਦਿੱਲੀ ਦੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ, ਪ੍ਰਵੇਸ਼ ਵਰਮਾ, ਕਪਿਲ ਮਿਸ਼ਰਾ, ਆਸ਼ੀਸ਼ ਸੂਦ, ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਭਰੀ। ਸੰਗਤਾਂ ਨੂੰ ਸੰਬੋਧਨ ਕਰਦਿਆਂ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ ਨੇ ਕਿਹਾ ਕਿ ਜਿਸ ਪਿਛੋਕੜ 'ਚ ਜਿਸ ਲਾਲ ਕਿਲ੍ਹੇ ਤੋਂ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਫ਼ਰਮਾਨ ਜਾਰੀ ਹੋਇਆ ਸੀ ਤੇ ਲੋਕਾਂ 'ਤੇ ਜ਼ੁਲਮ ਹੁੰਦੇ ਸਨ, ਅੱਜ ਉਹੀ ਲਾਲ ਕਿਲ੍ਹੇ 'ਤੇ ਲੱਖਾਂ ਦੀ ਗਿਣਤੀ 'ਚ ਸੰਗਤ ਵਲੋਂ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਯਾਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਭਾਰੀ ਜ਼ੁਲਮ ਹੋ ਰਹੇ ਸਨ ਤੇ ਧਾਰਮਿਕ ਸੁਤੰਤਰਤਾ ਨੂੰ ਕੁਚਲਣ ਦੀ ਕੋਸ਼ਿਸ਼ ਹੋ ਰਹੀ ਸੀ ਉਸ ਸਮੇਂ ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਦੇ ਕੇ ਧਾਰਮਿਕ ਸੁਤੰਤਰਤਾ ਨੂੰ ਬਚਾਇਆ ਤੇ ਅਜਿਹੀ ਸ਼ਹਾਦਤ ਦੀ ਮਿਸਾਲ ਦੁਨੀਆ 'ਚ ਕਿਧਰੇ ਨਹੀਂ ਮਿਲਦੀ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਰਹਿੰਦੀ ਦੁਨੀਆ ਤਕ ਨਹੀਂ ਭੁਲਾਇਆ ਜਾ ਸਕਦਾ। ਕੈਬਨਿਟ ਮੰਤਰੀ ਸਿਰਸਾ ਨੇ ਦੱਸਿਆ ਕਿ ਦਿੱਲੀ ਸਰਕਾਰ ਵਲੋਂ ਸਾਲ ਭਰ ਦੇ ਪ੍ਰੋਗਰਾਮ ਉਲੀਕੇ ਗਏ ਹਨ, ਜਿਨ੍ਹਾਂ ਤਹਿਤ ਸਕੂਲੀ ਬੱਚਿਆਂ ਤੇ ਲੋਕਾਂ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਬਾਰੇ ਜਾਣੂ ਕਰਾਇਆ ਜਾਵੇਗਾ। ਇਸ ਮੌਕੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਯਾਤਰਾ ਬਾਰੇ ਜਾਣਕਾਰੀ ਦਿੰਦੀ ਇਕ ਕਿਤਾਬ ਵੀ ਰਿਲੀਜ਼ ਕੀਤੀ ਗਈ, ਜਿਸ ਨੂੰ ਕੈਬਨਿਟ ਮੰਤਰੀ ਆਸ਼ੀਸ਼ ਸੂਦ ਨੇ ਤਿਆਰ ਕਰਵਾਇਆ ਹੈ। ਸਮਾਗਮ 'ਚ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖ਼ਾਲਸਾ ਸਮੇਤ ਹੋਰ ਧਾਰਮਿਕ ਸ਼ਖ਼ਸੀਅਤਾਂ ਨੇ ਵੀ ਹਾਜ਼ਰੀ ਭਰੀ।

# ਗੁਰਧਾਮਾਂ ਦੀ ਵਾਪਸੀ ਲਈ ਇਕਜੁੱਟ ਹੋਵੇ ਕੌਮ: ਸੁਖਬੀਰ



ਸ੍ਰੀ ਆਨੰਦਪੁਰ ਸਾਹਿਬ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਦੇ ਝੰਡੇ ਹੇਠ ਇਕੱਠੀ ਹੋਵੇ ਤਾਂ ਜੋ ਕੇਂਦਰ ਅਤੇ ਵੱਖ-ਵੱਖ ਰਾਜ ਸਰਕਾਰਾਂ ਵੱਲੋਂ ਹਥਿਆਏ ਗਏ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਮੁੜ ਹਾਸਲ ਕੀਤੇ ਜਾ ਸਕਣ। ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਵਿਖੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਕਰਵਾਏ ਗੁਰਮਤਿ ਸਮਾਗਮ 'ਚ ਸ੍ਰੀ ਬਾਦਲ ਨੇ ਕਿਹਾ ਕਿ ਜਦੋਂ ਤੱਕ ਕੌਮ ਇੱਕ ਝੰਡੇ ਹੇਠ ਇਕੱਠੀ ਨਹੀਂ ਹੁੰਦੀ, ਉਹ ਆਪਣੀਆਂ ਧਾਰਮਿਕ ਸੰਸਥਾਵਾਂ ਦੀ ਰਾਖੀ ਨਹੀਂ ਕਰ ਸਕਦੀ।

ਉਨ੍ਹਾਂ ਕਿਹਾ ਕਿ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਦਾ ਪ੍ਰਬੰਧ ਇਸ ਲਈ ਹੱਥੋਂ ਚਲਾ ਗਿਆ ਕਿਉਂਕਿ ਕੌਮ ਅਤੇ ਪਾਰਟੀ ਕਮਜ਼ੋਰ ਹੋ ਗਈ ਸੀ। ਇਸੇ ਤਰ੍ਹਾਂ ਕੇਂਦਰ ਅਤੇ ਹਰਿਆਣਾ ਸਰਕਾਰ ਦੀ ਹੱਦੋਂ ਵੱਧ ਦਖਲਅੰਦਾਜ਼ੀ ਕਾਰਨ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਖਰੀ ਬਣ ਗਈ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਸ਼ਹਿਰਾਂ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਬਾਰੇ ਸਿਰਫ਼ ਪ੍ਰਚਾਰ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਸਪੱਸ਼ਟ ਕੀਤਾ ਕਿ ਸ੍ਰੀ ਆਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਕਰੀਬ 15 ਸਾਲ ਪਹਿਲਾਂ ਹੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਜਾ ਚੁੱਕਾ ਹੈ। ਇਸ ਲਈ ਮੌਜੂਦਾ ਸਰਕਾਰੀ ਐਲਾਨ ਸਿਰਫ਼ ਭਰਮ ਪੈਦਾ ਕਰਨ ਵਾਲੇ ਹਨ।

ਅਕਾਲੀ ਦਲ ਦੇ ਪ੍ਰਧਾਨ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਬੇਅਦਬੀ ਕੀਤੀ ਗਈ ਹੈ, ਜਿਹੜਾ ਵੀ ਵਿਅਕਤੀ ਜਥੇਦਾਰ ਦਾ ਸਨਮਾਨ ਨਹੀਂ ਕਰਦਾ, ਉਹ ਪੂਰੀ ਕੌਮ ਦਾ ਦੁਸ਼ਮਣ ਹੈ ਅਤੇ ਅਜਿਹੀ ਬੇਅਦਬੀ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ, "ਕੌਮ ਨੂੰ ਉਨ੍ਹਾਂ ਤਾਕਤਾਂ ਨੂੰ ਪਛਾਣਨ ਦੀ ਲੋੜ ਹੈ ਜੋ ਸਾਨੂੰ ਅੰਦਰੋਂ ਕਮਜ਼ੋਰ ਕਰ ਰਹੀਆਂ ਹਨ।" ਸਮਾਗਮ ਦੌਰਾਨ ਅਕਾਲ ਤਖਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਗੁਰੂ ਤੇਗ ਬਹਾਦਰ ਦੇ ਫਲਸਫੇ ਬਾਰੇ ਵਿਚਾਰ ਸਾਂਝੇ ਕੀਤੇ।

# ਉਪ ਰਾਸ਼ਟਰਪਤੀ ਗੁਰਦੁਆਰਾ ਰਕਾਬਗੰਜ ਸਾਹਿਬ 'ਚ ਨਤਮਸਤਕ

## ਗੁਰੂ ਤੇਗ ਬਹਾਦਰ ਦੀ ਸ਼ਹਾਦਤ ਬਾਰੇ ਕਿਤਾਬਾਂ ਪ੍ਰਕਾਸ਼ਿਤ ਕਰਨ ਦੀ ਲੋੜ : ਰਾਧਾਕ੍ਰਿਸ਼ਨਨ



ਨਵੀਂ ਦਿੱਲੀ : ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਮੌਕੇ 'ਤੇ ਦੇਸ਼ ਦੇ ਉਪ ਰਾਸ਼ਟਰਪਤੀ ਸੀ ਪੀ ਰਾਧਾਕ੍ਰਿਸ਼ਨਨ ਅਤੇ ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਤੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਗੁਰਦੁਆਰਾ ਰਕਾਬਗੰਜ ਸਾਹਿਬ ਵਿੱਚ ਮੱਥਾ ਟੇਕਿਆ। ਸੀ ਪੀ ਰਾਧਾਕ੍ਰਿਸ਼ਨਨ ਨੇ ਕਿਹਾ ਕਿ ਉਨ੍ਹਾਂ ਨੂੰ ਜੋ ਇਤਿਹਾਸਕ ਜਾਣਕਾਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਕੁਰਬਾਨੀ ਬਾਰੇ ਦਿੱਤੀ ਗਈ ਹੈ, ਉਸ ਬਾਰੇ ਉਹ ਮਹਿਸੂਸ ਕਰਦੇ ਹਨ ਕਿ ਇਸ ਮਹਾਨ ਸ਼ਹਾਦਤ ਬਾਰੇ ਕਿਤਾਬਾਂ ਪ੍ਰਕਾਸ਼ਿਤ ਕਰਵਾ ਕੇ ਸਾਰੀ ਦੁਨੀਆਂ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਸ਼ਹਾਦਤ ਦੀ ਇਤਿਹਾਸ ਵਿਚ ਕੋਈ ਬਰਾਬਰੀ ਨਹੀਂ ਮਿਲਦੀ ਤੇ ਇਸ ਮਹਾਨ ਕੁਰਬਾਨੀ ਨੂੰ ਜਿੰਨਾ ਨਮਨ ਕੀਤਾ ਜਾਵੇ ਥੋੜ੍ਹਾ ਹੈ।

ਇਸ ਮੌਕੇ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਵਡਭਾਗੀ ਸਮਝਦੇ ਹਨ ਕਿ ਗੁਰੂ ਤੇਗ ਬਹਾਦਰ ਸਾਹਿਬ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣ ਦਾ ਮੌਕਾ ਉਨ੍ਹਾਂ ਦੀ ਅਗਵਾਈ ਹੇਠ ਸਰਕਾਰ ਨੂੰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਹ ਇਕ ਇਤਿਹਾਸਕ ਦਿਹਾੜਾ ਹੈ ਜਿਸ ਨੂੰ ਮਨਾਉਣ ਵਾਸਤੇ ਉਨ੍ਹਾਂ ਦੀ ਸਰਕਾਰ ਨੇ ਆਪਣੇ ਵੱਲੋਂ ਸੰਭਵ ਹਰ ਉਪਰਾਲਾ ਕੀਤਾ ਹੈ। ਸਿਰਸਾ ਨੇ ਕਿਹਾ ਕਿ ਵਡਭਾਗੇ ਹਾਂ ਕਿ ਜ਼ਿੰਦਗੀ ਵਿਚ ਇਹ ਦਿਹਾੜਾ ਮਨਾਉਣ ਦਾ ਮੌਕਾ ਆਇਆ ਹੈ।

# ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ 'ਸੀਸ ਭੇਟ' ਨਗਰ ਕੀਰਤਨ ਆਰੰਭ

## ਮੁੱਖ ਮੰਤਰੀ ਰੇਖਾ ਗੁਪਤਾ, ਸਰਨਾ, ਜੀ.ਕੇ. ਸਮੇਤ ਰੰਘਰੇਟਾ ਜਥੇਦਾਰਾਂ ਨੇ ਭਰੀ ਹਾਜ਼ਰੀ



ਨਵੀਂ ਦਿੱਲੀ : ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ 'ਸੀਸ ਭੇਟ' ਨਗਰ ਕੀਰਤਨ ਦਿੱਲੀ ਤੋਂ ਅਨੰਦਪੁਰ ਸਾਹਿਬ ਲਈ ਰਵਾਨਾ ਹੋਇਆ। 51 ਰੰਘਰੇਟਾ ਜਥੇਬੰਦੀਆਂ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹਰਿਆਣਾ ਗੁਰਦੁਆਰਾ ਕਮੇਟੀ ਦੇ ਸਹਿਯੋਗ ਨਾਲ ਸਜਾਇਆ ਗਿਆ ਇਹ ਨਗਰ ਕੀਰਤਨ 29 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਪੁੱਜੇਗਾ। ਇਸ ਨਗਰ ਕੀਰਤਨ ਦੀ ਸ਼ੁਰੂਆਤ ਮੌਕੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ, ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਪ੍ਰਧਾਨ ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀ.ਕੇ., ਪਰਮਜੀਤ ਸਿੰਘ ਰਾਣਾ, ਕੁਲਦੀਪ ਸਿੰਘ ਭੋਗਲ ਸਮੇਤ ਹੋਰਨਾ ਨੇ ਹਾਜ਼ਰੀ ਭਰੀ। ਰੰਘਰੇਟਾ ਜਥੇਬੰਦੀਆਂ ਦੇ ਨੁਮਾਇੰਦੇ ਜਥੇਦਾਰ ਬਲਦੇਵ ਸਿੰਘ ਵੱਲਾ, ਪ੍ਰਧਾਨ ਜਥੇਦਾਰ ਮੇਜ਼ਰ ਸਿੰਘ ਸੋਢੀ, ਸੈਕਟਰੀ ਜਥੇਦਾਰ ਬਾਬਾ ਸੁਖਪਾਲ ਸਿੰਘ ਮਾਲਵਾ ਤਰਨਾ ਦਲ, ਖ਼ਜ਼ਾਨਚੀ ਜਥੇਦਾਰ ਬਾਬਾ ਬਲਦੇਵ ਸਿੰਘ ਮੁਸਤਫਪੁਰ, ਵਿਰਸਾ ਸਿੰਘ ਖਾਲਸਾ ਤੇ ਹੋਰਨਾ ਨੇ ਦੱਸਿਆ ਕਿ ਹਰ ਸਾਲ ਸਮੂਹ ਰੰਘਰੇਟਾ ਦਲ ਪੰਥ ਜਥੇਬੰਦੀਆਂ ਵਲੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਤੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਵਲੋਂ ਨਿਭਾਈ ਸੀਸ ਭੇਟ ਯਾਤਰਾ ਦੀ ਮਰਿਆਦਾ ਚਲਾਈ ਹੋਈ ਹੈ। ਇਸੇ ਤਹਿਤ ਇਹ ਨਗਰ ਕੀਰਤਨ ਸਜਾਇਆ ਗਿਆ ਹੈ। 29 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਸ ਨਗਰ ਕੀਰਤਨ ਦੀ ਸੰਪੂਰਨਤਾ ਮੌਕੇ ਮਹਾਨ ਕੀਰਤਨ ਦਰਬਾਰ ਵੀ ਕਰਾਇਆ ਜਾਵੇਗਾ। ਇਸ ਸੀਸ ਭੇਟ ਨਗਰ ਕੀਰਤਨ 'ਚ ਸ਼ਹੀਦ ਬਾਬਾ ਜੀਵਨ ਸਿੰਘ ਤਰਨਾ ਦਲ, ਦਸਮੇਸ਼ ਤਰਨਾ ਦਲ, ਮਾਲਵਾ ਤਰਨਾ ਦਲ ਤੋਂ ਇਲਾਵਾ 51 ਰੰਘਰੇਟਾ ਨਿਹੰਗ ਸਿੰਘ ਜਥੇਬੰਦੀਆਂ ਦੇ ਜਥੇਦਾਰ ਆਪਣੀਆਂ ਫ਼ੌਜਾਂ ਘੋੜਿਆਂ ਤੇ ਪੂਰੇ ਰਾਜ ਸਾਜ਼ ਨਾਲ ਸ਼ਾਮਿਲ ਹੋਏ।

# ਰਾਸ਼ਟਰਪਤੀ ਦਰੋਪਦੀ ਮੁਰਮੂ ਵਲੋਂ ਲਾਲ ਕਿਲ੍ਹੇ ਵਿਖੇ 350ਵੇਂ ਸ਼ਹੀਦੀ ਦਿਹਾੜੇ ਸੰਬੰਧੀ ਸਮਾਗਮ 'ਚ ਸ਼ਿਰਕਤ

## ਗੁਰੂ ਤੇਗ਼ ਬਹਾਦਰ ਜੀ ਦੇ ਨਾਂਅ 'ਤੇ ਵੱਡਾ ਜੰਗਲ ਸਥਾਪਿਤ ਕਰੇਗੀ ਦਿੱਲੀ ਸਰਕਾਰ : ਰੇਖਾ ਗੁਪਤਾ



ਨਵੀਂ ਦਿੱਲੀ : ਦਿੱਲੀ ਸਰਕਾਰ ਵਲੋਂ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲਾਲ ਕਿਲ੍ਹਾ ਵਿਖੇ ਕਰਵਾਏ ਜਾ ਰਹੇ ਤਿੰਨ ਰੋਜ਼ਾ ਗੁਰਮਤਿ ਸਮਾਗਮ ਦੇ ਤੀਜੇ ਦਿਨ ਦੇਸ਼ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਉਪ ਰਾਜਪਾਲ ਵੀ.ਕੇ. ਸਕਸੈਨਾ, ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ, ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ, ਕਪਿਲ ਮਿਸ਼ਰਾ, ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਤੇ ਹੋਰਨਾ ਧਾਰਮਿਕ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਰਾਸ਼ਟਰਪਤੀ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਧਰਮ, ਨਿਆਂ ਤੇ ਦਿ?ੜਤਾ ਦੇ ਮਾਰਗ 'ਤੇ ਚਲਣ ਦਾ ਗੁਰੂ ਜੀ ਦਾ ਉਪਦੇਸ਼ ਸਮੁੱਚੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਦਿੱਲੀ ਸਰਕਾਰ ਵਲੋਂ ਦਿੱਲੀ ਕਮੇਟੀ ਦੇ ਸਹਿਯੋਗ ਨਾਲ ਪੂਰਾ ਸਾਲ ਸ਼ਹਾਦਤ ਸੰਬੰਧੀ ਪ੍ਰੋਗਰਾਮ ਉਲੀਕੇ ਜਾਣਗੇ ਅਤੇ ਸਕੂਲੀ ਬੱਚਿਆਂ ਨੂੰ ਵੀ ਸ਼ਹਾਦਤ ਤੋਂ ਜਾਣੂ ਕਰਾਇਆ ਜਾਵੇਗਾ। ਉਨ੍ਹਾਂ ਇਕ ਹੋਰ ਵੱਡਾ ਐਲਾਨ ਕਰਦਿਆਂ ਕਿਹਾ ਕਿ ਦਿੱਲੀ ਵਿਚ ਇਕ ਵੱਡਾ ਜੰਗਲ ਸਥਾਪਿਤ ਕੀਤਾ ਜਾਵੇਗਾ, ਜੋ ਗੁਰੂ ਤੇਗ਼ ਬਹਾਦਰ ਜੀ ਨੂੰ ਸਮਰਪਿਤ ਹੋਏਗਾ। ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਧਰਮ ਦੁਨੀਆ ਨੂੰ ਆਸਰਾ ਦਿੰਦਾ ਹੈ ਪਰ ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਦੇ ਕੇ ਧਰਮ ਨੂੰ ਆਸਰਾ ਦਿੱਤਾ। ਸਮਾਗਮ ਨੂੰ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਮਨਜਿੰਦਰ ਸਿੰਘ ਸਿਰਸਾ, ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਵੀ ਸੰਬੋਧਨ ਕੀਤਾ। ਇਸ ਤੋਂ ਪਹਿਲਾਂ ਸਮਾਗਮ ਦੇ ਅਖੀਰਲੇ ਦਿਨ ਅੱਜ ਇਕ ਲੱਖ ਤੋਂ ਵੱਧ ਸਹਿਜ ਪਾਠਾਂ ਦੀ ਸੰਪੂਰਨਤਾ ਸਮੂਹਿਕ ਤੌਰ 'ਤੇ ਕੀਤੀ ਗਈ। ਸੰਗਤਾਂ ਵਲੋਂ ਇਹ ਸਹਿਜ ਪਾਠ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦਿਆਂ ਆਰੰਭ ਕੀਤੇ ਗਏ ਸਨ।

# ਦਿੱਲੀ ਦੇ ਸੇਂਟ ਕੋਲੰਬਾ ਸਕੂਲ ਦੇ ਬਾਹਰ ਮਾਪਿਆਂ ਦਾ ਭਾਰੀ ਰੋਸ ਪ੍ਰਦਰਸ਼ਨ; 10ਵੀਂ ਦੇ ਵਿਦਿਆਰਥੀ ਨੇ ਤੰਗ ਆ ਕੇ ਕੀਤੀ ਖੁਦਕੁਸ਼ੀ







ਨਵੀਂ ਦਿੱਲੀ: ਦਿੱਲੀ ਦੇ ਅਸ਼ੋਕ ਪਲੇਸ ਸਥਿਤ ਮਸ਼ਹੂਰ ਸੇਂਟ ਕੋਲੰਬਾ ਸਕੂਲ (St. Columba's School) ਦੇ ਬਾਹਰ ਮਾਪਿਆਂ ਅਤੇ ਲੋਕਾਂ ਵੱਲੋਂ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਇਹ ਰੋਸ ਪ੍ਰਦਰਸ਼ਨ 16 ਸਾਲਾ ਵਿਦਿਆਰਥੀ ਸ਼ੌਰਿਆ ਪਾਟਿਲ (Shourya Patil) ਦੀ ਮੌਤ ਨੂੰ ਲੈ ਕੇ ਹੋ ਰਿਹਾ ਹੈ, ਜਿਸ ਨੇ ਕਥਿਤ ਤੌਰ 'ਤੇ ਸਕੂਲ ਅਧਿਆਪਕਾਂ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਲਈ ਸੀ।

ਮਾਮਲੇ ਦੀ ਪੂਰੀ ਜਾਣਕਾਰੀ (Key Details): ਘਟਨਾ: 18 ਨਵੰਬਰ ਨੂੰ 10ਵੀਂ ਜਮਾਤ ਦੇ ਵਿਦਿਆਰਥੀ ਸ਼ੌਰਿਆ ਪਾਟਿਲ ਨੇ ਰਾਜਿੰਦਰ ਪਲੇਸ ਮੈਟਰੋ ਸਟੇਸ਼ਨ ਤੋਂ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ।

ਖੁਦਕੁਸ਼ੀ ਨੋਟ (Suicide Note): ਪੁਲਿਸ ਨੂੰ ਵਿਦਿਆਰਥੀ ਦੇ ਬੈਗ ਵਿੱਚੋਂ ਇੱਕ 'ਸੁਸਾਈਡ ਨੋਟ' ਮਿਲਿਆ ਹੈ। ਇਸ ਨੋਟ ਵਿੱਚ ਉਸਨੇ ਸਕੂਲ ਦੇ ਚਾਰ ਅਧਿਆਪਕਾਂ (ਜਿਸ ਵਿੱਚ ਹੈੱਡਮਿਸਟ੍ਰੈਸ ਵੀ ਸ਼ਾਮਲ ਹੈ) 'ਤੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ, ਬੇਇੱਜ਼ਤ ਕਰਨ ਅਤੇ ਡਰਾਉਣ ਦੇ ਗੰਭੀਰ ਦੋਸ਼ ਲਗਾਏ ਹਨ।

ਦੋਸ਼: ਵਿਦਿਆਰਥੀ ਨੇ ਲਿਖਿਆ ਕਿ ਅਧਿਆਪਕ ਉਸਨੂੰ ਛੋਟੀਆਂ-ਛੋਟੀਆਂ ਗੱਲਾਂ 'ਤੇ ਝਿੜਕਦੇ ਸਨ ਅਤੇ ਸਕੂਲ ਤੋਂ ਕੱਢਣ (Transfer Certificate) ਦੇਣ ਦੀਆਂ ਧਮਕੀਆਂ ਦਿੰਦੇ ਸਨ। ਪਿਤਾ ਨੇ ਦੱਸਿਆ ਕਿ ਇੱਕ ਵਾਰ ਡਰਾਮਾ ਕਲਾਸ ਦੌਰਾਨ ਜਦੋਂ ਉਹ ਡਿੱਗ ਗਿਆ ਸੀ, ਤਾਂ ਅਧਿਆਪਕ ਨੇ ਹਮਦਰਦੀ ਦਿਖਾਉਣ ਦੀ ਬਜਾਏ ਉਸਦਾ ਮਜ਼ਾਕ ਉਡਾਇਆ।

ਮਾਪਿਆਂ ਦਾ ਵਿਰੋਧ ਪ੍ਰਦਰਸ਼ਨ: ਮਾਪੇ ਸਕੂਲ ਦੇ ਗੇਟ ਦੇ ਬਾਹਰ ਇਕੱਠੇ ਹੋ ਕੇ ਇਨਸਾਫ਼ ਦੀ ਮੰਗ ਕਰ ਰਹੇ ਹਨ। ਉਨ੍ਹਾਂ ਨੇ ਆਪਣੇ ਪੁੱਤਰ ਦੇ ਮੈਡਲ ਅਤੇ ਸਰਟੀਫਿਕੇਟ ਦਿਖਾਉਂਦੇ ਹੋਏ ਕਿਹਾ ਕਿ ਉਹ ਪੜ੍ਹਾਈ ਅਤੇ ਹੋਰ ਗਤੀਵਿਧੀਆਂ ਵਿੱਚ ਬਹੁਤ ਹੁਸ਼ਿਆਰ ਸੀ, ਪਰ ਅਧਿਆਪਕਾਂ ਦੇ ਰਵੱਈਏ ਨੇ ਉਸਨੂੰ ਤੋੜ ਦਿੱਤਾ। ਮਾਪੇ ਦੋਸ਼ੀ ਅਧਿਆਪਕਾਂ ਦੀ ਗ੍ਰਿਫਤਾਰੀ ਦੀ ਮੰਗ ਕਰ ਰਹੇ ਹਨ।

ਦਿੱਲੀ ਪੁਲਿਸ ਨੇ ਖੁਦਕੁਸ਼ੀ ਲਈ ਉਕਸਾਉਣ (abetment to suicide) ਦਾ ਮਾਮਲਾ ਦਰਜ ਕਰ ਲਿਆ ਹੈ।

ਸਕੂਲ ਪ੍ਰਸ਼ਾਸਨ ਨੇ ਐਫ.ਆਈ.ਆਰ. (FIR) ਵਿੱਚ ਨਾਮਜ਼ਦ ਚਾਰ ਅਧਿਆਪਕਾਂ ਨੂੰ ਮੁਅੱਤਲ (suspend) ਕਰ ਦਿੱਤਾ ਹੈ ਅਤੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।



ਮੱਧ ਵੀਅਤਨਾਮ ਵਿੱਚ ਚੱਲ ਰਹੇ ਭਿਆਨਕ ਹੜ੍ਹ ਸੰਕਟ ਬਾਰੇ ਦੁਨੀਆ ਭਰ ਵਿੱਚ ਤੇਜ਼ੀ ਨਾਲ ਖ਼ਬਰਾਂ ਫੈਲ ਰਹੀਆਂ ਹਨ ਅਤੇ ਸਭ ਤੋਂ ਭੈੜਾ ਸੰਕਟ ਅਜੇ ਵੀ ਆਉਣ ਵਾਲਾ ਹੈ। ਵੱਡੇ ਮੀਂਹ ਦੇ ਤੂਫਾਨਾਂ ਨੇ ਗਲੀਆਂ, ਘਰਾਂ ਅਤੇ ਖੇਤਾਂ ਨੂੰ ਡੁੱਬ ਦਿੱਤਾ ਹੈ, ਜਿਸ ਕਾਰਨ ਐਮਰਜੈਂਸੀ ਟੀਮਾਂ ਨੂੰ ਪੂਰੇ ਪੱਧਰ 'ਤੇ ਪ੍ਰਤੀਕਿਰਿਆ ਮੋਡ ਵਿੱਚ ਜਾਣ ਲਈ ਮਜਬੂਰ ਹੋਣਾ ਪਿਆ ਹੈ। ਨਦੀਆਂ ਆਪਣੇ ਕਿਨਾਰਿਆਂ ਤੋਂ ਪਰੇ ਵਹਿ ਰਹੀਆਂ ਹਨ ਅਤੇ ਹੜ੍ਹ ਡੂੰਘਾ ਹੁੰਦਾ ਜਾ ਰਿਹਾ ਹੈ ਅਤੇ ਫੈਲ ਰਿਹਾ ਹੈ। ਕਦੇ ਸੁਰੱਖਿਅਤ ਮੰਨੇ ਜਾਂਦੇ ਭਾਈਚਾਰੇ ਹੁਣ ਜਾਗਣ ਦੀਆਂ ਆਵਾਜ਼ਾਂ ਲਈ ਜਾਗ ਰਹੇ ਹਨ ਕਿਉਂਕਿ ਬਚਾਅ ਯਤਨ ਜਾਰੀ ਰੱਖਣ ਲਈ ਸੰਘਰਸ਼ ਕਰ ਰਹੇ ਹਨ। ਕਿਰਪਾ ਕਰਕੇ ਵੀਅਤਨਾਮ ਨੂੰ ਆਪਣੇ ਵਿਚਾਰਾਂ ਵਿੱਚ ਰੱਖੋ।

# ਕਿਸਾਨ ਅੰਦੋਲਨ ਦੀ ਪੰਜਵੀਂ ਵਰ੍ਹੇਗੰਢ ਉੱਤੇ ਚੰਡੀਗੜ੍ਹ ਵਿੱਚ ਪ੍ਰਦਰਸ਼ਨ

## ਸੰਯੁਕਤ ਕਿਸਾਨ ਮੋਰਚਾ ਵੱਲੋਂ ਬਿਜਲੀ ਸੋਧ ਬਿੱਲ ਅਤੇ ਸੀਡ ਬਿੱਲ ਵਿਰੁੱਧ ਸੰਘਰਸ਼ ਵਿੱਢਣ ਦਾ ਐਲਾਨ; ਕਿਸਾਨੀ ਮੰਗਾਂ ਲਈ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਭੇਜੇ



ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚਾ ਵੱਲੋਂ ਕਿਸਾਨ ਅੰਦੋਲਨ ਦੀ ਪੰਜਵੀਂ ਵਰ੍ਹੇਗੰਢ ਮੌਕੇ ਚੰਡੀਗੜ੍ਹ ਦੇ ਸੈਕਟਰ- 43 ਵਿੱਚ ਵੱਡਾ ਇਕੱਠ ਕੀਤਾ ਗਿਆ। ਇਸ ਮੌਕੇ ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਕਿਸਾਨ ਸ਼ਾਮਲ ਹੋਏ। ਪ੍ਰੋਗਰਾਮ ਸ਼ੁਰੂ ਕਰਨ ਮੌਕੇ ਭਾਰਤੀ ਕਿਸਾਨ ਕਿਸਾਨ ਯੂਨੀਅਨ ਡਕੌਂਦਾ ਦੇ ਜਨਰਲ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਜਿਥੇ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਣਾਮ ਕਰਨ ਦਾ ਦਿਨ ਹੈ, ਉਥੇ ਦਿੱਲੀ ਕਿਸਾਨੀ ਸੰਘਰਸ਼ ਤੇ ਸਮੁੱਚੀ ਕਿਸਾਨ ਲਹਿਰ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਵੀ ਮੌਕਾ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਕੇਂਦਰ ਸਰਕਾਰ ਨੇ ਜੋ ਵਾਅਦੇ ਕੀਤੇ ਸਨ ਉਹ ਚਾਰ ਸਾਲ ਬਾਅਦ ਵੀ ਪੂਰੇ ਨਹੀਂ ਹੋ ਸਕੇ ਹਨ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤ ਕਿਸਾਨਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦੇ ਨਾਲ ਹੀ ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਸੋਧ ਬਿੱਲ-2025 ਅਤੇ ਸੀਡ ਬਿਲ ਵਿਰੁੱਧ ਸੰਘਰਸ਼ ਵਿੱਢਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਦੋਵਾਂ ਬਿਲਾਂ ਨੂੰ ਵਾਪਸ ਕਰਵਾਉਣ ਲਈ ਪੈਰਵੀ ਕਰੇ। ਇਸ ਲਈ ਪੰਜਾਬ ਵਿਧਾਨ ਸਭਾ ਵਿੱਚ ਦੋਵਾਂ ਬਿਲਾਂ ਵਿਰੁੱਧ ਮਤਾ ਪਾਸ ਕਰਕੇ ਕੇਂਦਰ ਨੂੰ ਭੇਜਿਆ ਜਾਵੇ।

ਕਿਸਾਨ ਆਗੂਆਂ ਨੇ ਵੱਖ-ਵੱਖ ਦੇਸ਼ਾਂ ਨਾਲ ਕੀਤੇ ਜਾ ਰਹੇ ਕਰ ਮੁਕਤ ਸਮਝੌਤਿਆਂ ਵਿੱਚੋਂ ਖੇਤੀ ਅਤੇ ਸਹਾਇਕ ਧੰਦਿਆਂ ਨੂੰ ਬਾਹਰ ਰੱਖੇ ਜਾਣ ਦੀ ਮੰਗ ਕੀਤੀ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਕਰ ਮੁਕਤ ਸਮਝੌਤਿਆਂ ਵਿੱਚ ਖੇਤੀ ਤੇ ਸਹਾਇਕ ਧੰਦਿਆਂ ਨੂੰ ਸ਼ਾਮਲ ਕੀਤਾ ਗਿਆ ਤਾਂ ਕਿਸਾਨਾਂ ਵੱਲੋਂ ਉਸ ਦਾ ਵਿਰੋਧ ਕੀਤਾ ਜਾਵੇਗਾ। ਕਿਸਾਨਾਂ ਨੇ ਪੰਜਾਬ ਵਿੱਚ ਹੜ੍ਹ ਪੀੜਤਾਂ ਨੂੰ ਬਣਦਾ ਮੁਆਵਜ਼ਾ ਦੇਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਫ਼ਸਲਾਂ ਦੇ ਖਰਾਬੇ ਲਈ ਕਿਸਾਨਾਂ ਨੂੰ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾ ਰਿਹਾ ਹੈ, ਜੋ ਕਿ ਬਹੁਤ ਘੱਟ ਹੈ। ਕਿਸਾਨਾਂ ਨੇ ਸੂਬਾ ਸਰਕਾਰ ਤੋਂ ਫ਼ਸਲਾਂ ਦੇ ਖਰਾਬੇ ਲਈ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਮੰਗ ਕੀਤੀ। ਕਿਸਾਨਾਂ ਨੇ ਗੰਨੇ ਦੇ ਭਾਅ ਨੂੰ 416 ਰੁਪਏ ਪ੍ਰਤੀ ਕੁਇੰਟਲ ਕਰਨ ਦੇ ਫੈਸਲੇ ਨੂੰ ਨਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗੰਨੇ ਦਾ ਭਾਅ 500 ਰੁਪਏ ਕੁਇੰਟਲ ਕੀਤਾ ਜਾਵੇ। ਮੋਰਚਾ ਦੇ ਆਗੂਆਂ ਨੇ ਕਿਸਾਨਾਂ ਦੇ ਕਰਜ਼ਾ ਮੁਆਫ਼ ਕਰਨ, ਕਿਸਾਨਾਂ ਵਿਰੁੱਧ ਦਰਜ ਕੀਤੇ ਕੇਸ ਰੱਦ ਕਰਨ ਅਤੇ ਲਖੀਮਪੁਰ ਖੀਰੀ ਦੇ ਮੁਲਜ਼ਮਾਂ ਵਿਰੁੱਧ ਸਖਤੀ ਨਾਲ ਕਾਰਵਾਈ ਕਰਨ ਦੀ ਮੰਗ ਕੀਤੀ। ਉਧਰ ਚੰਡੀਗੜ੍ਹ ਪੁਲਿਸ ਨੇ ਇਕੱਠ ਦੇ ਮੱਦੇਨਜ਼ਰ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ। ਪੁਲੀਸ ਨੇ ਕਿਸਾਨਾਂ ਦੇ ਇਕੱਠ ਅਤੇ ਪੰਜਾਬ ਯੂਨੀਵਰਸਿਟੀ ਵਿੱਚ ਹੋਣ ਵਾਲੇ ਪ੍ਰਦਰਸ਼ਨ ਕਰਕੇ 3000 ਦੇ ਕਰੀਬ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ। ਕਿਸਾਨ ਆਗੂ ਰਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਕਿਸਾਨਾਂ ਨੂੰ ਬਿਲਕੁਲ ਅਣਗੌਲਿਆਂ ਕਰ ਦਿੱਤਾ ਗਿਆ ਹੈ ਜਿਸ ਕਰਕੇ ਦੋਵੇਂ ਹੀ ਕਿਸਾਨ ਵਿਰੋਧੀ ਫੈਸਲੇ ਲੈਣ ਲੱਗੇ ਹੋਏ ਹਨ।



# ਪ੍ਰਧਾਨ ਮੰਤਰੀ ਮੋਦੀ ਦਾ 20ਵੇਂ ਜੀ-20 (G-20) ਸੰਮੇਲਨ ਲਈ ਜੋਹਾਨਸਬਰਗ ਪਹੁੰਚਣ 'ਤੇ ਨਿੱਘਾ ਸਵਾਗਤ







ਜੋਹਾਨਸਬਰਗ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ੁੱਕਰਵਾਰ ਨੂੰ 20ਵੇਂ ਜੀ-20 ਨੇਤਾਵਾਂ ਦੇ ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਲਈ ਜੋਹਾਨਸਬਰਗ ਪਹੁੰਚੇ। ਇੱਥੇ ਪਹੁੰਚਣ 'ਤੇ ਉਨ੍ਹਾਂ ਦਾ ਬਹੁਤ ਹੀ ਨਿੱਘਾ ਅਤੇ ਸ਼ਾਨਦਾਰ ਸਵਾਗਤ ਕੀਤਾ ਗਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ 20ਵੇਂ ਜੀ-20 (G20) ਨੇਤਾਵਾਂ ਦੇ ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਲਈ ਦੱਖਣੀ ਅਫ਼ਰੀਕਾ ਦੇ ਜੋਹਾਨਸਬਰਗ ਪਹੁੰਚ ਗਏ ਹਨ। ਸ਼ੁੱਕਰਵਾਰ (21 ਨਵੰਬਰ) ਨੂੰ ਜਦੋਂ ਉਹ ਹਵਾਈ ਅੱਡੇ 'ਤੇ ਉਤਰੇ, ਤਾਂ ਉਨ੍ਹਾਂ ਦਾ ਬਹੁਤ ਹੀ ਨਿੱਘਾ ਅਤੇ ਰਵਾਇਤੀ ਅੰਦਾਜ਼ ਵਿੱਚ ਸਵਾਗਤ ਕੀਤਾ ਗਿਆ।

ਮੁੱਖ ਝਲਕੀਆਂ

**ਸੱਭਿਆਚਾਰਕ ਸਵਾਗਤ:** ਹਵਾਈ ਅੱਡੇ 'ਤੇ ਦੱਖਣੀ ਅਫ਼ਰੀਕਾ ਦੇ ਇੱਕ ਸੱਭਿਆਚਾਰਕ ਟੋਲੇ (cultural troupe) ਨੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ ਅਤੇ ਸਤਿਕਾਰ ਵਜੋਂ ਉਨ੍ਹਾਂ ਅੱਗੇ ਝੁਕੇ। ਉੱਥੇ ਮੌਜੂਦ ਭਾਰਤੀ ਭਾਈਚਾਰੇ ਦੇ ਲੋਕਾਂ ਨੇ ਵੀ 'ਵੰਦੇ ਮਾਤਰਮ' ਅਤੇ 'ਭਾਰਤ ਮਾਤਾ ਦੀ ਜੈ' ਦੇ ਨਾਅਰਿਆਂ ਨਾਲ ਮਾਹੌਲ ਗੂੰਜਣ ਲਾ ਦਿੱਤਾ।

**ਖਾਸ ਪਲ - 'ਗੰਗਾ ਮਈਆ' ਗੀਤ:** ਸਵਾਗਤ ਦੌਰਾਨ ਦੱਖਣੀ ਅਫ਼ਰੀਕਾ ਦੇ ਕਲਾਕਾਰਾਂ ਨੇ ਗਿਰਮਿਟੀਆ ਇਤਿਹਾਸ ਨਾਲ ਜੁੜਿਆ ਗੀਤ 'ਗੰਗਾ ਮਈਆ' ਗਾਇਆ, ਜਿਸ ਦੀ ਪ੍ਰਧਾਨ ਮੰਤਰੀ ਮੋਦੀ ਨੇ ਬਹੁਤ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ ਤਾਮਿਲ ਭਾਸ਼ਾ ਵਿੱਚ ਗਾਏ ਇਸ ਗੀਤ ਨੇ ਸਾਰਿਆਂ ਦਾ ਦਿਲ ਜਿੱਤ ਲਿਆ।

ਆਸਟ੍ਰੇਲੀਆਈ ਪ੍ਰਧਾਨ ਮੰਤਰੀ ਨਾਲ ਮੁਲਾਕਾਤ: ਜੋਹਾਨਸਬਰਗ ਪਹੁੰਚਣ ਤੋਂ ਥੋੜ੍ਹੀ ਦੇਰ ਬਾਅਦ ਹੀ ਪ੍ਰਧਾਨ ਮੰਤਰੀ ਮੋਦੀ ਨੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ (Anthony Albanese) ਨਾਲ ਦੁਵੱਲੀ ਮੀਟਿੰਗ ਕੀਤੀ ਅਤੇ ਰੱਖਿਆ, ਵਪਾਰ ਅਤੇ ਊਰਜਾ ਖੇਤਰਾਂ ਵਿੱਚ ਸਹਿਯੋਗ ਵਧਾਉਣ 'ਤੇ ਚਰਚਾ ਕੀਤੀ।

**ਇਤਿਹਾਸਕ ਸੰਮੇਲਨ:** ਇਹ ਪਹਿਲੀ ਵਾਰ ਹੈ ਕਿ ਜੀ-20 ਸੰਮੇਲਨ ਅਫ਼ਰੀਕੀ ਧਰਤੀ 'ਤੇ ਹੋ ਰਿਹਾ ਹੈ। ਇਸ ਸੰਮੇਲਨ ਦਾ ਮੁੱਖ ਵਿਸ਼ਾ 'ਏਕਤਾ, ਸਮਾਨਤਾ ਅਤੇ ਸਥਿਰਤਾ' (Solidarity, Equality, and Sustainability) ਹੈ।

# ਸ੍ਰੀ ਅਮਿਤ ਸ਼ਾਹ ਨੇ ਕੱਛ (ਭੁਜ) 'ਚ ਬੀ.ਐਸ.ਐਫ. (BSF) ਦੇ 61ਵੇਂ ਸਥਾਪਨਾ ਦਿਵਸ ਸਮਾਰੋਹ ਵਿੱਚ ਸ਼ਿਰਕਤ





ਕੱਛ (ਭੁਜ) : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸ਼ੁੱਕਰਵਾਰ (21 ਨਵੰਬਰ) ਨੂੰ ਗੁਜਰਾਤ ਦੇ ਕੱਛ ਜ਼ਿਲ੍ਹੇ ਦੇ ਭੁਜ ਵਿੱਚ ਸੀਮਾ ਸੁਰੱਖਿਆ ਬਲ (BSF) ਦੇ 61ਵੇਂ ਸਥਾਪਨਾ ਦਿਵਸ (Raising Day) ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਹ ਸਮਾਗਮ ਭੁਜ ਵਿੱਚ 176ਵੀਂ ਬਟਾਲੀਅਨ ਦੇ ਕੈਂਪਸ ਵਿੱਚ ਕਰਵਾਇਆ ਗਿਆ।

**ਸ਼ਹੀਦਾਂ ਨੂੰ ਸ਼ਰਧਾਂਜਲੀ:** ਅਮਿਤ ਸ਼ਾਹ ਨੇ ਡਿਊਟੀ ਦੌਰਾਨ ਜਾਨ ਗਵਾਉਣ ਵਾਲੇ ਬਹਾਦਰ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਦੌਰਾਨ ਇੱਕ ਭਾਵੁਕ ਪਲ ਵੇਖਣ ਨੂੰ ਮਿਲਿਆ ਜਦੋਂ ਗ੍ਰਹਿ ਮੰਤਰੀ ਨੇ ਇੱਕ ਸ਼ਹੀਦ ਫੌਜੀ ਦੇ ਪਰਿਵਾਰਕ ਮੈਂਬਰ ਨੂੰ ਸਨਮਾਨਿਤ ਕੀਤਾ। ਉਨ੍ਹਾਂ ਨੇ ਸ਼ਹੀਦਾਂ ਦੀ ਕੁਰਬਾਨੀ ਨੂੰ ਸਲਾਮ ਕਰਦਿਆਂ ਕਿਹਾ ਕਿ ਦੇਸ਼ ਉਨ੍ਹਾਂ ਦਾ ਹਮੇਸ਼ਾ ਰਿਣੀ ਰਹੇਗਾ।




**ਅਪ੍ਰੇਸ਼ਨ ਸਿੰਦੂਰ (Operation Sindoor):** ਆਪਣੇ ਸੰਬੋਧਨ ਵਿੱਚ ਅਮਿਤ ਸ਼ਾਹ ਨੇ 'ਅਪਰੇਸ਼ਨ ਸਿੰਦੂਰ' ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਪਹਿਲਗਾਮ ਹਮਲੇ ਦੇ ਜਵਾਬ ਵਿੱਚ BSF ਨੇ ਪਾਕਿਸਤਾਨ ਦੀਆਂ 118 ਚੌਕੀਆਂ ਤਬਾਹ ਕਰ ਦਿੱਤੀਆਂ ਸਨ, ਜਿਸ ਤੋਂ ਬਾਅਦ ਪਾਕਿਸਤਾਨ ਨੂੰ ਜੰਗਬੰਦੀ ਲਈ ਮਜਬੂਰ ਹੋਣਾ ਪਿਆ ਸੀ।

**ਘੁਸਪੈਠ 'ਤੇ ਸਖ਼ਤ ਰਵੱਈਆ:** ਗ੍ਰਹਿ ਮੰਤਰੀ ਨੇ ਕਿਹਾ ਕਿ ਬਿਹਾਰ ਚੋਣਾਂ ਦੇ ਨਤੀਜੇ ਘੁਸਪੈਠੀਆਂ ਦੇ ਖਿਲਾਫ਼ ਲੋਕਾਂ ਦਾ ਫਤਵਾ ਹਨ। ਉਨ੍ਹਾਂ ਐਲਾਨ ਕੀਤਾ ਕਿ ਦੇਸ਼ ਵਿੱਚੋਂ ਇੱਕ-ਇੱਕ ਘੁਸਪੈਠੀਏ ਨੂੰ ਬਾਹਰ ਕੱਢਿਆ ਜਾਵੇਗਾ ਅਤੇ ਵੋਟਰ ਸੂਚੀਆਂ ਦੀ ਸ਼ੁੱਧਤਾ (Special Intensive Revision) ਯਕੀਨੀ ਬਣਾਈ ਜਾਵੇਗੀ।

**ਭਵਿੱਖ ਦੀਆਂ ਯੋਜਨਾਵਾਂ:**

**ਨਕਸਲਵਾਦ ਦਾ ਖਾਤਮਾ:** ਉਨ੍ਹਾਂ ਭਰੋਸਾ ਦਿੱਤਾ ਕਿ 31 ਮਾਰਚ, 2026 ਤੱਕ ਭਾਰਤ ਨਕਸਲਵਾਦ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਵੇਗਾ।

**ਈ-ਬਾਰਡਰ ਸੁਰੱਖਿਆ:** ਆਉਣ ਵਾਲੇ ਸਾਲ ਵਿੱਚ 'ਈ-ਬਾਰਡਰ ਸੁਰੱਖਿਆ' ਸਿਸਟਮ ਲਾਗੂ ਕੀਤਾ ਜਾਵੇਗਾ ਤਾਂ ਜੋ ਸਰਹੱਦਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

**ਜਵਾਨਾਂ ਦੀ ਭਲਾਈ:** ਅਗਲਾ ਸਾਲ BSF ਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਸਮਰਪਿਤ ਹੋਵੇਗਾ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹਾਦਤ ਮੌਕੇ ਦੇਸ਼ ਭਰ ਦੀਆਂ ਸ਼ਖਸੀਅਤਾਂ ਗੁਰੂ ਘਰਾਂ 'ਚ ਹੋਈਆਂ ਨਤਮਸਤਕ














ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹਾਦਤ ਮੌਕੇ ਦੇਸ਼ ਭਰ ਦੀਆਂ ਸ਼ਖਸੀਅਤਾਂ ਗੁਰੂ ਘਰਾਂ 'ਚ ਨਤਮਸਤਕ ਹੋਈਆਂ ਜਿਸ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ, ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ, ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ, ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਉਪ ਰਾਸ਼ਟਰਪਤੀ ਸੀ ਪੀ ਰਾਧਾਕ੍ਰਿਸ਼ਨਨ ਤੋਂ ਇਲਾਵਾ ਹੋਰ ਵੱਖ-ਵੱਖ ਧਾਰਮਿਕ ਅਤੇ ਰਾਜਨੀਤਕ ਸ਼ਖਸੀਅਤਾਂ ਸ਼ਾਮਲ ਹਨ।

# ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੱਚ ਤੇ ਨਿਆਂ ਦੀ ਰਾਖੀ ਲਈ ਆਪਣਾ ਬਲੀਦਾਨ ਦਿੱਤਾ : ਨਰਿੰਦਰ ਮੋਦੀ

- 350ਵੇਂ ਸ਼ਹੀਦੀ ਦਿਹਾੜੇ ਮੌਕੇ ਹਰਿਆਣਾ ਸਰਕਾਰ ਵਲੋਂ ਕਰਵਾਏ ਸਮਾਗਮ 'ਚ ਪ੍ਰਧਾਨ ਮੰਤਰੀ ਨੇ ਕੀਤੀ ਸ਼ਿਰਕਤ
- ਸ਼ਹੀਦੀ ਸ਼ਤਾਬਦੀ ਸੰਬੰਧੀ ਵਿਸ਼ੇਸ਼ ਸਿੱਕਾ ਤੇ ਯਾਦਗਾਰੀ ਡਾਕ ਟਿਕਟ ਕੀਤੀ ਜਾਰੀ











ਕੁਰੂਕਸ਼ੇਤਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰਿਆਣਾ ਦੇ ਕੁਰੂਕਸ਼ੇਤਰ ਵਿਚ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਦਿਹਾੜੇ ਨੂੰ ਮਨਾਉਣ ਲਈ ਕਰਵਾਏ ਰਾਜ ਪੱਧਰੀ ਸਮਾਗਮ ਵਿਚ ਸ਼ਿਰਕਤ ਕੀਤੀ। ਉਨ੍ਹਾਂ ਗੁਰੂ ਤੇਗ਼ ਬਹਾਦਰ ਜੀ ਨੂੰ ਸਮਰਪਿਤ ਇਕ ਯਾਦਗਾਰੀ ਸਿੱਕਾ, ਡਾਕ ਟਿਕਟ ਅਤੇ ਇਕ ਕਿਤਾਬ ਜਾਰੀ ਕੀਤੀ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਮੌਜੂਦ ਸਨ। ਆਪਣੇ ਸੰਬੋਧਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਨੇ ਸੱਚ ਅਤੇ ਨਿਆਂ ਨੂੰ ਸਰਵਉੱਚ ਧਰਮ ਮੰਨਿਆ ਅਤੇ ਉਨ੍ਹਾਂ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਅੱਜ ਮੈਂ ਇਕ ਅਜਿਹੇ ਵਿਸ਼ੇ ਬਾਰੇ ਗੱਲ ਕਰਨਾ ਚਾਹੁੰਦਾ ਹਾਂ ਜੋ ਨੌਜਵਾਨਾਂ ਨਾਲ ਸੰਬੰਧਿਤ ਹੈ। ਮੈਂ ਨਸ਼ੇ ਦੀ ਆਦਤ ਬਾਰੇ ਗੱਲ ਕਰਨਾ ਚਾਹੁੰਦਾ ਹਾਂ। ਅੱਜ, ਇਸ ਸਮੱਸਿਆ ਨੇ ਨੌਜਵਾਨਾਂ ਨੂੰ ਹਨੇਰੇ ਵਿਚ ਫਸਾ ਦਿੱਤਾ ਹੈ। ਸਰਕਾਰ ਯਤਨ ਕਰ ਰਹੀ ਹੈ ਪਰ ਇਹ ਸਮਾਜ ਲਈ ਲੜਾਈ ਵੀ ਹੈ। ਅਜਿਹੇ ਸਮੇਂ ਵਿਚ ਗੁਰੂ ਤੇਗ਼ ਬਹਾਦਰ ਜੀ ਦੀਆਂ ਸਿੱਖਿਆਵਾਂ ਇਕ ਪ੍ਰੇਰਨਾ ਅਤੇ ਇਕ ਹੱਲ ਦੋਵੇਂ ਹਨ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਗੁਰੂ ਮਹਾਰਾਜ ਦੁਆਰਾ ਦਰਸਾਏ ਮਾਰਗ 'ਤੇ ਚੱਲੀਏ ਅਤੇ ਨਸ਼ੇ ਦੀ ਦੁਰਵਰਤੋਂ ਵਿਰੁੱਧ ਫੈਸਲਾਕੁੰਨ ਲੜਾਈ ਲੜੀਏ ਤਾਂ ਇਹ ਸਮੱਸਿਆ ਜੜ੍ਹ ਤੋਂ ਮਿਟ ਜਾਵੇਗੀ। ਮੋਦੀ ਨੇ ਕਿਹਾ ਕਿ ਅੱਜ ਗੁਰੂ ਤੇਗ਼ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਦੇਸ਼ ਭਰ ਵਿਚ ਮਨਾਇਆ ਜਾ ਰਿਹਾ ਹੈ, ਜੋ ਦਰਸਾਉਂਦਾ ਹੈ ਕਿ ਗੁਰੂਆਂ ਦੀਆਂ ਸਿੱਖਿਆਵਾਂ ਅਜੇ ਵੀ ਸਾਡੇ ਸਮਾਜ ਵਿਚ ਕਿੰਨੀਆਂ ਜੀਵੰਤ ਹਨ। ਇਸ ਭਾਵਨਾ ਨਾਲ, ਇਹ ਸਾਰੇ ਸਮਾਗਮ ਸਾਡੀ ਨੌਜਵਾਨ ਪੀੜ੍ਹੀ ਲਈ ਇਕ ਸਾਰਥਕ ਸਾਧਨ ਬਣਨੇ ਚਾਹੀਦੇ ਹਨ। ਉਨ੍ਹਾਂ ਕਿਹਾ ਮੈਂ ਸੰਤੁਸ਼ਟ ਹਾਂ ਕਿ ਪਿਛਲੇ ਗਿਆਰਾਂ ਸਾਲਾਂ ਵਿਚ ਸਾਡੀ ਸਰਕਾਰ ਨੇ ਇਸ ਪਵਿੱਤਰ ਪਰੰਪਰਾ, ਸਿੱਖ ਪਰੰਪਰਾ ਦੇ ਜਸ਼ਨ ਨੂੰ ਇਕ ਰਾਸ਼ਟਰੀ ਤਿਉਹਾਰ ਵਜੋਂ ਮਨਾਇਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਕਿਵੇਂ ਮੁਗ਼ਲਾਂ ਨੇ ਬੇਰਹਿਮੀ ਦੀਆਂ ਸਾਰੀਆਂ ਹੱਦਾਂ ਪਾਰ ਕੀਤੀਆਂ, ਇਥੋਂ ਤੱਕ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਵਿਰੁੱਧ ਵੀ ਪਰ ਉਨ੍ਹਾਂ ਨੇ ਆਪਣੇ ਆਦਰਸ਼ਾਂ ਨੂੰ ਨਹੀਂ ਛੱਡਿਆ। ਅਸੀਂ ਸਿੰਘ ਪਰੰਪਰਾ ਦੇ ਇਤਿਹਾਸ ਨੂੰ ਵੀ ਪਾਠਕ੍ਰਮ ਦਾ ਹਿੱਸਾ ਬਣਾਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਆਪ੍ਰੇਸ਼ਨ ਸੰਧੂਰ' ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਸ਼ਾਂਤੀ ਦਾ ਚੈਂਪੀਅਨ ਹੈ। ਅਸੀਂ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਰੱਖਦੇ ਪਰ ਜੇਕਰ ਕੋਈ ਸਾਡੇ 'ਤੇ ਬੁਰੀ ਨਜ਼ਰ ਰੱਖਦਾ ਹੈ, ਸਾਡੀ ਪ੍ਰਭੂਸੱਤਾ ਨੂੰ ਚੁਣੌਤੀ ਦਿੰਦਾ ਹੈ ਜਾਂ ਸਾਡੇ ਲੋਕਾਂ 'ਤੇ ਹਮਲਾ ਕਰਦਾ ਹੈ ਤਾਂ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਢੁਕਵਾਂ ਜਵਾਬ ਕਿਵੇਂ ਦੇਣਾ ਹੈ। ਮੋਦੀ ਨੇ ਕਿਹਾ ਕਿ ਗੁਰੂ ਸਾਹਿਬ ਨੇ ਧਰਮ ਦਾ ਤਿਲਕ ਬਰਕਰਾਰ ਰੱਖਣ ਅਤੇ ਲੋਕਾਂ ਦੇ ਵਿਸ਼ਵਾਸ 'ਤੇ ਜ਼ੁਲਮ ਨਾ ਹੋਣ ਲਈ ਸਭ ਕੁਝ ਕੁਰਬਾਨ ਕਰ ਦਿੱਤਾ। ਅਨੰਦਪੁਰ ਸਾਹਿਬ ਸਾਡੀ ਰਾਸ਼ਟਰੀ ਚੇਤਨਾ ਦੀ ਸ਼ਕਤੀ ਹੈ। ਭਾਰਤ ਦਾ ਮੌਜੂਦਾ ਰੂਪ ਗੁਰੂ ਸਾਹਿਬ ਵਰਗੇ ਮਹਾਂਪੁਰਖਾਂ ਦੀ ਬੁੱਧੀ ਅਤੇ ਕੁਰਬਾਨੀ ਨੂੰ ਦਰਸਾਉਂਦਾ ਹੈ, ਜਿਸ ਕਰਕੇ ਗੁਰੂ ਤੇਗ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ' ਵਜੋਂ ਸਤਿਕਾਰਿਆ ਜਾਂਦਾ ਹੈ। ਮੋਦੀ ਨੇ ਕਿਹਾ ਕਿ ਅੱਜ ਭਾਰਤ ਦੀ ਵਿਰਾਸਤ ਦਾ ਇਕ ਸ਼ਾਨਦਾਰ ਸੰਗਮ ਹੈ। ਅੱਜ ਸਵੇਰੇ ਮੈਂ ਰਾਮਾਇਣ ਦੇ ਸ਼ਹਿਰ ਅਯੁੱਧਿਆ ਵਿਚ ਸੀ ਅਤੇ ਹੁਣ ਮੈਂ ਇਥੇ ਗੀਤਾ ਦੇ ਸ਼ਹਿਰ ਕੁਰੂਕਸ਼ੇਤਰ ਵਿਚ ਹਾਂ। ਮੈਂ ਗੁਰੂ ਤੇਗ਼ ਬਹਾਦਰ ਜੀ ਨੂੰ ਉਨ੍ਹਾਂ ਦੇ 350ਵੇਂ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀ ਭੇਟ ਕਰਦਾ ਹਾਂ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੁਰੂਕਸ਼ੇਤਰ ਦੇ ਜੋਤੀਸਰ ਵਿਖੇ ਗੁਰੂ ਤੇਗ਼ ਬਹਾਦਰ ਜੀ ਦੇ 350ਵੀਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਇਕ ਪ੍ਰਦਰਸ਼ਨੀ ਦਾ ਦੌਰਾ ਕੀਤਾ, ਜਿਥੇ ਉਨ੍ਹਾਂ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੇ ਹੋਰ ਪਤਵੰਤਿਆਂ ਨਾਲ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਦੀਆਂ ਘਟਨਾਵਾਂ ਨੂੰ ਦੇਖਿਆ।

# ਰਾਸ਼ਟਰਪਤੀ ਮੁਰਮੂ ਨੇ ਰਾਸ਼ਟਰਪਤੀ ਨਿਲਾਇਮ ਵਿਖੇ ਭਾਰਤੀ ਕਲਾ ਮਹੋਤਸਵ ਦੇ ਦੂਜੇ ਸੰਸਕਰਣ ਦਾ ਕੀਤਾ ਉਦਘਾਟਨ

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸ਼ੁੱਕਰਵਾਰ ਨੂੰ ਰਾਸ਼ਟਰਪਤੀ ਨਿਲਾਯਮ, ਸਿਕੰਦਰਾਬਾਦ ਵਿਖੇ ਭਾਰਤੀ ਕਲਾ ਮਹੋਤਸਵ ਦੇ ਦੂਜੇ ਐਡੀਸ਼ਨ ਦਾ ਉਦਘਾਟਨ ਕੀਤਾ। ਰਾਸ਼ਟਰਪਤੀ ਨਿਲਾਯਮ ਦੁਆਰਾ ਸੱਭਿਆਚਾਰ ਮੰਤਰਾਲੇ, ਕੱਪੜਾ ਮੰਤਰਾਲੇ ਅਤੇ ਸੈਰ-ਸਪਾਟਾ ਮੰਤਰਾਲੇ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਜਾ ਰਿਹਾ ਨੌਂ ਦਿਨਾਂ ਸੱਭਿਆਚਾਰਕ ਤਿਉਹਾਰ 22 ਤੋਂ 30 ਨਵੰਬਰ ਤੱਕ ਜਨਤਾ ਲਈ ਖੁੱਲ੍ਹਾ ਰਹੇਗਾ।






ਇਸ ਸਮਾਗਮ ਦਾ ਉਦੇਸ਼ ਗੁਜਰਾਤ, ਮਹਾਰਾਸ਼ਟਰ, ਰਾਜਸਥਾਨ, ਗੋਆ, ਦਾਦਰਾ ਅਤੇ ਨਗਰ ਹਵੇਲੀ, ਅਤੇ ਦਮਨ ਅਤੇ ਦੀਵ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਪ੍ਰਦਰਸ਼ਿਤ ਕਰਨਾ ਹੈ। ਸੈਲਾਨੀਆਂ ਨੂੰ ਦਸਤਕਾਰੀ, ਨਾਚ, ਸੰਗੀਤ, ਸਾਹਿਤ ਅਤੇ ਖੇਤਰੀ ਪਕਵਾਨਾਂ ਰਾਹੀਂ ਪੱਛਮੀ ਭਾਰਤ ਦੀਆਂ ਲੋਕ ਪਰੰਪਰਾਵਾਂ ਦਾ ਅਨੁਭਵ ਕਰਨ ਦਾ ਮੌਕਾ ਮਿਲੇਗਾ। ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕਰਦਿਆਂ, ਰਾਸ਼ਟਰਪਤੀ ਮੁਰਮੂ ਨੇ ਯਾਦ ਕੀਤਾ ਕਿ ਭਾਰਤੀ ਕਲਾ ਮਹੋਤਸਵ ਦੇ ਪਹਿਲੇ ਐਡੀਸ਼ਨ ਨੇ ਦਰਸ਼ਕਾਂ ਨੂੰ ਉੱਤਰ-ਪੂਰਬੀ ਭਾਰਤ ਦੀ ਸੱਭਿਆਚਾਰਕ ਵਿਰਾਸਤ ਨਾਲ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ 2025 ਐਡੀਸ਼ਨ ਪੱਛਮੀ ਭਾਰਤ ਦੀਆਂ ਜੀਵੰਤ ਪਰੰਪਰਾਵਾਂ ਨੂੰ ਦੇਖਣ ਦਾ ਮੌਕਾ ਪ੍ਰਦਾਨ ਕਰਦਾ ਹੈ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਇਹ ਤਿਉਹਾਰ ਸੈਲਾਨੀਆਂ ਨੂੰ ਖੇਤਰ ਦੇ ਲੋਕ ਸੱਭਿਆਚਾਰ ਦੀ ਡੂੰਘੀ ਸਮਝ ਪ੍ਰਦਾਨ ਕਰੇਗਾ।

# ਮੁੱਖ ਮੰਤਰੀ ਭਗਵੰਤ ਮਾਨ ਨੇ ਪਰਿਵਾਰ ਸਮੇਤ ਆਨੰਦਪੁਰ ਸਾਹਿਬ 'ਚ 'ਭਾਈ ਜੈਤਾ ਜੀ ਮਿਊਜ਼ੀਅਮ' ਦਾ ਕੀਤਾ ਦੌਰਾ













ਸ੍ਰੀ ਆਨੰਦਪੁਰ ਸਾਹਿਬ : ਇਤਿਹਾਸਕ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ - ਰੰਘਰੇਟੇ ਗੁਰੂ ਕੇ ਬੇਟੇ' ਨਾਲ ਨਿਵਾਜੇ ਗਏ ਭਾਈ ਜੈਤਾ ਜੀ ਦੇ ਜੀਵਨ ਨੂੰ ਸਮਰਪਿਤ 'ਭਾਈ ਜੈਤਾ ਜੀ ਮਿਊਜ਼ੀਅਮ' ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਰਿਵਾਰ ਸਮੇਤ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਮਿਊਜ਼ੀਅਮ ਸਾਡੀ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ ਨਾਲ ਜੋੜਨ ਲਈ ਅਹਿਮ ਰੋਲ ਅਦਾ ਕਰਦੇ ਹਨ।
ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਇੱਥੇ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਇੱਕ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ। ਮਾਨ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦੀ ਸਮਾਗਮ ਦੌਰਾਨ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ।

# ਮੁੰਬਈ: 26/11 ਹਮਲੇ ਦੀ 17ਵੀਂ ਬਰਸੀ 'ਤੇ ਗੇਟਵੇ ਆਫ ਇੰਡੀਆ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ

ਮੁੰਬਈ : ਮੁੰਬਈ ਵਿੱਚ ਹੋਏ ਭਿਆਨਕ 26/11 ਅੱਤਵਾਦੀ ਹਮਲੇ ਦੀ 17ਵੀਂ ਬਰਸੀ ਮੌਕੇ ਗੇਟਵੇ ਆਫ ਇੰਡੀਆ (Gateway of India) ਵਿਖੇ ਇੱਕ ਵਿਸ਼ੇਸ਼ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਨੈਸ਼ਨਲ ਸਕਿਓਰਿਟੀ ਗਾਰਡ (NSG) ਅਤੇ ਹੋਰ ਫੌਜੀ ਜਵਾਨਾਂ ਨੇ ਸ਼ਹੀਦਾਂ ਅਤੇ ਹਮਲੇ ਵਿੱਚ ਜਾਨ ਗਵਾਉਣ ਵਾਲੇ ਨਾਗਰਿਕਾਂ ਨੂੰ ਨਮਨ ਕੀਤਾ।

**'ਨੈਵਰ-ਐਵਰ' (Neverever) ਥੀਮ:** NSG ਵੱਲੋਂ ਇਸ ਸਮਾਗਮ ਦਾ ਥੀਮ 'ਨੈਵਰ-ਐਵਰ' (ਯਾਨੀ ਅਜਿਹਾ ਦੁਬਾਰਾ ਕਦੇ ਨਹੀਂ) ਰੱਖਿਆ ਗਿਆ ਸੀ। ਇਸਦਾ ਮਕਸਦ ਦੇਸ਼ ਦੀ ਸੁਰੱਖਿਆ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਣਾ ਸੀ ਤਾਂ ਜੋ ਭਵਿੱਖ ਵਿੱਚ ਅਜਿਹਾ ਹਮਲਾ ਦੁਬਾਰਾ ਨਾ ਹੋ ਸਕੇ।





**ਮੋਮਬੱਤੀਆਂ ਨਾਲ 'ਜੀਵਤ ਯਾਦਗਾਰ':** ਗੇਟਵੇ ਆਫ ਇੰਡੀਆ ਵਿਖੇ ਸ਼ਹੀਦਾਂ ਦੀਆਂ ਤਸਵੀਰਾਂ ਲਗਾ ਕੇ ਇੱਕ ਵਿਸ਼ੇਸ਼ ਯਾਦਗਾਰੀ ਜ਼ੋਨ ਬਣਾਇਆ ਗਿਆ। ਇੱਥੇ ਜਗਾਈਆਂ ਗਈਆਂ ਮੋਮਬੱਤੀਆਂ ਦੇ ਮੋਮ ਨੂੰ ਇਕੱਠਾ ਕਰਕੇ ਇੱਕ 'ਲਿਵਿੰਗ ਮੈਮੋਰੀਅਲ' (Living Memorial) ਬਣਾਇਆ ਜਾਵੇਗਾ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਪ੍ਰੇਰਨਾ ਸਰੋਤ ਹੋਵੇਗਾ।

**ਜਵਾਨਾਂ ਅਤੇ ਅਧਿਕਾਰੀਆਂ ਦੀ ਸ਼ਮੂਲੀਅਤ:** NSG ਦੇ ਗਰੁੱਪ ਕਮਾਂਡਰ ਕਰਨਲ ਅਭਿਸ਼ੇਕ ਸਿੰਘ ਸਮੇਤ ਕਈ ਸੀਨੀਅਰ ਅਧਿਕਾਰੀਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਮੇਜਰ ਸੰਦੀਪ ਉਨੀਕ੍ਰਿਸ਼ਨਨ ਅਤੇ ਹੋਰ ਬਹਾਦਰ ਸਿਪਾਹੀਆਂ ਦੀ ਕੁਰਬਾਨੀ ਨੂੰ ਯਾਦ ਕੀਤਾ ਜਿਨ੍ਹਾਂ ਨੇ ਅੱਤਵਾਦੀਆਂ ਦਾ ਮੁਕਾਬਲਾ ਕਰਦਿਆਂ ਆਪਣੀਆਂ ਜਾਨਾਂ ਵਾਰ ਦਿੱਤੀਆਂ ਸਨ।

**ਸਹੁੰ ਚੁੱਕ ਸਮਾਗਮ:** ਇਸ ਮੌਕੇ ਹਜ਼ਾਰਾਂ ਲੋਕਾਂ, ਸਕੂਲੀ ਬੱਚਿਆਂ ਅਤੇ ਜਵਾਨਾਂ ਨੇ ਅੱਤਵਾਦ ਵਿਰੁੱਧ ਲੜਨ ਅਤੇ ਦੇਸ਼ ਦੀ ਏਕਤਾ ਬਣਾਈ ਰੱਖਣ ਦੀ ਸਹੁੰ ਚੁੱਕੀ। ਸ਼ਾਮ ਨੂੰ ਗੇਟਵੇ ਆਫ ਇੰਡੀਆ ਨੂੰ ਤਿਰੰਗੇ ਦੀ ਰੋਸ਼ਨੀ ਵਿੱਚ ਜਗਮਗਾਇਆ ਗਿਆ। ਇਹ ਦਿਨ ਪੂਰੇ ਭਾਰਤ ਲਈ ਇੱਕ ਭਾਵੁਕ ਦਿਨ ਹੈ, ਜੋ ਸਾਨੂੰ ਸਾਡੇ ਬਹਾਦਰ ਸੁਰੱਖਿਆ ਬਲਾਂ ਦੀ ਅਦੁੱਤੀ ਕੁਰਬਾਨੀ ਦੀ ਯਾਦ ਦਿਵਾਉਂਦਾ ਹੈ।

# ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਨੇ ਮੋਗਾ 'ਚ ਕਿਸਾਨਾਂ ਨਾਲ ਖਾਧੀ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ

ਮੋਗਾ : ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਵੀਰਵਾਰ ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਰਣਸੀਂਹ ਕਲਾਂ ਵਿਖੇ ਦੌਰੇ 'ਤੇ ਹਨ। ਇੱਥੇ ਉਨ੍ਹਾਂ ਨੇ ਜਨਤਕ ਭਾਗੀਦਾਰੀ ਅਤੇ ਖੇਤੀਬਾੜੀ ਨਵੀਨਤਾ, ਖਾਸ ਕਰਕੇ ਪਰਾਲੀ ਸਾੜਨ ਨੂੰ ਘਟਾਉਣ ਵਿੱਚ ਨਵੇਂ ਰਿਕਾਰਡ ਕਾਇਮ ਕਰਨ ਲਈ ਪੰਜਾਬ ਦੇ ਕਿਸਾਨ ਭਾਈਚਾਰੇ ਦੀ ਪ੍ਰਸ਼ੰਸਾ ਕੀਤੀ। ਚੌਹਾਨ ਨੇ ਆਪਣੀ ਇੱਕ ਰੋਜ਼ਾ ਯਾਤਰਾ ਦੀ ਸ਼ੁਰੂਆਤ ਸਥਾਨਕ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕਰਨ ਨਾਲ ਕੀਤੀ ਅਤੇ ਫਿਰ ਖੇਤੀਬਾੜੀ ਮੰਤਰਾਲੇ ਦੇ ਅਧਿਕਾਰੀਆਂ ਨਾਲ ਖੇਤੀ ਅਭਿਆਸਾਂ ਦੀ ਸਮੀਖਿਆ ਕਰਨ ਲਈ ਖੇਤਾਂ ਵੱਲ ਗਏ। ਮੰਤਰੀ ਨੇ ਕਿਸਾਨਾਂ ਨਾਲ ਗੱਲਬਾਤ ਕਰਕੇ ਸਿੱਧੀ ਬਿਜਾਈ, ਖਾਦ ਦੀ ਘੱਟ ਵਰਤੋਂ ਅਤੇ ਪਰਾਲੀ ਪ੍ਰਬੰਧਨ ਦੇ ਉਨ੍ਹਾਂ ਦੇ ਤਰੀਕਿਆਂ ਨੂੰ ਸਮਝਿਆ। ਪੰਜਾਬ ਨੂੰ ਸ਼ਾਨਦਾਰ ਦੱਸਦਿਆਂ ਚੌਹਾਨ ਨੇ ਕਿਹਾ, "ਇੱਥੋਂ ਦੀ ਪੰਚਾਇਤ ਵਿੱਚ ਜਨਤਕ ਭਾਗੀਦਾਰੀ ਦੇ ਨਵੇਂ ਰਿਕਾਰਡ ਬਣੇ ਹਨ... ਮੈਂ ਪੰਜਾਬ ਦੇ ਲੋਕਾਂ ਦਾ ਧੰਨਵਾਦੀ ਹਾਂ। ਸਾਨੂੰ ਮਹਿਸੂਸ ਹੁੰਦਾ ਹੈ ਜਿਵੇਂ ਅਸੀਂ ਘਰ ਆਏ ਹਾਂ।÷ ਦੌਰੇ ਦੌਰਾਨ ਮੰਤਰੀ ਨੇ ਪੰਚਾਇਤ ਮੈਂਬਰਾਂ ਅਤੇ ਵਸਨੀਕਾਂ ਦੇ ਨਾਲ ਮੰਜੇ 'ਤੇ ਬੈਠ ਕੇ ਪਿੰਡ ਵਾਸੀਆਂ ਨਾਲ ਰਵਾਇਤੀ ਪੰਜਾਬੀ ਭੋਜਨ ਸਾਂਝਾ ਕੀਤਾ। ਉਨ੍ਹਾਂ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਕਿਹਾ, "ਰਵਾਇਤੀ 'ਮੱਕੀ ਦੀ ਰੋਟੀ ਅਤੇ ਸਰੋਂ ਦਾ ਸਾਗ' ਖਾਣ ਤੋਂ ਬਾਅਦ, ਮੇਰਾ ਦਿਲ ਖੁਸ਼ ਹੋ ਗਿਆ ਹੈ ਅਤੇ ਮੈਨੂੰ ਬਹੁਤ ਚੰਗਾ ਲੱਗ ਰਿਹਾ ਹੈ।" ਚੌਹਾਨ ਨੇ ਪਿੰਡ ਵੱਲੋਂ ਪਿਛਲੇ ਛੇ ਸਾਲਾਂ ਤੋਂ ਪਰਾਲੀ ਸਾੜਨ ਤੋਂ ਪੂਰੀ ਤਰ੍ਹਾਂ ਬਚਣ ਦੀ ਪ੍ਰਾਪਤੀ ਨੂੰ ਉਜਾਗਰ ਕੀਤਾ, ਜਿਸਦਾ ਸਿਹਰਾ ਉਨ੍ਹਾਂ ਨੇ ਮਿੱਟੀ ਦੀ ਸਿਹਤ ਦੀ ਰੱਖਿਆ ਕਰਨ ਅਤੇ ਪ੍ਰਦੂਸ਼ਣ ਘਟਾਉਣ ਲਈ ਕਿਸਾਨਾਂ ਨੂੰ ਦਿੱਤਾ। ਉਨ੍ਹਾਂ ਕਿਹਾ, "ਪਰਾਲੀ ਸਾੜਨ ਨਾਲ ਪੂਰੇ ਦੇਸ਼ ਵਿੱਚ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਪਰਾਲੀ ਸਾੜਨ ਨਾਲ ਅਸੀਂ ਮਿੱਟੀ ਵਿੱਚ ਜ਼ਰੂਰੀ ਸੂਖਮ ਜੀਵਾਂ ਨੂੰ ਵੀ ਮਾਰ ਦਿੰਦੇ ਹਾਂ ਅਤੇ ਪ੍ਰਦੂਸ਼ਣ ਵੱਧ ਜਾਂਦਾ ਹੈ।"



# ਮੇਜਰ ਸ੍ਰ. ਸਿਮਰਤਪਾਲ ਸਿੰਘ ਨੂੰ ਮਿਲੀ US Army: ਵਿੱਚ ਵੱਡੀ ਤਰੱਕੀ, ਮਾਪਿਆਂ ਨੇ ਲਗਾਏ ਲੈਫਟੀਨੈਂਟ ਕਰਨਲ ਰੈਂਕ ਦੇ ਸਟਾਰ











## ਸਿਰ ਲੱਥ ਸਕਦਾ ਹੈ, ਪਰ ਪੱਗ ਨਹੀਂ ! ਸਰਦਾਰ ਸਿਮਰਤਪਾਲ ਸਿੰਘ ਜੀ ਨੂੰ ਮੇਜਰ ਤੋਂ ਕਰਨਲ ਬਣਨ 'ਤੇ ਲੱਖ-ਲੱਖ ਵਧਾਈਆਂ।

ਕੈਂਪ ਜ਼ਾਮਾ, ਜਾਪਾਨ : ਅਮਰੀਕੀ ਫੌਜ ਵਿੱਚ ਸਿੱਖ ਭਾਈਚਾਰੇ ਲਈ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਯੂ.ਐਸ. ਆਰਮੀ ਕੋਰ ਆਫ ਇੰਜੀਨੀਅਰਜ਼ – ਜਾਪਾਨ ਇੰਜੀਨੀਅਰ ਜ਼ਿਲ੍ਹੇ (JED) ਦੇ ਡਿਪਟੀ ਕਮਾਂਡਰ, ਮੇਜਰ ਸਿਮਰਤਪਾਲ 'ਸਿਮਰ' ਸਿੰਘ ਨੂੰ ਤਰੱਕੀ ਦੇ ਕੇ ਲੈਫਟੀਨੈਂਟ ਕਰਨਲ (Lieutenant Colonel) ਬਣਾਇਆ ਗਿਆ ਹੈ। ਇਹ ਤਰੱਕੀ ਸਮਾਗਮ 26 ਨਵੰਬਰ ਨੂੰ ਕੈਂਪ ਜ਼ਾਮਾ ਵਿਖੇ ਜ਼ਿਲ੍ਹਾ ਹੈੱਡਕੁਆਰਟਰ ਵਿੱਚ ਹੋਇਆ। ਮਾਪਿਆਂ ਨੇ ਨਿਭਾਈ ਰਸਮ ਜੇ.ਈ.ਡੀ. (JED) ਕਮਾਂਡਰ ਕਰਨਲ ਪੈਟ੍ਰਿਕ ਬਿਗਸ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਇਸ ਭਾਵੁਕ ਅਤੇ ਮਾਣਮੱਤੇ ਮੌਕੇ 'ਤੇ ਸਿਮਰਤਪਾਲ ਸਿੰਘ ਦੇ ਪਿਤਾ ਸੁਖਬੀਰ ਸਿੰਘ ਅਤੇ ਮਾਤਾ ਜਸਵੀਰ ਕੌਰ ਨੇ ਪਰਿਵਾਰ, ਦੋਸਤਾਂ ਅਤੇ ਸਾਥੀਆਂ ਦੀ ਮੌਜੂਦਗੀ ਵਿੱਚ ਆਪਣੇ ਪੁੱਤਰ ਦੀ ਵਰਦੀ 'ਤੇ ਨਵਾਂ ਰੈਂਕ (ਸਟਾਰ) ਲਗਾਇਆ।

'ਪੰਜਾਬ ਦੇ ਪਿੰਡ ਦੇ ਮੁੰਡੇ ਨੂੰ ਫੌਜ ਨੇ ਬਹੁਤ ਕੁਝ ਦਿੱਤਾ' ਆਪਣੇ ਸੰਬੋਧਨ ਵਿੱਚ ਸਿਮਰਤਪਾਲ ਸਿੰਘ ਨੇ ਕਿਹਾ, 'ਫੌਜ ਅਤੇ ਇਸ ਦੇਸ਼ ਨੇ ਪੰਜਾਬ ਦੇ ਇੱਕ ਪਿੰਡ ਦੇ ਮੁੰਡੇ ਨੂੰ ਉਸਦੇ ਹੱਕ ਤੋਂ ਕਿਤੇ ਵੱਧ ਦਿੱਤਾ ਹੈ ਅਤੇ ਮੇਰੀ ਕੋਸ਼ਿਸ਼ ਇਸਦਾ ਦਸਵਾਂ ਹਿੱਸਾ ਵੀ ਵਾਪਸ ਮੋੜਨ ਦੀ ਹੋਵੇਗੀ।' ਉਨ੍ਹਾਂ ਕਿਹਾ ਕਿ ਜਦੋਂ ਸਫਲਤਾ ਦੂਰ ਲੱਗਦੀ ਸੀ ਅਤੇ ਥਕਾਵਟ ਮਹਿਸੂਸ ਹੁੰਦੀ ਸੀ, ਤਾਂ ਉਨ੍ਹਾਂ ਦੇ ਸਲਾਹਕਾਰਾਂ ਨੇ ਉਨ੍ਹਾਂ ਨੂੰ ਸਿਰ ਉੱਚਾ ਰੱਖ ਕੇ ਅੱਗੇ ਵਧਣਾ ਸਿਖਾਇਆ।

ਸ਼ਾਨਦਾਰ ਕਰੀਅਰ ਅਤੇ ਸੇਵਾਵਾਂ ਲੈਫਟੀਨੈਂਟ ਕਰਨਲ ਸਿੰਘ ਪਿਛਲੇ 15 ਸਾਲਾਂ ਤੋਂ ਅਮਰੀਕੀ ਫੌਜ ਵਿੱਚ ਸੇਵਾ ਨਿਭਾ ਰਹੇ ਹਨ:

**ਅਫਗਾਨਿਸਤਾਨ ਮਿਸ਼ਨ:** ਉਨ੍ਹਾਂ ਨੇ ਅਫਗਾਨਿਸਤਾਨ ਦੇ ਕੰਧਾਰ ਵਿੱਚ ਤਾਇਨਾਤੀ ਦੌਰਾਨ 180 ਤੋਂ ਵੱਧ ਕੰਬੈਟ ਪੈਟਰੋਲ (ਗਸ਼ਤ) ਦੀ ਅਗਵਾਈ ਕੀਤੀ ਅਤੇ ਉੱਥੇ ਪਹਿਲੀ ਮੈਡੀਕਲ ਸਹੂਲਤ ਸਥਾਪਤ ਕਰਨ ਵਿੱਚ ਮਦਦ ਕੀਤੀ।

**ਕੁਦਰਤੀ ਆਫ਼ਤਾਂ ਵਿੱਚ ਮਦਦ:** ਉਨ੍ਹਾਂ ਨੇ ਫੋਰਟ ਬੇਲਵੋਇਰ ਵਿਖੇ ਰਹਿੰਦਿਆਂ ਤੂਫਾਨ ਮੈਥਿਊ, ਹਾਰਵੇ ਅਤੇ ਮਾਰੀਆ ਦੌਰਾਨ ਰਾਹਤ ਕਾਰਜਾਂ ਵਿੱਚ ਅਹਿਮ ਭੂਮਿਕਾ ਨਿਭਾਈ।

**ਵੈਸਟ ਪੁਆਇੰਟ ਵਿਖੇ ਅਧਿਆਪਨ:** ਉਹ ਯੂ.ਐਸ. ਮਿਲਟਰੀ ਅਕੈਡਮੀ (ਵੈਸਟ ਪੁਆਇੰਟ) ਵਿਖੇ ਅਰਥ ਸ਼ਾਸਤਰ ਅਤੇ ਵਿੱਤ ਵਿਸ਼ੇ ਦੇ ਇੰਸਟ੍ਰਕਟਰ ਵਜੋਂ ਵੀ ਸੇਵਾਵਾਂ ਦੇ ਚੁੱਕੇ ਹਨ।

ਵਿੱਦਿਅਕ ਯੋਗਤਾ ਅਤੇ ਸਨਮਾਨ ਕੈਂਟ, ਵਾਸ਼ਿੰਗਟਨ ਦੇ ਰਹਿਣ ਵਾਲੇ ਸਿਮਰਤਪਾਲ ਸਿੰਘ ਨੇ 2010 ਵਿੱਚ ਯੂ.ਐਸ. ਮਿਲਟਰੀ ਅਕੈਡਮੀ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਵਿੱਚ ਗ੍ਰੈਜੂਏਸ਼ਨ ਕੀਤੀ ਸੀ। ਉਨ੍ਹਾਂ ਕੋਲ ਇੰਜੀਨੀਅਰਿੰਗ ਮੈਨੇਜਮੈਂਟ ਅਤੇ ਬਿਜ਼ਨਸ ਐਡਮਿਨਿਸਟ੍ਰੇਸ਼ਨ (MBA) ਦੀਆਂ ਮਾਸਟਰ ਡਿਗਰੀਆਂ ਵੀ ਹਨ।

ਉਨ੍ਹਾਂ ਦੀ ਬਹਾਦਰੀ ਅਤੇ ਸੇਵਾਵਾਂ ਲਈ ਉਨ੍ਹਾਂ ਨੂੰ ਬ੍ਰੌਂਜ਼ ਸਟਾਰ ਮੈਡਲ (Bronze Star Medal), ਮੈਰੀਟੋਰੀਅਸ ਸਰਵਿਸ ਮੈਡਲ, ਕੰਬੈਟ ਐਕਸ਼ਨ ਬੈਜ ਅਤੇ ਰੇਂਜਰ ਟੈਬ ਸਮੇਤ ਕਈ ਵੱਕਾਰੀ ਸਨਮਾਨਾਂ ਨਾਲ ਨਵਾਜਿਆ ਗਿਆ ਹੈ।

ਮੇਜਰ ਸਿਮਰਤਪਾਲ ਸਿੰਘ ਦੇ ਲੈਫਟੀਨੈਂਟ ਕਰਨਲ ਬਣਨ ਦੀ ਖਬਰ ਨੇ ਅਮਰੀਕਾ ਸਮੇਤ ਦੁਨੀਆਂ ਭਰ 'ਚ ਖੁਸ਼ੀ ਮਹਿਸੂਸ ਕੀਤੀ ਗਈ।

# ਭਾਰਤ-ਯੂਕੇ ਫੌਜੀ ਅਭਿਆਸ 'ਅਜੇਯ ਵਾਰੀਅਰ-25' ਰਾਜਸਥਾਨ ਦੇ ਬੀਕਾਨੇਰ ਵਿੱਚ ਸ਼ੁਰੂ

## ਇਹ ਅਭਿਆਸ ਭਾਰਤ ਅਤੇ ਬ੍ਰਿਟੇਨ ਦੇ ਰੱਖਿਆ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਅਹਿਮ ਕਦਮ

ਬੀਕਾਨੇਰ: ਭਾਰਤੀ ਫੌਜ ਅਤੇ ਬ੍ਰਿਟਿਸ਼ ਫੌਜ (UK Army) ਵਿਚਕਾਰ ਸਾਂਝਾ ਫੌਜੀ ਅਭਿਆਸ 'ਅਜੇਯ ਵਾਰੀਅਰ–2025' (Ajeya Warrior-BE) ਦਾ ਅੱਠਵਾਂ ਸੰਸਕਰਣ ਰਾਜਸਥਾਨ ਦੇ ਬੀਕਾਨੇਰ ਵਿੱਚ ਸਥਿਤ ਮਹਾਜਨ ਫੀਲਡ ਫਾਇਰਿੰਗ ਰੇਂਜ (Mahajan Field Firing Ranges) ਵਿਖੇ ਸ਼ੁਰੂ ਹੋ ਗਿਆ ਹੈ। ਇਸ ਅਭਿਆਸ ਦਾ ਮੁੱਖ ਮਕਸਦ ਦੋਵਾਂ ਦੇਸ਼ਾਂ ਦੀਆਂ ਫੌਜਾਂ ਵਿਚਕਾਰ ਤਾਲਮੇਲ ਵਧਾਉਣਾ ਅਤੇ ਅੱਤਵਾਦ ਵਿਰੋਧੀ ਕਾਰਵਾਈਆਂ ਵਿੱਚ ਮੁਹਾਰਤ ਸਾਂਝੀ ਕਰਨਾ ਹੈ।

**ਸ਼ਾਮਲ ਰੈਜੀਮੈਂਟਾਂ:** ਇਸ ਸਾਲ ਦੇ ਅਭਿਆਸ ਵਿੱਚ ਭਾਰਤੀ ਫੌਜ ਵੱਲੋਂ ਸਿੱਖ ਰੈਜੀਮੈਂਟ (Sikh Regiment) ਦੇ ਜਵਾਨ ਅਤੇ ਬ੍ਰਿਟਿਸ਼ ਫੌਜ ਵੱਲੋਂ ਰਾਇਲ ਗੋਰਖਾ ਰਾਈਫਲਜ਼ (Royal Gurkha Rifles) ਦੇ ਜਵਾਨ ਹਿੱਸਾ ਲੈ ਰਹੇ ਹਨ। ਦੋਵਾਂ ਦੇਸ਼ਾਂ ਦੇ ਫੌਜੀਆਂ ਨੇ ਇਕੱਠੇ ਤਸਵੀਰਾਂ ਖਿਚਵਾਈਆਂ ਜੋ ਦੋਵਾਂ ਮੁਲਕਾਂ ਦੀ ਸਾਂਝ ਨੂੰ ਦਰਸਾਉਂਦੀਆਂ ਹਨ।






**ਅਭਿਆਸ ਦਾ ਉਦੇਸ਼:** ਇਹ ਅਭਿਆਸ ਸੰਯੁਕਤ ਰਾਸ਼ਟਰ (UN) ਦੇ ਨਿਯਮਾਂ ਤਹਿਤ ਸ਼ਹਿਰੀ ਅਤੇ ਅਰਧ–ਸ਼ਹਿਰੀ ਖੇਤਰਾਂ ਵਿੱਚ ਅੱਤਵਾਦ ਵਿਰੋਧੀ ਕਾਰਵਾਈਆਂ 'ਤੇ ਕੇਂਦਰਿਤ ਹੈ। ਇਸ ਦੌਰਾਨ ਦੋਵੇਂ ਫੌਜਾਂ ਆਪੋ–ਆਪਣੇ ਜੰਗੀ ਤਜ਼ਰਬੇ ਅਤੇ ਤਕਨੀਕਾਂ ਸਾਂਝੀਆਂ ਕਰਨਗੀਆਂ।

**ਸਮਾਂ ਅਤੇ ਗਤੀਵਿਧੀਆਂ:** ਇਹ 14 ਦਿਨਾਂ ਦਾ ਅਭਿਆਸ 17 ਨਵੰਬਰ ਤੋਂ 30 ਨਵੰਬਰ 2025 ਤੱਕ ਚੱਲੇਗਾ। ਇਸ ਵਿੱਚ ਹਥਿਆਰਾਂ ਦੀ ਸਿਖਲਾਈ, ਲੜਾਈ ਦੀਆਂ ਰਣਨੀਤੀਆਂ, ਅਤੇ ਖੇਡ ਮੁਕਾਬਲੇ (ਜਿਵੇਂ ਕ੍ਰਿਕਟ ਅਤੇ ਵਾਲੀਬਾਲ) ਵੀ ਸ਼ਾਮਲ ਹਨ ਤਾਂ ਜੋ ਫੌਜੀਆਂ ਵਿੱਚ ਆਪਸੀ ਭਾਈਚਾਰਾ ਵਧ ਸਕੇ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ 'ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ

## ਇਹ ਦਿਹਾੜਾ ਸਿੱਖ ਕੌਮ ਲਈ ਬਹੁਤ ਮਹੱਤਵਪੂਰਨ ਹੈ, ਕਿਉਂਕਿ ਗੁਰੂ ਸਾਹਿਬ ਨੇ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ ਸੀ, ਜਿਸ ਨੂੰ ਅੱਜ ਪੂਰੀ ਦੁਨੀਆ ਵਿੱਚ ਸ਼ਰਧਾ ਨਾਲ ਯਾਦ ਕੀਤਾ ਜਾ ਰਿਹਾ ਹੈ










ਅੰਮ੍ਰਿਤਸਰ : 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਵੱਲੋਂ ਸ੍ਰੀ ਦਰਬਾਰ ਸਾਹਿਬ (ਗੋਲਡਨ ਟੈਂਪਲ) ਵਿਖੇ ਇੱਕ ਵਿਸ਼ਾਲ ਅਤੇ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਇਸ ਪਵਿੱਤਰ ਮੌਕੇ 'ਤੇ ਸੰਗਤਾਂ ਦਾ ਭਾਰੀ ਇਕੱਠ ਵੇਖਣ ਨੂੰ ਮਿਲਿਆ ਅਤੇ ਪੂਰਾ ਮਾਹੌਲ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।

**ਸੁਨਹਿਰੀ ਪਾਲਕੀ ਸਾਹਿਬ ਦੀ ਸੇਵਾ:** ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਉਪਰੰਤ ਨਗਰ ਕੀਰਤਨ ਦੀ ਆਰੰਭਤਾ ਹੋਈ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇੱਕ ਸੁੰਦਰ ਸੁਨਹਿਰੀ ਪਾਲਕੀ (Golden Palanquin) ਵਿੱਚ ਸੁਸ਼ੋਭਿਤ ਕੀਤਾ ਗਿਆ ਸੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਪਾਲਕੀ ਵਿੱਚ ਸੁਸ਼ੋਭਿਤ ਕਰਨ ਦੀ ਸੇਵਾ ਨਿਭਾਈ।

**ਪੰਜ ਪਿਆਰਿਆਂ ਦੀ ਅਗਵਾਈ:** ਇਹ ਮਹਾਨ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਸੰਪੰਨ ਹੋਇਆ। ਰਸਤੇ ਵਿੱਚ ਵੱਖ-ਵੱਖ ਥਾਵਾਂ 'ਤੇ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ।

**ਗਤਕਾ ਅਤੇ ਬੈਂਡ ਪਾਰਟੀਆਂ:** ਇਸ ਜਲੌਅ ਵਿੱਚ ਗਤਕਾ ਅਖਾੜਿਆਂ ਨੇ ਆਪਣੀ ਜੰਗਜੂ ਕਲਾ ਦੇ ਜੌਹਰ ਦਿਖਾਏ ਅਤੇ ਬੈਂਡ ਪਾਰਟੀਆਂ ਨੇ ਗੁਰੂ ਸਾਹਿਬ ਦੀ ਸ਼ਾਨ ਵਿੱਚ ਧੁਨਾਂ ਵਜਾਈਆਂ। ਦੇਸ਼-ਵਿਦੇਸ਼ ਤੋਂ ਆਈਆਂ ਹਜ਼ਾਰਾਂ ਸੰਗਤਾਂ ਨੇ ਇਸ ਪਵਿੱਤਰ ਦਿਹਾੜੇ 'ਤੇ ਗੁਰੂ ਘਰ ਹਾਜ਼ਰੀ ਭਰੀ।

**ਧਾਰਮਿਕ ਸਮਾਗਮ:** ਇਸ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਸ਼੍ਰੋਮਣੀ ਕਮੇਟੀ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਵੀ ਗੁਰਮਤਿ ਸਮਾਗਮ ਕਰਵਾਏ ਗਏ ਹਨ, ਜਿੱਥੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।



# ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ 'ਤੇ 'ਗੁਰਮਤਿ ਸੰਮੇਲਨ' ਆਯੋਜਿਤ, ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਭਰੀ ਹਾਜ਼ਰੀ





ਲਖਨਊ : 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ, ਲਖਨਊ ਦੇ ਡੀ.ਏ.ਵੀ. (DAV) ਕਾਲਜ ਵਿਖੇ ਇੱਕ ਵਿਸ਼ਾਲ 'ਗੁਰਮਤਿ ਸੰਮੇਲਨ' ਕਰਵਾਇਆ ਗਿਆ। ਇਸ ਸਮਾਗਮ ਵਿੱਚ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।

**ਨਾਕਾ ਗੁਰਦੁਆਰਾ ਕਮੇਟੀ ਵੱਲੋਂ ਸਨਮਾਨ:** ਸਮਾਗਮ ਦੌਰਾਨ ਨਾਕਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦਾ ਭਰਵਾਂ ਸਵਾਗਤ ਕੀਤਾ। ਉਨ੍ਹਾਂ ਨੂੰ ਸਿਰੋਪਾਓ, ਕਿਰਪਾਨ ਅਤੇ ਗੁਰੂ ਸਾਹਿਬ ਦੀ ਤਸਵੀਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

**ਮੁੱਖ ਮੰਤਰੀ ਦਾ ਸੰਬੋਧਨ:** ਸੰਗਤ ਨੂੰ ਸੰਬੋਧਨ ਕਰਦਿਆਂ ਸੀ.ਐਮ. ਯੋਗੀ ਨੇ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ। ਉਨ੍ਹਾਂ ਕਿਹਾ "ਜਦੋਂ ਔਰੰਗਜ਼ੇਬ ਦੇ ਜ਼ੁਲਮ ਸਿਖਰਾਂ 'ਤੇ ਸਨ ਅਤੇ ਕਸ਼ਮੀਰੀ ਪੰਡਤਾਂ 'ਤੇ ਧਰਮ ਪਰਿਵਰਤਨ ਦਾ ਦਬਾਅ ਪਾਇਆ ਜਾ ਰਿਹਾ ਸੀ, ਉਦੋਂ ਗੁਰੂ ਤੇਗ ਬਹਾਦਰ ਜੀ ਨੇ 'ਹਿੰਦ ਦੀ ਚਾਦਰ' ਬਣ ਕੇ ਧਰਮ ਅਤੇ ਮਨੁੱਖਤਾ ਦੀ ਰਾਖੀ ਕੀਤੀ।' ਉਨ੍ਹਾਂ ਨੇ ਗੁਰੂ ਸਾਹਿਬ ਦੇ ਬਲੀਦਾਨ ਨੂੰ ਭਾਰਤੀ ਸੰਸਕ੍ਰਿਤੀ ਅਤੇ ਧਰਮ ਦੀ ਰੱਖਿਆ ਲਈ ਇੱਕ ਮਹਾਨ ਕੰਧ ਦੱਸਿਆ।

**ਅਯੁੱਧਿਆ ਰਾਮ ਮੰਦਰ ਦਾ ਜ਼ਿਕਰ:** ਆਪਣੇ ਭਾਸ਼ਣ ਵਿੱਚ ਯੋਗੀ ਆਦਿੱਤਿਆਨਾਥ ਨੇ ਅਯੁੱਧਿਆ ਦੇ ਰਾਮ ਮੰਦਰ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਕਿਹਾ ਕਿ ਅੱਜ ਅਯੁੱਧਿਆ ਵਿੱਚ ਰਾਮ ਮੰਦਰ ਦੇ ਸ਼ਿਖਰ 'ਤੇ ਜੋ ਭਗਵਾ ਝੰਡਾ ਲਹਿਰਾ ਰਿਹਾ ਹੈ, ਉਹ ਸਿੱਖ ਗੁਰੂਆਂ ਅਤੇ ਮਹਾਨ ਯੋਧਿਆਂ ਦੇ ਬਲੀਦਾਨਾਂ ਸਦਕਾ ਹੀ ਸੁਰੱਖਿਅਤ ਹੈ। ਉਨ੍ਹਾਂ ਕਿਹਾ ਕਿ ਗੁਰੂਆਂ ਨੇ ਧਰਮ ਦੀ ਰਾਖੀ ਲਈ ਆਪਣਾ ਸਭ ਕੁਝ ਵਾਰ ਦਿੱਤਾ।





**ਸਰਕਾਰੀ ਛੁੱਟੀ ਦਾ ਐਲਾਨ:** ਜ਼ਿਕਰਯੋਗ ਹੈ ਕਿ ਉੱਤਰ ਪ੍ਰਦੇਸ਼ ਸਰਕਾਰ ਨੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੇ ਮੌਕੇ 'ਤੇ 25 ਨਵੰਬਰ ਨੂੰ ਸੂਬੇ ਭਰ ਵਿੱਚ ਜਨਤਕ ਛੁੱਟੀ ਦਾ ਐਲਾਨ ਕੀਤਾ ਸੀ, ਤਾਂ ਜੋ ਸੰਗਤਾਂ ਵੱਧ ਚੜ੍ਹ ਕੇ ਧਾਰਮਿਕ ਸਮਾਗਮਾਂ ਵਿੱਚ ਹਿੱਸਾ ਲੈ ਸਕਣ। ਇਸ ਮੌਕੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ, ਕਾਲਜ ਦੇ ਵਿਦਿਆਰਥੀ ਅਤੇ ਪਤਵੰਤੇ ਸੱਜਣ ਮੌਜੂਦ ਸਨ, ਜਿਨ੍ਹਾਂ ਨੇ ਗੁਰੂ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# ਰਾਮ ਮੰਦਰ ਵਿਖੇ ਇਤਿਹਾਸਕ 'ਧਵਜਾਰੋਹਣ ਉਤਸਵ' ਸੰਪੰਨ, ਪ੍ਰਧਾਨ ਮੰਤਰੀ ਮੋਦੀ ਨੇ ਲਹਿਰਾਇਆ ਵਿਸ਼ਾਲ ਧਰਮ ਧਵਜ





ਅਯੁੱਧਿਆ : ਅਯੁੱਧਿਆ ਵਿੱਚ ਸ੍ਰੀ ਰਾਮ ਜਨਮ ਭੂਮੀ ਮੰਦਰ ਵਿਖੇ ਇੱਕ ਇਤਿਹਾਸਕ ਅਤੇ ਅਧਿਆਤਮਿਕ ਸਮਾਗਮ ਦੇਖਣ ਨੂੰ ਮਿਲਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਦਰ ਦੇ 161 ਫੁੱਟ ਉੱਚੇ ਸ਼ਿਖਰ (Spire) 'ਤੇ 'ਧਰਮ ਧਵਜ' (ਪਵਿੱਤਰ ਝੰਡਾ) ਲਹਿਰਾ ਕੇ ਮੰਦਰ ਦੇ ਨਿਰਮਾਣ ਕਾਰਜ ਦੇ ਮੁਕੰਮਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਅਤੇ ਸਾਧੂ-ਸੰਤ ਮੌਜੂਦ ਸਨ।

**ਇਤਿਹਾਸਕ ਪਲ:** ਇਹ ਸਮਾਗਮ 'ਵਿਵਾਹ ਪੰਚਮੀ' (ਭਗਵਾਨ ਰਾਮ ਅਤੇ ਮਾਤਾ ਸੀਤਾ ਦੇ ਵਿਆਹ ਦੀ ਵਰ੍ਹੇਗੰਢ) ਦੇ ਸ਼ੁਭ ਦਿਹਾੜੇ 'ਤੇ ਆਯੋਜਿਤ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਮੋਦੀ ਦੇ ਨਾਲ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਅਤੇ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵੀ ਮੌਜੂਦ ਸਨ।

**ਧਵਜ (ਝੰਡੇ) ਦੀਆਂ ਵਿਸ਼ੇਸ਼ਤਾਵਾਂ:** ਮੰਦਰ ਦੇ ਸ਼ਿਖਰ 'ਤੇ ਲਹਿਰਾਇਆ ਗਿਆ ਇਹ ਕੇਸਰੀ ਝੰਡਾ ਬਹੁਤ ਖਾਸ ਹੈ:

ਇਸਦਾ ਆਕਾਰ 22 ਫੁੱਟ ਲੰਬਾ ਅਤੇ 11 ਫੁੱਟ ਚੌੜਾ ਹੈ।

ਇਸ ਉੱਤੇ 'ਓਮ', 'ਸੂਰਜ' (ਸੂਰਜਵੰਸ਼ੀ ਵੰਸ਼ ਦਾ ਪ੍ਰਤੀਕ) ਅਤੇ 'ਕੋਵਿਦਾਰ ਰੁੱਖ' (ਰਾਮਾਇਣ ਕਾਲ ਦਾ ਪਵਿੱਤਰ ਰੁੱਖ) ਦੇ ਚਿੰਨ੍ਹ ਬਣੇ ਹੋਏ ਹਨ।

**ਸਪਤ ਮੰਦਰਾਂ ਦੇ ਦਰਸ਼ਨ:** ਝੰਡਾ ਲਹਿਰਾਉਣ ਤੋਂ ਪਹਿਲਾਂ, ਪ੍ਰਧਾਨ ਮੰਤਰੀ ਨੇ ਮੰਦਰ ਪਰਿਸਰ ਵਿੱਚ ਬਣੇ 'ਸਪਤ ਮੰਦਰਾਂ' (ਸੱਤ ਮੰਦਰ) ਦਾ ਦੌਰਾ ਕੀਤਾ। ਇਹ ਮੰਦਰ ਮਹਾਰਿਸ਼ੀ ਵਾਲਮੀਕਿ, ਮਾਤਾ ਸ਼ਬਰੀ, ਨਿਸ਼ਾਦਰਾਜ ਅਤੇ ਹੋਰ ਰਿਸ਼ੀਆਂ ਨੂੰ ਸਮਰਪਿਤ ਹਨ, ਜੋ ਸਮਾਜਿਕ ਸਮਾਨਤਾ ਦਾ ਸੰਦੇਸ਼ ਦਿੰਦੇ ਹਨ।

**ਮੰਦਰ ਨਿਰਮਾਣ ਸੰਪੰਨ:** ਇਸ ਰਸਮ ਨਾਲ ਰਾਮ ਮੰਦਰ ਦਾ ਨਿਰਮਾਣ ਕਾਰਜ ਰਸਮੀ ਤੌਰ 'ਤੇ ਪੂਰਾ ਹੋ ਗਿਆ ਹੈ। ਪ੍ਰਧਾਨ ਮੰਤਰੀ ਨੇ ਇਸਨੂੰ 'ਸਦੀਆਂ ਦੇ ਸੰਘਰਸ਼ ਅਤੇ ਉਡੀਕ ਦਾ ਫਲ' ਦੱਸਿਆ ਅਤੇ ਕਿਹਾ ਕਿ ਅਯੁੱਧਿਆ ਹੁਣ ਸਿਰਫ ਇੱਕ ਸ਼ਹਿਰ ਨਹੀਂ, ਸਗੋਂ ਭਾਰਤੀ ਸੰਸਕ੍ਰਿਤੀ ਦੀ ਪੁਨਰ-ਸੁਰਜੀਤੀ ਦਾ ਕੇਂਦਰ ਬਣ ਗਿਆ ਹੈ।

# ਨਰਿੰਦਰ ਮੋਦੀ ਵਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਮੁਲਾਕਾਤ

## ਰੱਖਿਆ ਅਤੇ ਪੁਲਾੜ ਖੇਤਰਾਂ ਵਿੱਚ ਭਾਈਵਾਲੀ ਕਰਨਗੇ ਦੋਵੇਂ ਦੇਸ਼












ਜੌਹੈਨਿਸਬਰਗ : ਇੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਕੈਨੇਡੀਅਨ ਹਮਰੁਤਬਾ ਮਾਰਕ ਕਾਰਨੀ ਨਾਲ ਮਿਲੇ ਅਤੇ ਦੋਵਾਂ ਆਗੂਆਂ ਨੇ ਵਪਾਰ, ਨਿਵੇਸ਼, ਤਕਨਾਲੋਜੀ ਅਤੇ ਊਰਜਾ ਵਰਗੇ ਖੇਤਰਾਂ ਵਿੱਚ ਸਬੰਧਾਂ ਨੂੰ ਅੱਗੇ ਵਧਾਉਣ ਦੇ ਨਾਲ-ਨਾਲ ਰੱਖਿਆ ਅਤੇ ਪੁਲਾੜ ਖੇਤਰਾਂ ਵਿੱਚ ਸਹਿਯੋਗ ਦੀਆਂ ਸੰਭਾਵਨਾਵਾਂ ’ਤੇ ਗੱਲਬਾਤ ਅੱਗੇ ਵਧਾਉਣ ਲਈ ਸਹਿਮਤੀ ਜਤਾਈ।

ਮੋਦੀ ਨੇ ਸੋਸ਼ਲ ਮੀਡੀਆ ’ਤੇ ਪੋਸਟ ਪਾ ਕੇ ਕਿਹਾ, ‘ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਚੰਗੇ ਮਾਹੌਲ ਵਿਚ ਮੁਲਾਕਾਤ ਹੋਈ।’

ਇਹ ਦੋਵਾਂ ਆਗੂਆਂ ਦਰਮਿਆਨ ਦੂਜੀ ਮੁਲਾਕਾਤ ਸੀ। ਉਹ ਪਹਿਲਾਂ ਜੂਨ ਵਿੱਚ ਕੈਨੇਡਾ ’ਚ ਜੀ-7 ਸੰਮੇਲਨ ਦੌਰਾਨ ਮਿਲੇ ਸਨ।

ਸ੍ਰੀ ਮੋਦੀ ਨੇ ਕਿਹਾ, ‘ਅਸੀਂ ਜੀ7 ਸੰਮੇਲਨ ਦੌਰਾਨ ਹੋਈ ਸਾਡੀ ਪਿਛਲੀ ਮੁਲਾਕਾਤ ਤੋਂ ਬਾਅਦ ਦੁਵੱਲੇ ਸਬੰਧਾਂ ਵਿੱਚ ਮਹੱਤਵਪੂਰਨ ਗਤੀ ਦੀ ਸ਼ਲਾਘਾ ਕੀਤੀ। ਅਸੀਂ ਆਉਣ ਵਾਲੇ ਮਹੀਨਿਆਂ ਵਿੱਚ ਖਾਸ ਕਰਕੇ ਵਪਾਰ, ਨਿਵੇਸ਼, ਤਕਨਾਲੋਜੀ ਅਤੇ ਨਵੀਨਤਾ, ਊਰਜਾ ਅਤੇ ਸਿੱਖਿਆ ਦੇ ਖੇਤਰ ਵਿੱਚ ਆਪਣੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਸਹਿਮਤ ਹੋਏ ਹਾਂ।’

ਉਨ੍ਹਾਂ ਕਿਹਾ ਕਿ ਭਾਰਤ ਅਤੇ ਕੈਨੇਡਾ ਵਿੱਚ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਮਜ਼ਬੂਤ ਕਰਨ ਦੀਆਂ ਬਹੁਤ ਸੰਭਾਵਨਾਵਾਂ ਹਨ। ਉਨ੍ਹਾਂ ਆਪਣੇ ਦੁਵੱਲੇ ਵਪਾਰ ਲਈ 2030 ਤੱਕ 50 ਬਿਲੀਅਨ ਅਮਰੀਕੀ ਡਾਲਰ ਦਾ ਟੀਚਾ ਮਿਥਿਆ ਹੈ। ਕੈਨੇਡੀਅਨ ਪੈਨਸ਼ਨ ਫੰਡ ਵੀ ਭਾਰਤੀ ਕੰਪਨੀਆਂ ਵਿੱਚ ਡੂੰਘੀ ਦਿਲਚਸਪੀ ਦਿਖਾ ਰਹੇ ਹਨ। ਸ੍ਰੀ ਮੋਦੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਦਰਮਿਆਨ ਹਾਂਪੱਖੀ ਮਾਹੌਲ ਵਿਚ ਗੱਲਬਾਤ ਹੋਈ।

# ਵ੍ਹਾਈਟ ਹਾਊਸ ਨੇੜੇ ਹਮਲੇ ਪਿੱਛੋਂ ਟਰੰਪ ਨੇ ਰੋਕ ਦਿੱਤੇ ਵੀਜ਼ੇ ! ਪ੍ਰਵਾਸੀਆਂ ਦੀ ਜਾਂਚ ਦੇ ਹੁਕਮ

ਵਾਸ਼ਿੰਗਟਨ : ਵ੍ਹਾਈਟ ਹਾਊਸ ਨੇੜੇ ਹੋਈ ਫਾਇਰਿੰਗ ਮਗਰੋਂ ਅਮਰੀਕੀ ਪ੍ਰਸ਼ਾਸਨ ’ਚ ਤੜਥੱਲੀ ਮਚੀ ਹੋਈ ਹੈ। ਇਸ ਹਮਲੇ ਦੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਉਕਤ ਹਮਲਾਵਰ ਅਫਗਾਨ ਨਾਗਰਿਕ ਸੀ, ਜੋ ਕਿ 2021 ’ਚ ਅਮਰੀਕਾ ’ਚ ਦਾਖਲ ਹੋਇਆ ਸੀ। ਇਸ ਗੱਲ ਦੇ ਸਾਹਮਣੇ ਆਉਣ ਤੋਂ ਬਾਅਦ ਅਮਰੀਕਾ ਨੇ ਅਫ਼ਗਾਨ ਨਾਗਰਿਕਾਂ ਲਈ ਸਾਰੀ ਇਮੀਗ੍ਰੇਸ਼ਨ ਪ੍ਰਕਿਰਿਆ ’ਤੇ ਤੁਰੰਤ ਅਤੇ ਅਣਮਿੱਥੇ ਸਮੇਂ ਲਈ ਰੋਕ ਲਗਾਉਣ ਦਾ ਹੁਕਮ ਦਿੱਤਾ ਹੈ।



ਅਧਿਕਾਰੀਆਂ ਨੇ ਇਸ ਫੈਸਲੇ ਦਾ ਕਾਰਨ ਮੌਜੂਦਾ ਸੁਰੱਖਿਆ ਅਤੇ ਜਾਂਚ ਪ੍ਰਕਿਰਿਆਵਾਂ ਦੀ ਵਿਆਪਕ ਸਮੀਖਿਆ ਦੀ ਜ਼ਰੂਰਤ ਨੂੰ ਦੱਸਿਆ ਹੈ। ਇਸ ਕਦਮ ਨਾਲ ਅਫ਼ਗਾਨਾਂ ਲਈ ਵੀਜ਼ਾ ਅਰਜ਼ੀਆਂ, ਸ਼ਰਣ ਦੇ ਦਾਅਵਿਆਂ ਅਤੇ ਹੋਰ ਸਾਰੇ ਇਮੀਗ੍ਰੇਸ਼ਨ ਮਾਰਗਾਂ ’ਤੇ ਰੋਕ ਲੱਗ ਗਈ ਹੈ।

ਇਹ ਵੱਡਾ ਐਲਾਨ ਵੀਰਵਾਰ ਨੂੰ ਵ ?ਹਾਈਟ ਹਾਊਸ ਤੋਂ ਸਿਰਫ਼ ਦੋ ਬਲਾਕ ਦੂਰ ਹੋਈ ਫਾਇਰਿੰਗ ਤੋਂ ਬਾਅਦ ਆਇਆ ਹੈ। ਇਸ ਘਟਨਾ ਵਿੱਚ ਨੈਸ਼ਨਲ ਗਾਰਡ ਦੇ ਦੋ ਕਰਮਚਾਰੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸਨ। ਇਸ ਹਮਲੇ ’ਚ ਬੰਦੂਕਧਾਰੀ ਦੀ ਪਛਾਣ ਰਹਿਮਾਨੁੱਲਾ ਲਾਕਨਵਾਲ, ਇੱਕ 29 ਸਾਲਾ ਅਫ਼ਗਾਨ ਨਾਗਰਿਕ ਵਜੋਂ ਹੋਈ ਸੀ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਇਸ ਘਟਨਾ ਨੂੰ ‘ਅੱਤਵਾਦੀ ਹਮਲਾ’ ਦੱਸਿਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਹਮਲਾ ‘ਸਾਡੇ ਸਮੁੱਚੇ ਰਾਸ਼ਟਰ ਦੇ ਵਿਰੁੱਧ ਇੱਕ ਅਪਰਾਧ’ ਹੈ। ਟਰੰਪ ਨੇ ਪੁਸ਼ਟੀ ਕੀਤੀ ਕਿ ਹਿਰਾਸਤ ਵਿੱਚ ਲਿਆ ਗਿਆ ਸ਼ੱਕੀ ਇੱਕ ਵਿਦੇਸ਼ੀ ਨਾਗਰਿਕ ਹੈ ਜੋ 2021 ਵਿੱਚ ਅਫ਼ਗਾਨਿਸਤਾਨ ਤੋਂ ਅਮਰੀਕਾ ਵਿੱਚ ਦਾਖਲ ਹੋਇਆ ਸੀ।


ਟਰੰਪ ਨੇ ਇਸ ਗੋਲੀਬਾਰੀ ਨੂੰ ਇਮੀਗ੍ਰੇਸ਼ਨ ਚਰਚਾ, ਅਫ਼ਗਾਨਿਸਤਾਨ ਵਿੱਚ ਅਮਰੀਕਾ ਦੀ ਸ਼ਮੂਲੀਅਤ ਦੀ ਵਿਰਾਸਤ ਅਤੇ ਦੇਸ਼ ਵਿੱਚ ਫੌਜੀ ਬਲਾਂ ਦੀ ਘਰੇਲੂ ਤਾਇਨਾਤੀ ਵਰਗੇ ਤਿੰਨ ਮੁੱਖ ਮੁੱਦਿਆਂ ਨਾਲ ਜੋੜਿਆ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਰਾਸ਼ਟਰਪਤੀ ਜੋ ਬਾਈਡਨ ਦੇ ਪ੍ਰਸ਼ਾਸਨ ਅਧੀਨ ਅਫਗਾਨਿਸਤਾਨ ਤੋਂ ਅਮਰੀਕਾ ਵਿੱਚ ਦਾਖਲ ਹੋਏ ਹਰੇਕ ਵਿਦੇਸ਼ੀ ਦੀ ਮੁੜ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਟਰੰਪ ਨੇ ਕਿਹਾ, ‘ਸਾਨੂੰ ਕਿਸੇ ਵੀ ਦੇਸ਼ ਦੇ ਉਸ ਵਿਦੇਸ਼ੀ ਨੂੰ ਹਟਾਉਣ ਲਈ ਸਾਰੇ ਜ਼ਰੂਰੀ ਉਪਾਅ ਕਰਨੇ ਚਾਹੀਦੇ ਹਨ ਜੋ ਇੱਥੇ ਨਹੀਂ ਰਹਿੰਦਾ ਜਾਂ ਸਾਡੇ ਦੇਸ਼ ਨੂੰ ਲਾਭ ਨਹੀਂ ਪਹੁੰਚਾਉਂਦਾ। ਜੇ ਉਹ ਸਾਡੇ ਦੇਸ਼ ਨੂੰ ਪਿਆਰ ਨਹੀਂ ਕਰ ਸਕਦੇ ਤਾਂ ਸਾਨੂੰ ਵੀ ਉਨ੍ਹਾਂ ਦੀ ਲੋੜ ਨਹੀਂ।”

# ਅਮਰੀਕਾ ਵ੍ਹਾਈਟ ਹਾਊਸ ਨੇੜੇ ਅਫ਼ਗਾਨ ਸ਼ਰਨਾਰਥੀ ਵਲੋਂ ਗੋਲੀਬਾਰੀ

## ਨੈਸ਼ਨਲ ਗਾਰਡ ਦੇ ਦੋ ਜਵਾਨ ਗੰਭੀਰ ਜ਼ਖ਼ਮੀ





ਵਾਸ਼ਿੰਗਟਨ : ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿੱਚ ਤਾਇਨਾਤ ਵੈਸਟ ਵਰਜੀਨੀਆ ਨੈਸ਼ਨਲ ਗਾਰਡ ਦੇ ਦੋ ਮੈਂਬਰਾਂ ਨੂੰ ਬੁੱਧਵਾਰ ਨੂੰ ਰਾਸ਼ਟਰਪਤੀ ਦੇ ਸਰਕਾਰੀ ਨਿਵਾਸ ਅਤੇ ਦਫ਼ਤਰ, ਵ ?ਹਾਈਟ ਹਾਊਸ ਤੋਂ ਥੋੜ੍ਹੀ ਦੂਰ ਗੋਲੀ ਮਾਰ ਦਿੱਤੀ ਗਈ। ਵਾਸ਼ਿੰਗਟਨ ਦੇ ਮੇਅਰ ਮੂਰੀਅਲ ਬਾਊਜ਼ਰ ਨੇ ਇਸ ਨੂੰ ਇੱਕ ਯੋਜਨਾਬੱਧ ਹਮਲਾ ਦੱਸਿਆ ਹੈ। ਸੰਘੀ ਜਾਂਚ ਏਜੰਸੀ (ਐਫਬੀਆਈ) ਦੇ ਡਾਇਰੈਕਟਰ ਕਾਸ਼ ਪਟੇਲ ਅਤੇ ਬਾਊਜ਼ਰ ਨੇ ਕਿਹਾ ਕਿ ਦੋਵੇਂ ਨੈਸ਼ਨਲ ਗਾਰਡ ਮੈਂਬਰ ਗੰਭੀਰ ਹਾਲਤ ਵਿੱਚ ਹਨ ਅਤੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਗੋਲੀਬਾਰੀ ਤੋਂ ਬਾਅਦ, ਟਰੰਪ ਪ੍ਰਸ਼ਾਸਨ ਨੇ ਤੁਰੰਤ 500 ਹੋਰ ਨੈਸ਼ਨਲ ਗਾਰਡ ਮੈਂਬਰਾਂ ਨੂੰ ਵਾਸ਼ਿੰਗਟਨ ਭੇਜਣ ਦਾ ਹੁਕਮ ਦਿੱਤਾ ਹੈ। ਰੱਖਿਆ ਸਕੱਤਰ ਪੀਟ ਹੇਗਸੇਥ ਨੇ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਉਨ੍ਹਾਂ ਨੂੰ ਵਾਧੂ ਫੌਜੀ ਭੇਜਣ ਲਈ ਕਿਹਾ ਸੀ।

ਨਿਆਂ ਵਿਭਾਗ ਦੇ ਇੱਕ ਅਧਿਕਾਰੀ, ਜਿਸ ਨੇ ਆਪਣਾ ਨਾਮ ਗੁਪਤ ਰੱਖਿਆ, ਮੁਤਾਬਕ ਸੰਘੀ ਤਫ਼ਤੀਸ਼ਕਾਰਾਂ ਨੇ ਵ੍ਹਾਈਟ ਹਾਊਸ ਨੇੜੇ ਗੋਲੀਬਾਰੀ ਕਰਨ ਵਾਲੇ ਮਸ਼ਕੂਕ ਦੀ ਪਛਾਣ ਰਹਿਮਾਨਉੱਲਾ ਲਾਕਨਵਾਲ ਵਜੋਂ ਕੀਤੀ ਹੈ, ਜੋ ਕਿ ਵਾਸ਼ਿੰਗਟਨ ਵਿੱਚ ਰਹਿਣ ਵਾਲਾ 29 ਸਾਲਾ ਅਫ਼ਗਾਨ ਨਾਗਰਿਕ ਹੈ। ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਕਿਹਾ ਕਿ ਇਸ ਘਟਨਾ ਦੀ ਜਾਂਚ ਅਤਿਵਾਦੀ ਹਮਲੇ ਵਜੋਂ ਕੀਤੀ ਜਾ ਰਹੀ ਹੈ।

ਲਾਕਨਵਾਲ 2021 ਵਿੱਚ ਅਫ਼ਗਾਨ ਨਾਗਰਿਕਾਂ ਲਈ ਇੱਕ ਵਿਸ਼ੇਸ਼ ਵੀਜ਼ਾ ਪ੍ਰੋਗਰਾਮ ਤਹਿਤ ਅਮਰੀਕਾ ਵਿੱਚ ਦਾਖਲ ਹੋਇਆ ਸੀ। ਅਧਿਕਾਰੀ ਨੇ ਕਿਹਾ ਕਿ ਉਹ ਹੁਣ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਿਹਾ ਸੀ।

ਅਮਰੀਕੀ ਰਾਜਧਾਨੀ ਵਿੱਚ ਨੈਸ਼ਨਲ ਗਾਰਡ ਦੀ ਮੌਜੂਦਗੀ ਮਹੀਨਿਆਂ ਤੋਂ ਵਿਵਾਦ ਦਾ ਵਿਸ਼ਾ ਬਣੀ ਹੋਈ ਹੈ, ਜਿਸ ਕਾਰਨ ਅਦਾਲਤਾਂ ਵਿੱਚ ਕਾਨੂੰਨੀ ਲੜਾਈਆਂ ਅਤੇ ਜਨਤਕ ਨੀਤੀ ’ਤੇ ਵਿਆਪਕ ਬਹਿਸ ਜਾਰੀ ਹੈ। ਇਹ ਵਿਵਾਦ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਵੱਲੋਂ ਵਧ ਰਹੇ ਅਪਰਾਧ ਨੂੰ ਰੋਕਣ ਲਈ ਫੌਜ ਦੀ ਵਰਤੋਂ ਨਾਲ ਜੁੜਿਆ ਹੋਇਆ ਹੈ।

ਵਾਸ਼ਿੰਗਟਨ ਪੁਲੀਸ ਦੇ ਕਾਰਜਕਾਰੀ ਸਹਾਇਕ ਮੁਖੀ ਜੈਫਰੀ ਕੈਰੋਲ ਨੇ ਕਿਹਾ ਕਿ ਤਫ਼ਤੀਸ਼ਕਾਰਾਂ ਨੇ ਅਜੇ ਤੱਕ ਹਮਲੇ ਪਿਛਲੇ ਮੰਤਵ ਦਾ ਪਤਾ ਨਹੀਂ ਲਗਾਇਆ ਹੈ। ਉਨ੍ਹਾਂ ਕਿਹਾ ਕਿ ਹਮਲਾਵਰ ‘ਇੱਕ ਮੋੜ ’ਤੇ ਆਇਆ’ ਅਤੇ ਵੀਡੀਓ ਫੁਟੇਜ ਅਨੁਸਾਰ ਨੈਸ਼ਨਲ ਗਾਰਡਾਂ ਨੂੰ ਦੇਖ ਕੇ ਗੋਲੀਬਾਰੀ ਕਰ ਦਿੱਤੀ। ਪੱਛਮੀ ਵਰਜੀਨੀਆ ਦੇ ਗਵਰਨਰ ਪੈਟ੍ਰਿਕ ਮੋਰੀਸੀ ਨੇ ਸ਼ੁਰੂ ਵਿੱਚ ਕਿਹਾ ਸੀ ਕਿ ਗਾਰਡਾਂ ਦੀ ਮੌਤ ਹੋ ਗਈ ਹੈ, ਪਰ ਬਾਅਦ ਵਿੱਚ ਆਪਣਾ ਬਿਆਨ ਵਾਪਸ ਲੈ ਲਿਆ। ਐਨਫੋਰਸਮੈਂਟ ਏਜੰਸੀਆਂ ਨਾਲ ਜੁੜੇ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਕਿਹਾ ਕਿ ਪੁਲੀਸ ਹਿਰਾਸਤ ਵਿੱਚ ਲਏ ਗਏ ਮਸ਼ਕੂਕ ਨੂੰ ਵੀ ਗੋਲੀ ਲੱਗੀ ਹੈ ਪਰ ਉਸ ਦੀਆਂ ਸੱਟਾਂ ਜਾਨਲੇਵਾ ਨਹੀਂ ਸਨ।




# ਜਾਅਲਸਾਜ਼ੀ ਕਰਦੀਆਂ ਅਵਾਜ਼ਾਂ

**ਜਗਜੀਤ ਸਿੰਘ ਗਣੇਸ਼ਪੁਰ**

ਤੁਸੀਂ ਅਕਸਰ ਹਿੰਦੀ ਫਿਲਮਾਂ ’ਚ ਵੇਖਿਆ ਹੋਣਾ ਕਿ ਕਿਵੇਂ ਫਿਲਮ ਦਾ ਨਾਇਕ ਕਿਸੇ ਵਿਸ਼ੇਸ਼ ਵਿਅਕਤੀ ਦੀ ਮਮਿਕਰੀ (ਅਵਾਜ਼ ਦੀ ਨਕਲ) ਕਰ ਕੇ ਸਾਹਮਣੇ ਵਾਲੇ ਸ਼ਖ਼ਸ ਨੂੰ ਫੋਨ ’ਤੇ ਮੂਰਖ ਬਣਾਉਂਦਾ ਹੈ, ਪਰ ਦਿਲਚਸਪ ਗੱਲ ਇਹ ਹੈ ਕਿ ਉਸ ਦਾ ਮਕਸਦ ਸਿਰਫ਼ ਤੇ ਸਿਰਫ਼ ਫਿਲਮ ’ਚ ਹਾਸਾ-ਮਜ਼ਾਕ ਕਰਨ ਤੱਕ ਹੀ ਸੀਮਤ ਹੁੰਦਾ ਹੈ। ਪਰੰਤੂ ਮੌਜੂਦਾ ਸਮੇਂ ਹੁਣ ਅਸਲ ਜ਼ਿੰਦਗੀ ’ਚ ਅਜਿਹੇ ਮਾਮਲੇ ਸਾਹਮਣੇ ਆ ਰਹੇ ਹਨ ਕਿ ਕਿਵੇਂ ਸਾਈਬਰ ਸੰਸਾਰ ਦੀ ਦੁਨੀਆ ਵਿਚ ਕਿਸੇ ਇਨਸਾਨ ਦੀ ਅਵਾਜ਼ ਦਾ ਕਲੋਨ (ਨਕਲ) ਬਣਾ ਕੇ ਧੋਖਾਧੜੀਆਂ ਕੀਤੀਆਂ ਜਾ ਰਹੀਆਂ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਕਿਵੇਂ ਸੰਭਵ ਹੈ? ਤਾਂ ਜਵਾਬ ਹੈ: ਆਡੀਓ ਕਲੋਨਿੰਗ ਤਕਨੀਕ, ਜਿਸ ਵਿਚ ਕਿਸੇ ਵਿਅਕਤੀ ਦੀ ਆਵਾਜ਼ ਨੂੰ ਨਕਲੀ ਤੌਰ ’ਤੇ ਕਾਪੀ ਕਰ ਲਿਆ ਜਾਂਦਾ ਹੈ। ਅਜਿਹਾ ਕਰਨ ਲਈ ਮਸਨੂਈ ਬੁੱਧੀ (ਏ.ਆਈ.) ਤੇ ਮਸ਼ੀਨ ਲਰਨਿੰਗ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਸਭ ਲਈ ਪਹਿਲਾਂ ਉਕਤ ਵਿਅਕਤੀ ਦੀ ਆਵਾਜ਼ ਦੇ ਨਮੂਨੇ ਲੈ ਕੇ ਫਿਰ ਮਸਨੂਈ ਬੁੱਧੀ ਤੇ ਮਸ਼ੀਨ ਲਰਨਿੰਗ ਮਾਡਲਜ਼ ਟੂਲਜ਼ ਦੀ ਸਹਾਇਤਾ ਨਾਲ ਉਸ ਵਿਅਕਤੀ ਦੇ ਬੋਲਣ ਦੀ ਸ਼ੈਲੀ, ਲਹਿਜ਼ੇ ਤੇ ਸੁਰ ਅਨੁਸਾਰ ਇਕ ਮਾਡਲ ਤਿਆਰ ਕੀਤਾ ਜਾਂਦਾ ਹੈ। ਇਕ ਵਾਰ ਜਦੋਂ ਮਾਡਲ ਤਿਆਰ ਹੋ ਜਾਂਦਾ ਹੈ ਤਾਂ ਇਸ ਵਿਚ ਕੋਈ ਵੀ ਨਵਾਂ ਟੈਕਸਟ ਦਰਜ ਕਰਕੇ ਆਵਾਜ਼ ਤਿਆਰ ਕੀਤੀ ਜਾਂਦੀ ਹੈ, ਜੋ ਉਸ ਵਿਅਕਤੀ ਦੀ ਆਵਾਜ਼ ਵਾਂਗ ਸਪੱਸ਼ਟ, ਜਾਣੀ-ਪਛਾਣੀ ਤੇ ਅਧਿਕਾਰਤ ਲੱਗਦੀ ਹੈ। ਇਸ ਤਕਨੀਕ ਦੀ ਵਰਤੋਂ ਵਾਇਸ ਅਸਿਸਟੈਂਟ, ਫਿਲਮ ਡਬਿੰਗ, ਗੇਮਿੰਗ ਤੇ ਮਮਿਕਰੀ ਲਈ ਕੀਤੀ ਜਾਂਦੀ ਹੈ। ਡੀਪਫੇਕ ਦੁਆਰਾ ਤਿਆਰ ਕੀਤੀਆਂ ਗਈਆਂ ਇਹ ਆਵਾਜ਼ਾਂ ਤੇ ਵੀਡੀਓ ਹੁਣ ਇੰਨੇ ਯਥਾਰਥਵਾਦੀ ਲੱਗਦੇ ਹਨ ਕਿ ਮਾਹਿਰਾਂ ਨੂੰ ਵੀ ਉਨ੍ਹਾਂ ਦਾ ਪਤਾ ਲਗਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਧੋਖੇਬਾਜ਼ ਸੰਭਾਵਿਤ ਤੌਰ ’ਤੇ ਅਧਿਕਾਰੀਆਂ ਤੇ ਕਾਰਜਕਾਰੀਆਂ ਦੇ ਜਨਤਕ ਤੌਰ ’ਤੇ ਉਪਲਬਧ ਭਾਸ਼ਨਾਂ, ਇੰਟਰਵਿਊਆਂ ਤੇ ਰਿਕਾਰਡਿੰਗਾਂ ਦੀ ਵਰਤੋਂ ਕਰਕੇ ਆਪਣੇ ਏ.ਆਈ. ਮਾਡਲਾਂ ਨੂੰ ਸਿਖਲਾਈ ਦਿੰਦੇ ਹਨ।

ਇਸੇ ਸੰਦਰਭ ਵਿਚ ਕੰਪਿਊਟਰ ਸੁਰੱਖਿਆ ’ਤੇ ਕੰਮ ਕਰਨ ਵਾਲੀ ਕੰਪਨੀ ‘ਮੈਕੈਫੀ’ ਨੇ ਹਾਲ ਹੀ ਵਿਚ ਭਾਰਤ ਵਿਚ ਆਡੀਓ ਕਲੋਨਿੰਗ ’ਤੇ ਇਕ ਖੋਜ ਕੀਤੀ ਹੈ। ਇਕ ਬਹੁ-ਰਾਸ਼ਟਰੀ ਕੰਪਨੀ ਵਿਚ ਸਾਫਟਵੇਅਰ ਡਿਵੈਲਪਰ ਅਤੇ ਏ.ਆਈ. ਮਾਹਿਰ ਅਵਨੀਸ਼ ਪਾਂਡੇ ਦੱਸਦੇ ਹਨ ਕਿ ਇਸ ਰਿਪੋਰਟ ਦੇ ਅਨੁਸਾਰ 69 ਫ਼ੀਸਦੀ ਭਾਰਤੀ ਅਸਲ ਆਵਾਜ਼ ਅਤੇ ਏ.ਆਈ ਦੁਆਰਾ ਬਣਾਈ ਗਈ ਆਵਾਜ਼ ਵਿਚ ਫਰਕ ਕਰਨ ਤੋਂ ਅਸਮਰੱਥ ਹਨ। ਸਾਈਬਰ ਅਪਰਾਧੀ ਇਸ ਦਾ ਹੀ ਫਾਇਦਾ ਉਠਾ ਕੇ ਜਾਅਲੀ ਕਾਲਾਂ ਤੇ ਅਵਾਜ਼ ਸੁਨੇਹਿਆਂ ਰਾਹੀਂ ਆਮ ਲੋਕਾਂ ਨਾਲ ਧੜੱਲੇ ਨਾਲ ਧੋਖਾਧੜੀਆਂ ਕਰਦੇ ਹਨ। ਇਸੇ ਰਿਪੋਰਟ ਅਨੁਸਾਰ 47 ਫ਼ੀਸਦੀ ਭਾਰਤੀ ਜਾਂ ਤਾਂ ਖੁਦ ‘ਵਾਇਸ ਕਲੋਨਿੰਗ’ ਧੋਖਾਧੜੀ ਦਾ ਸ਼ਿਕਾਰ ਹੋਏ ਹਨ ਜਾਂ ਉਨ੍ਹਾਂ ਦੇ ਜਾਣਕਾਰ ਵਿਅਕਤੀ ਇਸ ਧੋਖਾਧੜੀ ਦਾ ਸ਼ਿਕਾਰ ਹੋਏ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਲੋਕ ਇਸ ਬਾਰੇ ਜਾਣੂ ਨਹੀਂ ਹਨ, ਉਨ੍ਹਾਂ ਨੂੰ ਸਾਈਬਰ ਸੁਰੱਖਿਆ ਦੇ ਨਾਲ-ਨਾਲ ਏ.ਆਈ. ਬਾਰੇ ਵੀ ਜਾਗਰੂਕ ਕਰਨ ਦੀ ਲੋੜ ਹੈ।

ਪਿਛਲੇ ਦਿਨੀਂ ਦਿੱਲੀ ਵਿਖੇ ਹੋਈ ਇਕ ਆਵਾਜ਼ ਕਲੋਨਿੰਗ ਧੋਖਾਧੜੀ ਤੁਹਾਡੇ ਨਾਲ ਸਾਂਝੀ ਕਰਦਾ ਹਾਂ, ਮੀਡੀਆ ਰਿਪੋਰਟ ਦੇ ਅਨੁਸਾਰ ਕਿਸੇ ਵਿਅਕਤੀ ਵਿਸ਼ੇਸ਼ ਨੂੰ ਇਕ ਅਣਜਾਣ ਨੰਬਰ ਤੋਂ ਇਕ ਵੱਟਸਐਪ ਸੁਨੇਹਾ ਮਿਲਿਆ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਉਸ ਦੇ ਚਚੇਰੇ ਭਰਾ ਦੇ ਪੁੱਤਰ ਨੂੰ ਅਗਵਾ ਕਰ ਲਿਆ ਗਿਆ ਹੈ। ਪੀੜਤ ਨੂੰ ਯਕੀਨ ਦਿਵਾਉਣ ਲਈ ਅਪਰਾਧੀਆਂ ਨੇ ਬੱਚੇ ਦੀ ਇਕ ਵਾਇਸ ਰਿਕਾਰਡਿੰਗ ਚਲਾਈ, ਜੋ ਵਾਇਸ ਕਲੋਨਿੰਗ ਤਕਨਾਲੋਜੀ ਦੀ ਵਰਤੋਂ ਕਰ ਕੇ ਬਣਾਈ ਗਈ ਸੀ ਤੇ ਬੱਚੇ ਨੇ ਮਦਦ ਲਈ ਬੇਨਤੀ ਕੀਤੀ ਸੀ। ਉਹ ਆਵਾਜ਼ ਸੁਣਨ ਤੋਂ ਬਾਅਦ ਘਬਰਾਏ ਹੋਏ ਆਦਮੀ ਨੇ ਗੁਮਰਾਹ ਹੋ ਕੇ ਘੁਟਾਲੇਬਾਜ਼ਾਂ ਦੀ ਮੰਗ ਨੂੰ ਤੁਰੰਤ ਪੂਰਾ ਕਰਦਿਆਂ ਪੇਟੀਐਮ ਰਾਹੀਂ 50,000 ਰੁਪਏ ਟਰਾਂਸਫਰ ਕਰ ਦਿੱਤੇ।

ਹੁਣ ਤੁਹਾਡੇ ਮਨ ਵਿਚ ਸਵਾਲ ਆਇਆ ਹੋਵੇਗਾ ਕਿ ਸਾਡੀਆਂ ਅਵਾਜ਼ਾਂ ਦੇ ਨਮੂਨੇ ਅਪਰਾਧੀ ਕਿੱਥੋਂ ਪ੍ਰਾਪਤ ਕਰਦੇ ਹਨ? ਜਵਾਬ ਇਹ ਹੈ ਕਿ ਮੌਜੂਦਾ ਡਿਜੀਟਲ ਦੁਨੀਆ ਵਿਚ ਸਾਡੀ ਆਵਾਜ਼ ਦਾ ਨਮੂਨਾ ਲੈਣਾ ਸਾਈਬਰ ਠੱਗਾਂ ਲਈ ਕੋਈ ਬਹੁਤਾ ਔਖਾ ਕੰਮ ਨਹੀਂ ਹੈ, ਜਿਵੇਂ ਅਸੀਂ ਸੋਚਦੇ ਹਾਂ। ਦਰਅਸਲ ਅੱਜਕੱਲ੍ਹ ਸੋਸ਼ਲ ਮੀਡੀਆ ਦੇ ਯੁੱਗ ਵਿਚ ਤਕਰੀਬਨ ਹਰ ਕੋਈ ਆਪਣੀਆਂ ਆਵਾਜ਼ਾਂ ਦੀਆਂ ਰਿਕਾਰਡਿੰਗਜ਼ ਸੋਸ਼ਲ ਮੀਡੀਆ ਮੰਚਾਂ ’ਤੇ ਅਪਲੋਡ ਕਰ ਰਿਹਾ ਹੈ। ਇਹ ਆਡੀਓ-ਵੀਡੀਓ ਫਾਈਲਾਂ ਸਾਈਬਰ ਅਪਰਾਧੀਆਂ ਲਈ ਇਕ ਆਸਾਨ ਸਰੋਤ ਹਨ। ਉਨ੍ਹਾਂ ਕੋਲ ਤਕਨਾਲੋਜੀ ਤੇ ਔਜ਼ਾਰ ਹਨ, ਜਿਨ੍ਹਾਂ ਦੀ ਮਦਦ ਨਾਲ ਉਹ ਇਨ੍ਹਾਂ ਜਨਤਕ ਤੌਰ ’ਤੇ ਉਪਲਬਧ ਆਡੀਓਜ਼ ਤੋਂ ਸਾਡੀ ਆਵਾਜ਼ ਦੇ ਨਮੂਨੇ ਬਣਾ ਸਕਦੇ ਹਨ। ਇੰਟਰਨੈੱਟ ’ਤੇ ਅਜਿਹੇ ਟੂਲ ਉਪਲਬਧ ਹਨ, ਜਿਥੇ ਆਡੀਓ ਕਲੋਨਿੰਗ ਲਈ ਸਿਰਫ਼ 3 ਤੋਂ 5 ਸਕਿੰਟ ਦੀ ਸਾਫ਼ ਆਵਾਜ਼ ਦੇ ਨਮੂਨੇ ਨਾਲ ਹੀ ਅਸਲ ਆਵਾਜ਼ ਨਾਲ 85 ਫ਼ੀਸਦੀ ਮੇਲ ਖਾਂਦੀ ਆਵਾਜ਼ ਬਣਾਈ ਜਾ ਸਕਦੀ ਹੈ। ਇਸ ਤੋਂ ਇਲਾਵਾ ਸਾਈਬਰ ਅਪਰਾਧੀ ਫ਼ੋਨ ਕਰਕੇ ਵੀ ਆਵਾਜ਼ ਦਾ ਨਮੂਨਾ ਸੰਗ੍ਰਹਿ ਕਰ ਲੈਂਦੇ ਹਨ, ਅਜਿਹਾ ਕਰਨ ਲਈ ਉਹ ਕੁਝ ਦੇਰ ਲਈ ਤੁਹਾਡੇ ਨਾਲ ਬੇਤਰਤੀਬ ਗੱਲਾਂ ਕਰਦੇ ਹਨ ਤੇ ਫਿਰ ਕਹਿੰਦੇ ਹਨ ਕਿ ਮਾਫ਼ ਕਰਨਾ ਇਹ ਇਕ ਗਲਤ ਨੰਬਰ ਹੈ। ਇੰਨੇ ਹੀ ਸਮੇਂ ਵਿਚ ਆਵਾਜ਼ ਰਿਕਾਰਡ ਕਰਕੇ ਆਵਾਜ਼ ਦਾ ਨਮੂਨਾ ਲੈ ਲਿਆ ਜਾਂਦਾ ਹੈ। ਪਿਛਲੇ ਦਿਨੀਂ ਸੋਸ਼ਲ ਮੀਡੀਆ ’ਤੇ ਵਿਰਾਟ ਕੋਹਲੀ, ਸਚਿਨ ਤੇਂਦੁਲਕਰ, ਮੁਕੇਸ਼ ਅੰਬਾਨੀ ਵਰਗੇ ਮਸ਼ਹੂਰ ਲੋਕਾਂ ਦੀਆਂ ਆਵਾਜ਼ਾਂ ਵਿਚ ਜਾਅਲੀ ਇਸ਼ਤਿਹਾਰ ਦੀ ਵੀਡੀਓ ਵਾਇਰਲ ਹੋਈ ਸੀ, ਜਿਸ ਵਿਚ ਲੋਕਾਂ ਨੂੰ ਕਿਸੇ ਖਾਸ ਐਪ ਵਿਚ ਪੈਸੇ ਨਿਵੇਸ਼ ਕਰਨ ਲਈ ਕਿਹਾ ਗਿਆ ਸੀ, ਜਿਸ ਕਰਕੇ ਹਜ਼ਾਰਾਂ ਲੋਕ ਧੋਖਾਧੜੀ ਦਾ ਸ਼ਿਕਾਰ ਹੋ ਗਏ ਸਨ। ਜੇਕਰ ਗੱਲ ਸੰਗੀਤ ਜਗਤ ਦੀ ਕਰੀਏ ਤਾਂ ਬੇਸ਼ੱਕ ਆਡੀਓ ਕਲੋਨਿੰਗ ਸੰਗੀਤ ਉਦਯੋਗ ਲਈ ਜਿੱਥੇ ਇਕ ਨਵੀਂ ਸਵੇਰ ਬਣ ਕੇ ਆਈ ਹੈ। ਇਸ ਵਿਚ ਉਨ੍ਹਾਂ ਮਹਾਨ ਗਾਇਕਾਂ ਦੀਆਂ ਆਵਾਜ਼ਾਂ ਨੂੰ ਵਾਪਸ ਲਿਆਉਣ ਦਾ ਜਾਦੂ ਹੈ, ਜੋ ਹੁਣ ਸਾਡੇ ਵਿਚਕਾਰ ਨਹੀਂ ਹਨ। ਇਹ ਸੰਗੀਤ ਪ੍ਰੇਮੀਆਂ ਲਈ ਇਕ ਅਨਮੋਲ ਤੋਹਫ਼ਾ ਹੈ, ਪਰੰਤੂ ਇਹ ਤਿੱਖੀ ਬਹਿਸ ਦਾ ਵਿਸ਼ਾ ਵੀ ਬਣਿਆ ਹੋਇਆ ਹੈ ਅਤੇ ਇਸ ਨਾਲ ਕਾਪੀਰਾਈਟ ਉਲੰਘਣਾ ਬਾਰੇ ਵੀ ਸਵਾਲ ਖੜ੍ਹੇ ਹੋਏ ਹਨ।

ਆਓ ਜਾਣੀਏ ਕਿ ਕਿਹੜੀਆਂ ਸਾਵਧਾਨੀਆਂ ਵਰਤ ਕੇ ਵਾਇਸ ਕਲੋਨਿੰਗ ਘੁਟਾਲੇ ਤੋਂ ਬਚ ਸਕਦੇ ਹਾਂ:

**ਸ਼ੱਕੀ ਬਣੋ:** ਜੇਕਰ ਤੁਹਾਡਾ ਕੋਈ ਜਾਣਕਾਰ ਅਚਾਨਕ ਤੁਹਾਨੂੰ ਫ਼ੋਨ ਕਰਦਾ ਹੈ ਤੇ ਪੈਸੇ ਜਾਂ ਸੰਵੇਦਨਸ਼ੀਲ ਜਾਣਕਾਰੀ ਮੰਗਦਾ ਹੈ ਤਾਂ ਤੁਰੰਤ ਸ਼ੱਕੀ ਬਣੋ। ਕੁਝ ਦੇਰ ਲਈ ਸੋਚੋ ਕਿ ਅਜਿਹਾ ਕੀ ਹੋਇਆ ਕਿ, ਉਸ ਨੂੰ ਇਕ ਨਵੇਂ ਨੰਬਰ ਤੋਂ ਫ਼ੋਨ ਕਰਨਾ ਪਿਆ?

**ਜੇਕਰ ਤੁਹਾਨੂੰ ਕੋਈ ਸ਼ੱਕ ਪਵੇ ਤਾਂ ਅਸਲੀਅਤ ਦੀ ਜਾਂਚ ਕਰੋ:** ਜੇਕਰ ਕੋਈ ਜਾਣੀ-ਪਛਾਣੀ ਆਵਾਜ਼ ਵਿਚ ਪੈਸੇ ਜਾਂ ਮਦਦ ਮੰਗ ਰਿਹਾ ਹੈ ਤਾਂ ਕਾਲ ਕੱਟ ਦਿਓ। ਆਪਣੇ ਜਾਣ-ਪਛਾਣ ਵਾਲੇ ਨੂੰ ਉਸ ਦੇ ਅਸਲ ਨੰਬਰ ’ਤੇ ਕਾਲ ਕਰਨ ਦੀ ਕੋਸ਼ਿਸ਼ ਕਰੋ ਤੇ ਉਸ ਨਾਲ ਗੱਲ ਕਰੋ। ਜੇਕਰ ਫ਼ੋਨ ਕੁਨੈਕਟ ਨਹੀਂ ਹੈ ਤਾਂ ਸੋਸ਼ਲ ਮੀਡੀਆ ਕਾਲਿੰਗ ਐਪ ਰਾਹੀਂ ਗੱਲ ਕਰਨ ਦੀ ਕੋਸ਼ਿਸ਼ ਕਰੋ। ਜੇ ਉਹ ਫ਼ੋਨ ਨਹੀਂ ਚੁੱਕਦਾ ਤਾਂ ਇਕ ਸੁਨੇਹਾ ਛੱਡੋ, ਜਲਦਬਾਜ਼ੀ ਨਾ ਕਰੋ।

**ਨਿਵੇਸ਼ ਕਰਨ ਵੇਲੇ ਜਾਂਚ ਕਰੋ:** ਜਦੋਂ ਅਸੀਂ ਸੋਸ਼ਲ ਮੀਡੀਆ ’ਤੇ ਕਿਸੇ ਪ੍ਰਭਾਵਸ਼ਾਲੀ ਵਿਅਕਤੀ ਨੂੰ ਸਲਾਹ ਦਿੰਦਿਆਂ ਦੇਖਦੇ ਹਾਂ, ਤਾਂ ਅਸੀਂ ਤੁਰੰਤ ਇਸ ’ਤੇ ਵਿਸ਼ਵਾਸ ਕਰ ਲੈਂਦੇ ਹਾਂ। ਫਿਰ ਬਿਨਾਂ ਕਿਸੇ ਜਾਂਚ ਦੇ ਤੁਸੀਂ ਆਪਣਾ ਪੈਸਾ ਉਸ ਜਗ੍ਹਾ ’ਤੇ ਨਿਵੇਸ਼ ਕਰਦੇ ਹੋ ਤੇ ਧੋਖੇ ਦਾ ਸ਼ਿਕਾਰ ਹੋ ਜਾਂਦੇ ਹੋ। ਪੂਰੀ ਜਾਂਚ ਪੜਤਾਲ ਕਰਕੇ ਹੀ ਫ਼ੈਸਲਾ ਲਓ।

**ਕਾਲਰ ਆਈ.ਡੀ. ਫੀਚਰ ਦੀ ਵਰਤੋਂ ਕਰੋ:** ਆਪਣੇ ਸਮਾਰਟਫੋਨ ਵਿਚ ਕਾਲਰ ਆਈ.ਡੀ. ਫੀਚਰ (ਜਿਵੇਂ ਕਿ ਟਰੂਕਾਲਰ ਆਦਿ) ਨੂੰ ਹਮੇਸ਼ਾ ਐਕਟਿਵ ਰੱਖੋ। ਇਹ ਦੱਸੇਗਾ ਕਿ ਕਾਲ ਕਿਸ ਨੇ ਕੀਤੀ ਸੀ। ਇਹ ਵੀ ਪਤਾ ਲੱਗੇਗਾ ਕਿ ਕਾਲ ਘੁਟਾਲਾ ਹੈ ਜਾਂ ਟੈਲੀਮਾਰਕੀਟਿੰਗ ਨਾਲ ਸੰਬੰਧਿਤ ਹੈ।

**ਨਿੱਜੀ ਸਵਾਲ ਪੁੱਛੋ:** ਘੁਟਾਲੇਬਾਜ਼ਾਂ ਦੀ ਪਛਾਣ ਕਰਨ ਲਈ ਉਨ੍ਹਾਂ ਨੂੰ ਕੁਝ ਨਿੱਜੀ ਸਵਾਲ ਪੁੱਛੋ, ਜਿਨ੍ਹਾਂ ਦੇ ਜਵਾਬ ਸਿਰਫ਼ ਉਹੀ ਵਿਅਕਤੀ ਦੇ ਸਕਦਾ ਹੈ ਜੋ ਤੁਸੀਂ ਹੀ ਜਾਣਦੇ ਹੋਵੋਗੇ। ਉਦਾਹਰਨ ਲਈ ਜੇਕਰ ਕੋਈ ਤੁਹਾਨੂੰ ਤੁਹਾਡਾ ਰਿਸ਼ਤੇਦਾਰ ਹੋਣ ਦਾ ਦਿਖਾਵਾ ਕਰਕੇ ਫ਼ੋਨ ਕਰ ਰਿਹਾ ਹੈ ਤਾਂ ਤੁਸੀਂ ਉਸ ਨੂੰ ਇਹ ਸਵਾਲ ਪੁੱਛ ਸਕਦੇ ਹੋ:

ਤੁਸੀਂ ਆਖਰੀ ਵਾਰ ਮੈਨੂੰ ਕਦੋਂ ਮਿਲੇ ਸੀ?

ਤੁਸੀਂ ਮੇਰੇ ਪਰਿਵਾਰ ਵਿਚ ਕਿੰਨੇ ਲੋਕਾਂ ਨੂੰ ਜਾਣਦੇ ਹੋ?

ਕੀ ਤੁਸੀਂ ਆਪਣੇ ਮਾਤਾ-ਪਿਤਾ ਜੀ ਦਾ ਨਾਂਅ ਦੱਸ ਸਕਦੇ ਹੋ? ਆਦਿ।

**ਪਰਿਵਾਰਕ ਕੋਡ:** ਸਾਈਬਰ ਅਪਰਾਧੀ ਪਰਿਵਾਰ ਦੇ ਕਿਸੇ ਵੀ ਮੈਂਬਰ ਦਾ ਨਾਂਅ ਵਰਤ ਕੇ ਤੁਹਾਨੂੰ ਗੁੰਮਰਾਹ ਕਰ ਸਕਦਾ ਹੈ, ਇਸ ਦੇ ਲਈ ਤੁਸੀਂ ਆਪਣੇ ਪਰਿਵਾਰ ਲਈ ਇਕ ਪਰਿਵਾਰਕ ਕੋਡ ਰੱਖ ਸਕਦੇ ਹੋ, ਜੋ ਸਿਰਫ਼ ਪਰਿਵਾਰਕ ਮੈਂਬਰਾਂ ਨੂੰ ਹੀ ਪਤਾ ਹੋਵੇ। ਫ਼ੋਨ ਕਰਨ ਵਾਲੇ ਨੂੰ ਪੁੱਛੋ ਕਿ ਸਾਡਾ ਪਰਿਵਾਰਕ ਕੋਡ ਕੀ ਹੈ?

**ਸਭ ਤੋਂ ਅਹਿਮ ਤੇ ਮਹੱਤਵਪੂਰਨ ਆਨਲਾਈਨ ਸਪੇਸ ਵਿਚ ਇਕ ਸ਼ਕਤੀਸ਼ਾਲੀ ਸੂਤਰ ਯਾਦ ਰੱਖੋ:** ‘ਰੁਕੋ, ਸੋਚੋ ਤੇ ਫਿਰ ਕਾਰਵਾਈ ਕਰੋ।’ ਭਾਵ ਕਿ ਅਜਿਹੀਆਂ ਸਥਿਤੀਆਂ ਵਿਚ ਘਬਰਾ ਕੇ ਅਤੇ ਜਲਦਬਾਜ਼ੀ ਵਿਚ ਕੋਈ ਵੀ ਫ਼ੈਸਲਾ ਨਾ ਲਓ, ਸਮਾਂ ਲੈ ਕੇ ਜਾਂਚ-ਪੜਤਾਲ ਤੋਂ ਬਾਅਦ ਹੀ ਕੋਈ ਕਦਮ ਉਠਾਓ।

**ਸ਼ਿਕਾਇਤ ਦਰਜ ਕਰੋ:** ਜੇਕਰ ਤੁਹਾਨੂੰ ਲੱਗਦਾ ਹੈ ਕਿ ਕੋਈ ਤੁਹਾਨੂੰ ਸਾਈਬਰ ਧੋਖਾਧੜੀ ਦਾ ਸ਼ਿਕਾਰ ਬਣਾਉਣ ਲਈ ਕਾਲ ਕਰ ਰਿਹਾ ਹੈ ਜਾਂ ਫਿਰ ਤੁਸੀਂ ਇਸ ਤਰ੍ਹਾਂ ਦੇ ਘੁਟਾਲੇ ਦਾ ਸ਼ਿਕਾਰ ਹੋ ਗਏ ਹੋ ਤਾਂ ਤੁਰੰਤ ਸਾਈਬਰ ਹੈਲਪਲਾਈਨ ਨੰਬਰ 1930 ’ਤੇ ਕਾਲ ਕਰੋ ਜਾਂ ਸਥਾਨਕ ਸਾਈਬਰ ਪੁਲਿਸ ਸਟੇਸ਼ਨ ਵਿਚ ਸ਼ਿਕਾਇਤ ਦਰਜ ਕਰਵਾਉ। ਤੁਸੀਂ ਇਸ ਦੀ ਆਨਲਾਈਨ ਸ਼ਿਕਾਇਤ ਭਾਰਤ ਸਰਕਾਰ ਵਲੋਂ ਸਾਈਬਰ ਅਪਰਾਧ ਲਈ ਸਥਾਪਿਤ ਕੀਤੇ ਵਿਭਾਗ ਦੀ ਵੈਬਸਾਈਟ ‘ਸਾਈਬਰ ਕ੍ਰਾਈਮ.ਗੋਵ. ਇਨ’ ’ਤੇ ਵੀ ਕਰ ਸਕਦੇ ਹੋ। ਮਾਮਲਾ ਆਡੀਓ ਕਲੋਨਿੰਗ ਜਾਂ ਡਿਜੀਟਲ ਧੋਖਾਧੜੀ ਦਾ ਹੋਵੇ, ਜਾਗਰੂਕਤਾ ਬਹੁਤ ਜ਼ਰੂਰੀ ਹੈ। ਅਜਿਹੀਆਂ ਧੋਖਾਧੜੀਆਂ ਤੋਂ ਬਚਣ ਲਈ ਡਿਜੀਟਲ ਇੰਟੈਲੀਜੈਂਸ ਦੀ ਲੋੜ ਹੈ। ਇਸ ਵਿਸ਼ੇ ਉੱਪਰ ਪਹਿਲ ਦੇ ਆਧਾਰ ’ਤੇ ਸਕੂਲ/ਕਾਲਜ ਦੇ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਮੌਜੂਦਾ ਸਮੇਂ ਦੀ ਮੁੱਖ ਲੋੜ ਹੈ। ਸਾਈਬਰ ਸੁਰੱਖਿਆ ਦਾ ਭਵਿੱਖ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਅਸੀਂ ਅੱਜ ਕਿੰਨੇ ਜਾਗਰੂਕ ਹੋ ਕੇ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰੀ ਕਰਦੇ ਹਾਂ।




# ਪ੍ਰਸ਼ਾਂਤੀ ਨਿਲਾਇਮ ਵਿਖੇ ਸ੍ਰੀ ਸੱਤਿਆ ਸਾਈਂ ਬਾਬਾ ਦੇ ਸ਼ਤਾਬਦੀ ਸਮਾਗਮ ਦੌਰਾਨ ਹੋਇਆ ਇਕੱਠ



ਪੁੱਟਾਪਰਥੀ : ਸ਼ਨੀਵਾਰ ਨੂੰ ਪੁੱਟਪਰਥੀ ਦੇ ਪ੍ਰਸ਼ਾਂਤੀ ਨਿਲਯਮ ਵਿਖੇ ਸ੍ਰੀ ਸੱਤਿਆ ਸਾਈਂ ਬਾਬਾ ਦੇ ਸ਼ਤਾਬਦੀ ਸਮਾਗਮਾਂ ਦੌਰਾਨ ਹੋਏ ਇਕੱਠ ਦੀ ਇੱਕ ਝਲਕ।




ਨਵੀਂ ਦਿੱਲੀ : ਕੁੱਤੇ ਪ੍ਰੇਮੀਆਂ ਨੇ ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਆਵਾਰਾ ਕੁੱਤਿਆਂ ਬਾਰੇ ਸੁਪਰੀਮ ਕੋਰਟ ਦੇ ਹਾਲੀਆ ਹੁਕਮਾਂ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਕੀਤਾ।


ਕੌਟਿਲਿਆ ਦਾ ਅਰਥਸ਼ਾਸਤਰ 'ਥਰਡ ਪਰਸਨ' ਵਿੱਚ, 'ਥਰਡ ਪਰਸਨ' ਦੁਆਰਾ ਅਤੇ 'ਥਰਡ ਪਰਸਨ' ਲਈ ਲਿਖੀ ਗਈ ਕਿਤਾਬ ਹੈ

ਕੌਟਿਲਿਆ ਅਤੇ ਮਨੂ ਵਿੱਚ ਕੋਈ ਫ਼ਰਕ ਨਹੀਂ ਹੈ। ਦੋਵੇਂ ਵਰਣ ਵਿਵਸਥਾ ਦੇ ਹਾਮੀ (ਮੰਨਣ ਵਾਲੇ) ਹਨ। ਜਦੋਂ ਮੌਰੀਆ ਕਾਲ ਵਿੱਚ ਵਰਣ ਵਿਵਸਥਾ ਨਹੀਂ ਸੀ, ਤਾਂ ਕੌਟਿਲਿਆ ਕਿਹੜੀ ਵਿਵਸਥਾ ਨੂੰ ਮੰਨਦਾ ਸੀ ? ਦੂਜੀ ਗੱਲ, ਕੌਟਿਲਿਆ ਨੇ ਉਹੀ ਲਿਖਿਆ ਜੋ ਮਨੂ ਪਹਿਲਾਂ ਲਿਖ ਚੁੱਕੇ ਸਨ।

ਕੌਟਿਲਿਆ ਨੇ ਲਿਖਿਆ ਹੈ ਕਿ ਜੀਵਨ ਨਿਰਬਾਹ (ਗੁਜ਼ਾਰੇ) ਲਈ ਬ੍ਰਾਹਮਣਾਂ ਨੂੰ ਦਾਨ ਲੈਣਾ ਅਤੇ ਯੱਗ ਕਰਵਾਉਣਾ ਚਾਹੀਦਾ ਹੈ। ਖੱਤਰੀਆਂ ਨੂੰ ਰੱਖਿਆ ਅਤੇ ਸ਼ਸਤਰਾਂ ਦੀ ਵਰਤੋਂ, ਵੈਸ਼ਾਂ ਨੂੰ ਵਪਾਰ ਅਤੇ ਸ਼ੂਦਰਾਂ ਲਈ ਦਵਿਜਾਂ (ਉੱਚ ਜਾਤੀਆਂ) ਦੀ ਸੇਵਾ ਆਦਿ ਵਰਗੇ ਫਰਜ਼ ਦੱਸੇ ਹਨ।

ਮਨੂ ਨੇ ਆਪਣੀ ਕਿਤਾਬ ਦਾ ਨਾਮ ਮਨੂਸਮ੍ਰਿਤੀ ਦੇ ਕੇ ਪੁਰਾਤਨ ਹੋਣ ਦਾ ਭਰਮ ਪੈਦਾ ਕਰ ਦਿੱਤਾ ਹੈ, ਪਰ ਕੌਟਿਲਿਆ ਨੇ ਪੁਰਾਤਨ ਦੇ ਚੱਕਰ ਵਿੱਚ ਆਪਣੀ ਕਿਤਾਬ ਦਾ ਨਾਮ ਗੜਬੜ ਕਰ ਦਿੱਤਾ। ਅਸਲ ਵਿੱਚ ਜਿਸ ਭਾਸ਼ਾ ਵਿੱਚ ਕੌਟਿਲਿਆ ਨੇ ਅਰਥਸ਼ਾਸਤਰ ਲਿਖੀ ਹੈ, ਉਸੇ ਸੰਸਕ੍ਰਿਤ ਵਿੱਚ 'ਅਰਥ' ਦੇ 14 ਅਰਥਾਂ ਵਿੱਚੋਂ ਕੋਈ ਵੀ ਅਰਥ 'ਰਾਜਨੀਤੀ' ਨਹੀਂ ਬਣਦਾ। ਜਦਕਿ ਅਰਥਸ਼ਾਸਤਰ ਰਾਜਨੀਤੀ ਦੀ ਕਿਤਾਬ ਹੈ। -Shri Kranti Kumar

# ਫਰੀਦਾਬਾਦ ਦੀ ਅਲ-ਫਲਾਹ ਯੂਨੀਵਰਸਿਟੀ 'ਚ ਮਾਪਿਆਂ ਦਾ ਇਕੱਠ; ਬੱਚਿਆਂ ਦੇ ਭਵਿੱਖ ਨੂੰ ਲੈ ਕੇ ਪ੍ਰਗਟਾਈ ਚਿੰਤਾ

ਫਰੀਦਾਬਾਦ : ਬੀਤੇ ਦਿਨ ਫਰੀਦਾਬਾਦ ਸਥਿਤ ਅਲ-ਫਲਾਹ ਯੂਨੀਵਰਸਿਟੀ (Al-Falah University) ਵਿੱਚ ਉਸ ਸਮੇਂ ਹਲਚਲ ਮਚ ਗਈ ਜਦੋਂ ਕਈ ਵਿਦਿਆਰਥੀਆਂ ਦੇ ਮਾਪੇ ਇਕੱਠੇ ਹੋ ਕੇ ਕੈਂਪਸ ਪਹੁੰਚੇ। ਮਾਪਿਆਂ ਨੇ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਉਪ-ਕੁਲਪਤੀ (Vice-Chancellor) ਨੂੰ ਮਿਲ ਕੇ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਸਪੱਸ਼ਟੀਕਰਨ ਮੰਗਿਆ।

**ਮਾਪਿਆਂ ਦੀ ਚਿੰਤਾ:** ਦਿੱਲੀ ਬੰਬ ਧਮਾਕਿਆਂ ਦੀ ਜਾਂਚ ਦੌਰਾਨ ਇਸ ਯੂਨੀਵਰਸਿਟੀ ਦਾ ਨਾਮ ਸਾਹਮਣੇ ਆਉਣ ਅਤੇ ਚੇਅਰਮੈਨ ਦੀ ਗ੍ਰਿਫਤਾਰੀ ਤੋਂ ਬਾਅਦ ਮਾਪੇ ਬੇਹੱਦ ਪਰੇਸ਼ਾਨ ਹਨ। ਉਹ ਡਰ ਰਹੇ ਹਨ ਕਿ ਕਿਤੇ ਯੂਨੀਵਰਸਿਟੀ ਬੰਦ ਨਾ ਹੋ ਜਾਵੇ ਜਾਂ ਉਨ੍ਹਾਂ ਦੇ ਬੱਚਿਆਂ ਦੀਆਂ ਡਿਗਰੀਆਂ ਰੱਦ ਨਾ ਹੋ ਜਾਣ।

**ਮੀਡੀਆ ਨਾਲ ਗੱਲਬਾਤ:** ਮੀਡੀਆ ਨਾਲ ਗੱਲ ਕਰਦਿਆਂ ਇੱਕ ਮਾਪੇ ਨੇ ਕਿਹਾ, 'ਅਸੀਂ ਇੱਥੇ ਸਿਰਫ਼ ਇਹ ਜਾਨਣ ਆਏ ਹਾਂ ਕਿ ਸਾਡੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਹੈ ਜਾਂ ਨਹੀਂ। ਅਸੀਂ ਲੱਖਾਂ ਰੁਪਏ ਫੀਸ ਭਰੀ ਹੈ ਅਤੇ ਹੁਣ ਜੋ ਖ਼ਬਰਾਂ ਆ ਰਹੀਆਂ ਹਨ, ਉਹ ਡਰਾਉਣੀਆਂ ਹਨ।'

**ਮੈਮੋਰੰਡਮ ਸੌਂਪਿਆ:** ਮਾਪਿਆਂ ਦੇ ਇੱਕ ਵਫ਼ਦ ਨੇ ਯੂਨੀਵਰਸਿਟੀ ਦੇ ਵੀ.ਸੀ. (V-C) ਨੂੰ ਇੱਕ ਪੱਤਰ ਸੌਂਪਿਆ ਹੈ। ਇਸ ਵਿੱਚ ਉਨ੍ਹਾਂ ਨੇ ਨੈਸ਼ਨਲ ਮੈਡੀਕਲ ਕਮਿਸ਼ਨ (NMC) ਵੱਲੋਂ ਮਾਨਤਾ ਰੱਦ ਕੀਤੇ ਜਾਣ ਦੇ ਡਰ ਅਤੇ ਯੂਨੀਵਰਸਿਟੀ ਦੀ ਕਾਨੂੰਨੀ ਸਥਿਤੀ ਬਾਰੇ ਸਵਾਲ ਪੁੱਛੇ ਹਨ।




**ਪ੍ਰਸ਼ਾਸਨ ਦਾ ਭਰੋਸਾ:** ਮਾਪਿਆਂ ਦੇ ਵਿਰੋਧ ਤੋਂ ਬਾਅਦ, ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਨੇ ਭਰੋਸਾ ਦਿੱਤਾ ਕਿ ਯੂਨੀਵਰਸਿਟੀ ਬੰਦ ਨਹੀਂ ਹੋਵੇਗੀ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ।

**ਪਿਛੋਕੜ (Context):** ਜ਼ਿਕਰਯੋਗ ਹੈ ਕਿ ਹਾਲ ਹੀ ਵਿੱਚ ਦਿੱਲੀ ਬੰਬ ਧਮਾਕਿਆਂ ਦੇ ਮਾਮਲੇ ਵਿੱਚ ਅਲ-ਫਲਾਹ ਯੂਨੀਵਰਸਿਟੀ ਦੇ ਕੁਝ ਸਾਬਕਾ ਵਿਦਿਆਰਥੀਆਂ ਅਤੇ ਸਟਾਫ ਦੇ ਤਾਰ ਜੁੜਨ ਦੀ ਗੱਲ ਸਾਹਮਣੇ ਆਈ ਸੀ। ਇਸ ਤੋਂ ਇਲਾਵਾ, ਈ.ਡੀ. (Enforcement Directorate) ਵੱਲੋਂ ਮਨੀ ਲਾਂਡਰਿੰਗ ਮਾਮਲੇ ਵਿੱਚ ਯੂਨੀਵਰਸਿਟੀ ਦੇ ਬਾਨੀ (Founder) ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਕਾਰਨ ਸੰਸਥਾ ਸੰਕਟ ਵਿੱਚ ਘਿਰ ਗਈ ਹੈ।




ਚੀਫ਼ ਮਾਰਸ਼ਲ ਏਪੀ ਸਿੰਘ, ਬੰਗਲੁਰੂ ਵਿੱਚ ਇੰਡੀਅਨ ਸੋਸਾਇਟੀ ਆਫ਼ ਏਰੋਸਪੇਸ ਮੈਡੀਸਨ ਦੇ 64ਵੇਂ ਸਾਲਾਨਾ ਸੰਮੇਲਨ ਦੇ ਉਦਘਾਟਨ ਦੌਰਾਨ

# 11ਵੀਂ ਭਾਰਤ-ਸ਼੍ਰੀਲੰਕਾ ਫੌਜ ਸਟਾਫ ਗੱਲਬਾਤ ਬੋਧਗਯਾ ਵਿੱਚ ਹੋਈ ਸਮਾਪਤ







ਗਯਾ ਜੀ : 11ਵੀਂ ਭਾਰਤ-ਸ਼੍ਰੀਲੰਕਾ ਫੌਜ-ਤੋਂ ਫੌਜ ਸਟਾਫ ਗੱਲਬਾਤ, ਬੋਧਗਯਾ ਵਿੱਚ 18 ਤੋਂ 20 ਨਵੰਬਰ 2025 ਤੱਕ ਗਯਾ ਜੀ ਵਿੱਚ ਆਯੋਜਿਤ ਕੀਤੀ ਗਈ ਸੀ।

# ਪੰਜਾਬੀ ਪੁੱਤਰ ਧਰਮਿੰਦਰ ਦਾ ਵਿਛੋੜਾ

ਪੰਜਾਬ ਦੀ ਜ਼ਰਖ਼ੇਜ਼ ਜ਼ਮੀਨ ਨੇ ਭਰਪੂਰ ਫ਼ਸਲਾਂ ਹੀ ਪੈਦਾ ਨਹੀਂ ਕੀਤੀਆਂ, ਸਗੋਂ ਹਰ ਖੇਤਰ ਵਿਚ ਸਫ਼ਲਤਾ ਨਾਲ ਵਿਚਰਨ ਵਾਲੀਆਂ ਵੱਡੀਆਂ ਸ਼ਖ਼ਸੀਅਤਾਂ ਵੀ ਪੈਦਾ ਕੀਤੀਆਂ ਹਨ। ਪੰਜਾਬ ਨੂੰ ਜਿਥੇ ਗੁਰੂਆਂ, ਪੀਰਾਂ ਤੇ ਫਕੀਰਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ, ਉਥੇ ਸੂਰਬੀਰ ਯੋਧਿਆਂ ਅਤੇ ਮਹਾਨ ਕਲਾਕਾਰਾਂ ਦੀ ਧਰਤੀ ਵਜੋਂ ਵੀ ਜਾਣਿਆ ਜਾਂਦਾ ਹੈ, ਜਿਨ੍ਹਾਂ ਬਾਰੇ ਸਮੇਂ-ਸਮੇਂ ਦੇਸ਼-ਵਿਦੇਸ਼ ਵਿਚ ਚਰਚਾ ਹੁੰਦੀ ਰਹਿੰਦੀ ਹੈ।

ਜੇਕਰ ਫਿਲਮਾਂ ਦੇ ਖੇਤਰ ਦੀ ਗੱਲ ਕਰੀਏ ਤਾਂ ਇਸ ਵਿਚ ਵੀ ਪੰਜਾਬੀਆਂ ਨੇ ਵੱਡਾ ਨਾਂਅ ਕਮਾਇਆ ਹੈ। ਪੰਜਾਬੀ ਫ਼ਿਲਮ ਸਨਅਤ ਤੋਂ ਇਲਾਵਾ ਹਿੰਦੀ ਫ਼ਿਲਮਾਂ 'ਤੇ ਆਧਾਰਿਤ ਬਾਲੀਵੁਡ ਨੂੰ ਵੀ ਪੰਜਾਬ ਨੇ ਅਨੇਕਾਂ ਵੱਡੇ ਕਲਾਕਾਰ ਦਿੱਤੇ ਹਨ। ਜਿਨ੍ਹਾਂ ਵਿਚ ਰਾਜੇਸ਼ ਖੰਨਾ, ਦੇਵ ਆਨੰਦ, ਪ੍ਰਾਣ, ਓਮ ਪੁਰੀ, ਅਮਰੀਸ਼ ਪੁਰੀ ਆਦਿ ਦੇ ਨਾਂਅ ਲਏ ਜਾ ਸਕਦੇ ਹਨ। ਇਸੇ ਕੜੀ ਵਿਚ ਫ਼ਿਲਮ ਜਗਤ ਦੇ ਵੱਡੇ ਅਭਿਨੇਤਾ ਅਤੇ ਪੰਜਾਬੀਆਂ ਦੇ ਮਹਿਬੂਬ ਕਲਾਕਾਰ ਧਰਮਿੰਦਰ ਨੂੰ ਵੀ ਗਿਣਿਆ ਜਾ ਸਕਦਾ ਹੈ, ਜੋ ਬੀਤੇ ਦਿਨ ਸਾਨੂੰ ਮੁੰਬਈ ਵਿਚ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਫ਼ਿਲਮੀ ਜੀਵਨ ਕਈ ਦਹਾਕਿਆਂ ਵਿਚ ਫੈਲਿਆ ਹੋਇਆ ਹੈ। ਫ਼ਿਲਮ ਖੇਤਰ ਵਿਚ ਉਨ੍ਹਾਂ ਨੇ ਆਪਣੀ ਅਦਾਕਾਰੀ ਨਾਲ ਲੰਮੇ ਸਮੇਂ ਤੱਕ ਆਪਣੀ ਧਾਕ ਜਮਾ ਕੇ ਰੱਖੀ ਹੈ। ਸਮੁਚੇ ਦੇਸ਼ ਦੇ ਨਾਲ-ਨਾਲ ਪੰਜਾਬੀ ਆਪਣੇ ਵਿਚੋਂ ਇਕ ਹੋਣ ਕਾਰਨ ਉਸ ਦੇ ਵਿਸ਼ੇਸ਼ ਤੌਰ 'ਤੇ ਮਾਣ ਕਰਦੇ ਰਹੇ ਹਨ। ਉਸ ਨੇ ਭਾਵੇਂ ਲੰਮੀ ਭਰਪੂਰ ਜ਼ਿੰਦਗੀ ਬਤੀਤ ਕੀਤੀ ਹੈ, ਪਰ ਫਿਰ ਵੀ ਉਸ ਦੇ ਜਾਣ ਦਾ ਸਮੂਹ ਦੇਸ਼ ਵਾਸੀਆਂ ਨੇ ਗਹਿਰਾ ਸੋਗ ਮਨਾਇਆ ਹੈ। ਪ੍ਰਧਾਨ ਮੰਤਰੀ, ਰਾਸ਼ਟਰਪਤੀ ਵੱਖ-ਵੱਖ ਸਿਆਸੀ ਆਗੂਆਂ ਅਤੇ ਫ਼ਿਲਮੀ ਹਸਤੀਆਂ ਨੇ ਉਨ੍ਹਾਂ ਨੂੰ ਆਪਣੇ ਵਲੋਂ ਸ਼ਰਧਾਂਜਲੀਆਂ ਦਿੱਤੀਆਂ ਹਨ।

ਧਰਮਿੰਦਰ ਦਾ ਜਨਮ 8 ਦਸੰਬਰ, 1935 ਨੂੰ ਲੁਧਿਆਣਾ ਜ਼ਿਲ੍ਹਾ ਦੇ ਪਿੰਡ ਨਸਰਾਲੀ ਵਿਚ ਹੋਇਆ ਸੀ। ਉਂਝ ਉਨ੍ਹਾਂ ਦਾ ਜੱਦੀ ਪਿੰਡ ਡਾਂਗੋ ਸੀ। ਆਪ ਦੇ ਬਚਪਨ ਦਾ ਵਧੇਰੇ ਸਮਾਂ ਸਾਹਨੇਵਾਲ ਵਿਚ ਬੀਤਿਆ। ਉਨ੍ਹਾਂ ਦੇ ਪਿਤਾ ਜੀ ਕੇਵਲ ਕ੍ਰਿਸ਼ਨ ਸਿੰਘ ਦਿਓਲ ਸਕੂਲ ਅਧਿਆਪਕ ਸਨ। ਕਾਫ਼ੀ ਸਮੇਂ ਤੱਕ ਉਹ ਫਗਵਾੜੇ ਦੇ ਇਕ ਸਕੂਲ ਵਿਚ ਵੀ ਪੜ੍ਹਾਉਂਦੇ ਰਹੇ। ਇਸ ਕਾਰਨ ਧਰਮਿੰਦਰ ਨੂੰ ਵੀ ਕਾਫੀ ਸਮਾਂ ਫਗਵਾੜੇ ਬਿਤਾਉਣ ਅਤੇ ਉਥੇ ਸਿੱਖਿਆ ਪ੍ਰਾਪਤ ਕਰਨ ਦਾ ਅਵਸਰ ਮਿਲਿਆ। ਉਨ੍ਹਾਂ ਦੇ ਜੀਵਨ ਦੀ ਸਫ਼ਲ ਕਹਾਣੀ ਪੰਜਾਬ ਦੇ ਨੌਜਵਾਨਾਂ ਵਿਚ ਨਵੇਂ ਸੁਫਨੇ ਜਗਾਉਣ ਅਤੇ ਜ਼ਿੰਦਗੀ ਵਿਚ ਕੁਝ ਕਰਨ ਅਤੇ ਬਣਨ ਦੀ ਚਿਣਗ ਜਗਾਉਣ ਵਿਚ ਸਹਾਈ ਹੁੰਦੀ ਰਹੀ ਹੈ। ਇਕ ਛੋਟੇ ਜਿਹੇ ਪਿੰਡ ਵਿਚੋਂ ਉੱਠ ਕੇ ਮੁੰਬਈ ਦੀ ਫ਼ਿਲਮ ਨਗਰੀ ਤੱਕ ਪਹੁੰਚਣਾ ਅਤੇ ਆਪਣੇ ਚੁਣੇ ਹੋਏ ਅਦਾਕਾਰੀ ਦੇ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਹਾਸਿਲ ਕਰਨਾ, ਬਿਨਾਂ ਸ਼ੱਕ ਉਨ੍ਹਾਂ ਦੀ ਵੱਡੀ ਅਤੇ ਅਸਾਧਾਰਨ ਪ੍ਰਤਿਭਾ ਦੀ ਲਖਾਇਕ ਰਹੀ ਹੈ।

ਉਨ੍ਹਾਂ ਦੇ ਫ਼ਿਲਮੀ ਜੀਵਨ ਦੀ ਸ਼ੁਰੂਆਤ 1960 ਵਿਚ ਫ਼ਿਲਮ 'ਦਿਲ ਭੀ ਤੇਰਾ ਹਮ ਭੀ ਤੇਰੇ' ਨਾਲ ਹੋਈ ਸੀ। 1966 ਵਿਚ ਆਈ ਉਨ੍ਹਾਂ ਦੀ ਫ਼ਿਲਮ 'ਫ਼ੂਲ ਔਰ ਪੱਥਰ' ਵਿਚ ਉਨ੍ਹਾਂ ਦੀ ਭੂਮਿਕਾ ਨੂੰ ਵੀ ਅੱਜ ਤੱਕ ਯਾਦ ਕੀਤਾ ਜਾਂਦਾ ਹੈ। 1969 ਵਿਚ ਬਣੀ 'ਸੱਤਿਆ ਕਾਮ' ਫ਼ਿਲਮ ਵਿਚ ਉਸ ਵਲੋਂ ਇਕ ਅਸੂਲ ਪ੍ਰਸਤ ਵਿਅਕਤੀ ਦੇ ਅਦਾ ਕੀਤੇ ਗਏ ਰੋਲ ਨੇ ਵੀ ਉਨ੍ਹਾਂ ਦੀ ਪ੍ਰਸਿੱਧੀ ਵਿਚ ਵਾਧਾ ਕੀਤਾ। 1975 ਵਿਚ ਬਣੀ ਫ਼ਿਲਮ ਸ਼ੋਅਲੇ ਵਿਚ ਵੀਰੂ ਦਾ ਕਿਰਦਾਰ ਅਦਾ ਕਰਨ ਕਰਕੇ ਉਨ੍ਹਾਂ ਨੂੰ ਵਿਸ਼ੇਸ਼ ਮਕਬੂਲੀਅਤ ਮਿਲੀ ਸੀ। 1975 ਵਿਚ ਹੀ ਉਨ੍ਹਾਂ ਨੇ ਚੁਪਕੇ-ਚੁਪਕੇ ਫ਼ਿਲਮ ਵਿਚ ਹਾਸਰਸ ਕਲਾਕਾਰ ਵਜੋਂ ਆਪਣੀ ਪੇਸ਼ਕਾਰੀ ਨਾਲ ਆਪਣੀ ਸ਼ਖ਼ਸੀਅਤ ਦੇ ਇਕ ਹੋਰ ਪੱਖ ਨੂੰ ਉਜਾਗਰ ਕੀਤਾ ਸੀ। ਉਨ੍ਹਾਂ ਨੇ 300 ਤੋਂ ਵੱਧ ਫ਼ਿਲਮਾਂ ਵਿਚ ਕੰਮ ਕੀਤਾ। ਕਈ ਪੰਜਾਬੀ ਫ਼ਿਲਮਾਂ ਵਿਚ ਵੀ ਉਨ੍ਹਾਂ ਨੇ ਵੱਖ-ਵੱਖ ਕਿਰਦਾਰ ਅਦਾ ਕੀਤੇ। ਉਨ੍ਹਾਂ ਦੀਆਂ ਹੋਰ ਸਫ਼ਲ ਫ਼ਿਲਮਾਂ ਵਿਚ ਅਨੁਪਮਾ (1966), ਸੀਤਾ ਔਰ ਗੀਤਾ (1972), ਯਾਦੋਂ ਕੀ ਬਾਰਾਤ (1975), ਪ੍ਰਤਿਗਿਆ (1975), ਧਰਮ ਵੀਰ (1977), ਯਮਲਾ ਪਗਲਾ ਦੀਵਾਨਾ-ਅਪਨੇ (2007-2011) ਰਾਕੀ ਔਰ ਰਾਨੀ ਕੀ ਪ੍ਰੇਮ ਕਹਾਨੀ (2023) ਆਦਿ ਸ਼ਾਮਿਲ ਹਨ। ਉਨ੍ਹਾਂ 'ਤੇ ਫ਼ਿਲਮਾਏ ਗਏ ਫ਼ਿਲਮੀ ਗਾਣੇ ਜਿਹੜੇ ਲੋਕਾਂ ਵਿਚ ਵਿਸ਼ੇਸ਼ ਤੌਰ 'ਤੇ ਮਕਬੂਲ ਹੋਏ, ਉਨ੍ਹਾਂ ਵਿਚ 'ਆਜ ਮੌਸਮ ਬੜਾ ਬੇਈਮਾਨ ਹੈ', 'ਪਲ-ਪਲ ਦਿਲ ਕੇ ਪਾਸ', ਆਪ ਕੇ ਹਸੀਨ ਮੁਖ ਪੇ', 'ਗ਼ਰ ਤੁਮ ਭੁਲਾ ਨਾ ਦੋਗੇ', 'ਮੈਂ ਜੱਟ ਯਮਲਾ ਪਗਲਾ', 'ਯੇ ਦੋਸਤੀ ਹਮ ਨਹੀਂ ਤੋੜੇਂਗੇ', 'ਕੋਈ ਹਸੀਨਾ ਜਬ ਰੂਠ ਜਾਤੀ ਹੈ', 'ਹਮ ਬੇਵਫ਼ਾ ਹਰਗਿਜ਼ ਨਾ ਥੇ', 'ਅਬ ਕੇ ਸਾਜਨ ਸਾਵਨ ਮੇਂ', 'ਜਾਨੇ ਮਨ-ਜਾਨੇ ਮਨ' ਆਦਿ ਸ਼ਾਮਿਲ ਹਨ। ਉਹ ਰੁਮਾਂਟਿਕ, ਐਕਸ਼ਨ ਭਰਪੂਰ ਤੇ ਕਾਮੇਡੀ ਆਦਿ ਸਭ ਤਰ੍ਹਾਂ ਦੀਆਂ ਫ਼ਿਲਮਾਂ ਵਿਚ ਅਦਾਕਾਰ ਵਜੋਂ ਸਫ਼ਲ ਰਹੇ। ਉਨ੍ਹਾਂ ਨੂੰ ਅਨੇਕਾਂ ਫ਼ਿਲਮੀ ਐਵਾਰਡ ਮਿਲੇ। ਜਿਨ੍ਹਾਂ ਵਿਚ ਫ਼ਿਲਮ ਫੇਅਰ ਐਵਾਰਡ ਤੋਂ ਇਲਾਵਾ ਪਦਮ ਭੂਸ਼ਣ ਐਵਾਰਡ ਵੀ ਸ਼ਾਮਿਲ ਹਨ।

ਜੇਕਰ ਉਨ੍ਹਾਂ ਦੀ ਖ਼ੂਬਸੂਰਤੀ ਦੀ ਗੱਲ ਕਰੀਏ ਤਾਂ ਕਿਸੇ ਸਮੇਂ ਉਨ੍ਹਾਂ ਨੂੰ ਦੁਨੀਆ ਦੇ 10 ਖ਼ੂਬਸੂਰਤ ਵਿਅਕਤੀਆਂ ਵਿਚ ਵੀ ਗਿਣਿਆ ਗਿਆ ਸੀ। ਫ਼ਿਲਮ ਜਗਤ ਦੇ ਮਹਾਨ ਕਲਾਕਾਰ ਦਿਲੀਪ ਕੁਮਾਰ ਵਿਸ਼ੇਸ਼ ਕਰਕੇ ਉਨ੍ਹਾਂ ਦੀ ਖ਼ੂਬਸੂਰਤੀ ਤੋਂ ਪ੍ਰਭਾਵਿਤ ਸਨ। ਉਨ੍ਹਾਂ ਨੇ ਇਕ ਵਾਰ ਇਕ ਸਮਾਰੋਹ ਵਿਚ ਕਿਹਾ ਸੀ ਕਿ ਜਦੋਂ ਉਹ ਖ਼ੁਦਾ ਕੋਲ ਜਾਣਗੇ ਤਾਂ ਇਸ ਗੱਲ ਦੀ ਸ਼ਿਕਾਇਤ ਕਰਨਗੇ ਕਿ ਖ਼ੁਦਾ ਨੇ ਉਨ੍ਹਾਂ ਨੂੰ ਧਰਮਿੰਦਰ ਵਰਗਾ ਖ਼ੂਬਸੂਰਤ ਕਿਉਂ ਨਹੀਂ ਬਣਾਇਆ। ਹਿੰਦੀ ਫ਼ਿਲਮ ਜਗਤ ਦੀ ਵੱਡੀ ਅਭਿਨੇਤਰੀ ਮੀਨਾਕੁਮਾਰੀ ਵੀ ਉਨ੍ਹਾਂ ਦੀ ਖ਼ੂਬਸੂਰਤੀ 'ਤੇ ਫ਼ਿਦਾ ਰਹੀ ਸੀ। ਉਸ ਨੇ ਕਈ ਫ਼ਿਲਮਾਂ ਉਨ੍ਹਾਂ ਦੇ ਨਾਲ ਕੀਤੀਆਂ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਇਕ ਸਮੇਂ ਮੀਨਾ ਕੁਮਾਰੀ ਫ਼ਿਲਮ ਪ੍ਰੋਡਿਊਸਰਾਂ ਅੱਗੇ ਇਹ ਸ਼ਰਤ ਰੱਖਦੀ ਸੀ, ਕਿ ਉਹ ਉਨ੍ਹਾਂ ਦੀ ਫ਼ਿਲਮ ਵਿਚ ਤਾਂ ਹੀ ਕੰਮ ਕਰੇਗੀ ਜੇ ਧਰਮਿੰਦਰ ਨੂੰ ਹੀਰੋ ਦੇ ਰੂਪ ਵਿਚ ਲਿਆ ਜਾਏਗਾ। ਜਯਾ ਭਾਦੁੜੀ ਵੀ ਧਰਮਿੰਦਰ ਦੀ ਖ਼ੂਬਸੂਰਤੀ ਤੋਂ ਕਾਫੀ ਪ੍ਰਭਾਵਿਤ ਸੀ। ਇਹ ਗੱਲ ਖ਼ੁਦ ਇਕ ਸਮੇਂ ਉਸ ਨੇ ਅਮਿਤਾਭ ਬੱਚਨ ਨੂੰ ਵੀ ਦੱਸੀ ਸੀ, ਕਿ ਫ਼ਿਲਮ ਸਨਅਤ ਵਿਚ ਧਰਮਿੰਦਰ ਜਿੰਨਾ ਕੋਈ ਹੋਰ ਖ਼ੂਬਸੂਰਤ ਅਭਿਨੇਤਾ ਨਹੀਂ ਹੈ। ਹੇਮਾ ਮਾਲਿਨੀ ਨਾਲ ਉਨ੍ਹਾਂ ਦੀ ਦੂਜੀ ਸ਼ਾਦੀ ਨੂੰ ਵੀ ਇਸ ਸੰਦਰਭ ਵਿਚ ਹੀ ਦੇਖਿਆ ਤੇ ਸਮਝਿਆ ਜਾ ਸਕਦਾ ਹੈ।

ਕੁਝ ਸਮੇਂ ਲਈ ਉਹ ਸਿਆਸਤ ਵਿਚ ਵੀ ਵਿਚਰਦੇ ਰਹੇ। 2004 ਵਿਚ ਉਨ੍ਹਾਂ ਨੇ ਰਾਜਸਥਾਨ ਦੇ ਬੀਕਾਨੇਰ ਲੋਕ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਵਜੋਂ ਲੋਕ ਸਭਾ ਦੀ ਚੋਣ ਵੀ ਜਿੱਤੀ ਸੀ। ਪਰ ਰਾਜਨੀਤੀ ਨਾਲ ਉਨ੍ਹਾਂ ਦਾ ਸੁਭਾਅ ਬਹੁਤਾ ਮੇਲ ਨਹੀਂ ਖਾਂਦਾ ਸੀ। ਇਸ ਦੌਰਾਨ ਲੋਕ ਸਭਾ ਵਿਚ ਵੀ ਉਨ੍ਹਾਂ ਦੀ ਹਾਜ਼ਰੀ ਵੀ ਘੱਟ ਹੀ ਰਹੀ, ਜਿਸ ਕਾਰਨ ਉਨ੍ਹਾਂ ਦੀ ਆਲੋਚਨਾ ਵੀ ਹੁੰਦੀ ਰਹੀ। ਬਾਅਦ ਵਿਚ ਉਨ੍ਹਾਂ ਨੇ ਮੰਨਿਆ ਸੀ ਕਿ ਕਲਾਕਾਰਾਂ ਨੂੰ ਸਿਆਸਤ ਤੋਂ ਦੂਰ ਹੀ ਰਹਿਣਾ ਚਾਹੀਦਾ। ਸਿਆਸੀ ਖੇਤਰ ਨਾਲ ਜੁੜਨ ਨਾਲ ਕਲਾਕਾਰ, ਜਿਨ੍ਹਾਂ ਨੂੰ ਸਮੁੱਚੇ ਸਮਾਜ ਵਲੋਂ ਪਿਆਰ ਮਿਲਦਾ ਹੈ, ਉਹ ਵੰਡੇ ਜਾਂਦੇ ਹਨ।

ਉਨ੍ਹਾਂ ਦੀ ਪਹਿਲੀ ਪਤਨੀ ਪ੍ਰਕਾਸ਼ ਕੌਰ ਤੋਂ ਉਨ੍ਹਾਂ ਦੇ ਘਰ ਦੋ ਲੜਕੇ ਤੇ ਦੋ ਲੜਕੀਆਂ ਪੈਦਾ ਹੋਈਆਂ, ਉਨ੍ਹਾਂ ਵਿਚ ਪੁੱਤਰ ਸੰਨੀ ਦਿਓਲ, ਬੌਬੀ ਦਿਓਲ ਹਨ ਅਤੇ ਲੜਕੀਆਂ ਵਿਜੇਤਾ ਅਤੇ ਅਜੀਤਾ ਸ਼ਾਮਿਲ ਹਨ। ਹੇਮਾ ਮਾਲਿਨੀ ਨਾਲ ਉਨ੍ਹਾਂ ਦੇ ਦੂਜੇ ਵਿਆਹ ਤੋਂ ਦੋ ਲੜਕੀਆਂ ਈਸ਼ਾ ਦਿਓਲ ਅਤੇ ਅਹਾਨਾ ਦਿਓਲ ਪੈਦਾ ਹੋਈਆਂ ਹਨ।

ਭਾਵੇਂ ਉਨ੍ਹਾਂ ਦੀ ਮਕਬੂਲੀਅਤ ਸਾਰੇ ਦੇਸ਼ ਵਿਚ ਹੀ ਲੰਮੇ ਸਮੇਂ ਤੱਕ ਸਿਖ਼ਰ 'ਤੇ ਰਹੀ ਹੈ, ਪਰ ਪੰਜਾਬੀ ਉਨ੍ਹਾਂ 'ਤੇ ਬਹੁਤ ਜ਼ਿਆਦਾ ਮਾਣ ਕਰਦੇ ਹਨ। ਇਸ ਦਾ ਕਾਰਨ ਇਹ ਵੀ ਸੀ ਕਿ ਪੰਜਾਬ ਤੋਂ ਉਨ੍ਹਾਂ ਦੇ ਪ੍ਰਸ਼ੰਸਕ ਜਦੋਂ ਵੀ ਮੁੰਬਈ ਜਾਂਦੇ ਸਨ ਅਤੇ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਸਨ ਤਾਂ ਬਹੁਤੀ ਵਾਰੀ ਉਹ ਉਨ੍ਹਾਂ ਨੂੰ ਮਿਲਣ ਲਈ ਸਮਾਂ ਦਿੰਦੇ ਸਨ ਅਤੇ ਉਨ੍ਹਾਂ ਦੀ ਖੁੱਲ੍ਹ ਦਿਲੀ ਨਾਲ ਟਹਿਲ ਸੇਵਾ ਵੀ ਕਰਦੇ ਸਨ। ਉਂਝ ਪੰਜਾਬੀ ਕਈ ਵਾਰ ਇਹ ਸ਼ਿਕਾਇਤ ਵੀ ਕਰਦੇ ਸਨ ਕਿ ਪਿਛਲੇ ਦਹਾਕਿਆਂ ਵਿਚ ਜਦੋਂ ਪੰਜਾਬ ਅਨੇਕਾਂ ਵਾਰ ਵੱਡੇ ਸੰਕਟਾਂ ਵਿਚੋਂ ਗੁਜ਼ਰਿਆ ਤਾਂ ਉਸ ਸਮੇਂ ਧਰਮਿੰਦਰ ਪੰਜਾਬ ਨਾਲ ਬਹੁਤਾ ਖੜ੍ਹੇ ਹੁੰਦੇ ਨਜ਼ਰ ਨਹੀਂ ਆਏ। ਪਰ ਸਾਡਾ ਇਹ ਵਿਚਾਰ ਹੈ ਕਿ ਇਸ ਤਰ੍ਹਾਂ ਦੀਆਂ ਗੱਲਾਂ ਨੂੰ ਛੱਡ ਕੇ ਜਾਂ ਧਰਮਿੰਦਰ ਦੇ ਯੋਗਦਾਨ ਨੂੰ ਸਿਆਸੀ ਦ੍ਰਿਸ਼ਟੀ ਨਾਲ ਵਾਚਣ ਦੀ ਥਾਂ 'ਤੇ ਉਨ੍ਹਾਂ ਦੇ ਫ਼ਿਲਮ ਖੇਤਰ ਵਿਚ ਪਾਏ ਵੱਡੇ ਯੋਗਦਾਨ ਨੂੰ ਦੇਖਣਾ ਚਾਹੀਦਾ ਹੈ, ਜਿਸ ਨਾਲ ਉਨ੍ਹਾਂ ਨੇ ਨਾ ਕੇਵਲ ਆਪਣਾ ਬਲਕਿ ਸਮੁੱਚੇ ਪੰਜਾਬੀਆਂ ਦਾ ਨਾਂਅ ਵੀ ਰੌਸ਼ਨ ਕੀਤਾ ਹੈ। ਅਜਿਹੇ ਵੱਡੇ ਕਲਾਕਾਰ ਸਮਾਜ ਵਿਚ ਕਦੇ-ਕਦੇ ਹੀ ਪੈਦਾ ਹੁੰਦੇ ਹਨ। ਇਨ੍ਹਾਂ ਸ਼ਬਦਾਂ ਨਾਲ ਪੰਜਾਬ ਦੀ ਧਰਤੀ ਦੇ ਇਸ ਪੁੱਤਰ ਨੂੰ ਅਸੀਂ ਆਪਣੀ ਸ਼ਰਧਾ ਦੇ ਫ਼ੁੱਲ ਭੇਟ ਕਰਦੇ ਹਾਂ।

# ਸਦਾ ਲਈ ਤੁਰ ਗਿਆ ਪੰਜਾਬ ਦਾ ਲਾਲ



ਪੰਜਾਬ ਨੇ ਬਾਲੀਵੁੱਡ ਦੀ ਝੋਲੀ 'ਚ ਇਕ ਤੋਂ ਵਧ ਕੇ ਇਕ ਦਿੱਗਜ ਕਲਾਕਾਰ ਪਾਏ ਹਨ। ਧਰਮਿੰਦਰ ਸਿਨੇਮਾ ਦੇ ਸੁਨਹਿਰੀ ਦੌਰ ਦੇ ਗਵਾਹ ਸਨ। ਉਨ੍ਹਾਂ ਨੇ ਜਿੰਨੀ ਲੰਬੀ ਉਮਰ ਭੋਗੀ, ਉਸੇ ਤਰ੍ਹਾਂ ਆਪਣੀ ਅਦਾਕਾਰੀ ਦੇ ਰੁਤਬੇ ਦਾ ਵੀ ਖ਼ੂਬ ਆਨੰਦ ਮਾਣਿਆ। ਕਈ ਦਿਨਾਂ ਤੋਂ ਉਨ੍ਹਾਂ ਦੇ ਪ੍ਰਸ਼ੰਸਕਾਂ ਦੇ ਦਿਲਾਂ ਨੂੰ ਇਸ ਗੱਲ ਦਾ ਧੁੜਕੂ ਲੱਗਾ ਹੋਇਆ ਸੀ ਕਿ ਕਿਤੇ ਕੋਈ ਅਣਹੋਣੀ ਖ਼ਬਰ ਨਾ ਆ ਜਾਵੇ। ਸਾਹ ਲੈਣ 'ਚ ਤਕਲੀਫ਼ ਕਾਰਨ ਉਨ੍ਹਾਂ ਨੂੰ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ ਪਰ ਦੋ ਕੁ ਦਿਨਾਂ ਬਾਅਦ 12 ਨਵੰਬਰ ਨੂੰ ਹਾਲਤ ਸਥਿਰ ਹੋਣ ਕਾਰਨ ਹਸਪਤਾਲ ਤੋਂ ਛੁੱਟੀ ਮਿਲ ਗਈ ਸੀ। ਇਹ ਉਹ ਦਿਨ ਸਨ ਜਦੋਂ ਉਨ੍ਹਾਂ ਦੇ ਦੇਹਾਂਤ ਦੀਆਂ ਅਫ਼ਵਾਹਾਂ ਵੀ ਉੱਡੀਆਂ ਸਨ।

ਖ਼ਬਰ ਮੀਡੀਆ 'ਚ ਫੈਲੀ ਤਾਂ ਪਰਿਵਾਰਕ ਮੈਂਬਰਾਂ ਨੇ ਸਖ਼ਤ ਇਤਰਾਜ਼ ਜਤਾਇਆ। ਖ਼ਾਸ ਕਰਕੇ ਉਨ੍ਹਾਂ ਦੇ ਵੱਡੇ ਪੁੱਤਰ ਸੰਨੀ ਦਿਓਲ ਖ਼ੁਦ ਮੀਡੀਆ ਸਾਹਮਣੇ ਤਲਖ਼ ਹੁੰਦੇ ਦਿਸੇ। ਹਾਲਾਂਕਿ ਪਰਿਵਾਰ ਦਾ ਇਹ ਤਲਖ਼ੀ ਵਾਲਾ ਇਤਰਾਜ਼ ਜਾਇਜ਼ ਵੀ ਸੀ ਕਿਉਂਕਿ ਬਿਨਾਂ ਕਿਸੇ ਪੁਸ਼ਟੀ ਦੇ ਅਜਿਹੀਆਂ ਬੇਸਿਰ-ਪੈਰ ਗੱਲਾਂ ਨਸ਼ਰ ਹੋਣੀਆਂ ਕਿਸੇ ਵੀ ਪਰਿਵਾਰ ਦੀ ਔਖੀ ਘੜੀ 'ਚ ਤੰਗ-ਪਰੇਸ਼ਾਨ ਕਰਨ ਵਾਲੀ ਸਥਿਤੀ ਬਣ ਸਕਦੀਆਂ ਹਨ।

ਧਰਮਿੰਦਰ ਦੇ ਪ੍ਰਸ਼ੰਸਕ ਲਗਾਤਾਰ ਉਨ੍ਹਾਂ ਦੀ ਸਿਹਤਯਾਬੀ ਲਈ ਦੁਆਵਾਂ ਮੰਗ ਰਹੇ ਸਨ ਪਰ ਹਸਪਤਾਲ ਤੋਂ ਛੁੱਟੀ ਮਿਲਣ ਮਗਰੋਂ ਆਪਣੇ ਪਰਿਵਾਰਕ ਜੀਆਂ 'ਚ ਪਹੁੰਚ ਕੇ ਧਰਮਿੰਦਰ ਨੇ 89 ਸਾਲ ਦੀ ਉਮਰ 'ਚ ਆਖ਼ਰੀ ਸਾਹ ਲਿਆ। ਪੰਜਾਬ ਦੇ ਲਿਹਾਜ਼ ਨਾਲ ਧਰਮਿੰਦਰ ਦਾ ਅਕਾਲ ਚਲਾਣਾ ਜ਼ਿਆਦਾ ਤਕਲੀਫ਼ਦੇਹ ਇਸ ਲਈ ਵੀ ਹੈ ਕਿਉਂਕਿ ਉਨ੍ਹਾਂ ਦੀਆਂ ਜੜ੍ਹਾਂ ਮਾਲਵੇ ਦੀ ਉਦਯੋਗਿਕ ਨਗਰੀ ਲੁਧਿਆਣਾ ਲਾਗੇ ਨਿੱਕੇ ਜਿਹੇ ਪਿੰਡ ਨਾਲ ਜੁੜੀਆਂ ਹੋਈਆਂ ਹਨ। ਅਦਾਕਾਰੀ 'ਚ ਕਿਸਮਤ ਅਜਮਾਉਣ ਦੀਆਂ ਕੋਸ਼ਿਸ਼ਾਂ 'ਚ ਲੱਗੇ ਮੁੰਡੇ-ਕੁੜੀਆਂ ਲਈ ਧਰਮਿੰਦਰ ਰੋਲ ਮਾਡਲ ਵਾਂਗ ਸੀ।

ਬਾਲੀਵੁੱਡ ਦੇ ਕਈ ਦਿੱਗਜ ਕਲਾਕਾਰ ਉਸ ਦੇ ਸੁਭਾਅ ਤੇ ਅਦਾਕਾਰੀ ਤੋਂ ਪ੍ਰੇਰਨਾ ਲੈਂਦੇ ਸਨ। ਪੰਜਾਬ 'ਚ ਧਰਮਿੰਦਰ ਦੇ ਅਜਿਹੇ ਪ੍ਰਸ਼ੰਸਕ ਵੀ ਹਨ ਜੋ ਉਨ੍ਹਾਂ ਨੂੰ ਭਗਵਾਨ ਵਾਂਗ ਪੂਜਦੇ ਹਨ। ਇਕ ਪ੍ਰਸ਼ੰਸਕ ਨੇ ਉਨ੍ਹਾਂ ਦਾ ਮੰਦਰ ਬਣਾਇਆ ਹੋਇਆ ਹੈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਲੋਕ ਕਿਸ ਹੱਦ ਤੱਕ ਮੁਹੱਬਤ ਕਰਦੇ ਸਨ। ਉਨ੍ਹਾਂ ਦੇ ਡਾਇਲਾਗ ਨਿਆਣਿਆਂ ਨੇ ਵੀ ਰਟੇ ਹੋਏ ਸਨ। 'ਸ਼ੋਅਲੇ' ਵਿਚ ਜੋ ਧਰਮਿੰਦਰ ਨੇ ਅਦਾਕਾਰੀ ਦਾ ਮੀਲ ਪੱਥਰ ਗੱਡਿਆ, ਉਸ ਨੂੰ ਸ਼ਾਇਦ ਹੀ ਕੋਈ ਪੁੱਟ ਸਕੇਗਾ। ਪੰਜਾਬ ਦਾ ਇਹ ਸੋਹਣਾ-ਸੁਨੱਖਾ ਗੱਭਰੂ ਅਦਾਕਾਰ ਬਾਲੀਵੁੱਡ ਦੇ ਸੁਨਹਿਰੇ ਸਫ਼ਰ ਨੂੰ ਹੋਰ ਚਮਕਾ ਦੇਵੇਗਾ, ਇਹ ਵੀ ਉਸ ਵੇਲੇ ਕਿਸੇ ਦੇ ਚਿੱਤ-ਚੇਤੇ ਨਹੀਂ ਸੀ।

ਐਕਸ਼ਨ, ਕਾਮੇਡੀ, ਸੀਰੀਅਸ ਤੇ ਸ਼ਾਇਰੀ ਮਿਜ਼ਾਜ ਵਾਲੇ ਇਸ ਹੀਰੋ 'ਤੇ ਹਰ ਤਰ੍ਹਾਂ ਦੇ ਰੋਲ ਜਚਦੇ ਸਨ। ਉਸ ਨੂੰ 'ਜੱਟ ਯਮਲਾ' ਤੇ 'ਹੀ-ਮੈਨ' ਵਰਗੇ ਨਾਵਾਂ ਨਾਲ ਪੁਕਾਰਿਆ ਜਾਣਾ ਵੀ ਕਿਸੇ ਸਨਮਾਨ ਤੋਂ ਘੱਟ ਨਹੀਂ ਹੈ। ਆਮ ਜ਼ਿੰਦਗੀ 'ਚ ਉਹ ਇਕ ਸ਼ਾਇਰ, ਪ੍ਰੇਮੀ, ਬੇਹੱਦ ਪਿਆਰ ਕਰਨ ਵਾਲਾ ਪਿਤਾ, ਸੋਹਣੇ ਮਰਦਾਂ 'ਚ ਸ਼ੁਮਾਰ ਤੇ ਰਾਜਨੀਤੀ ਦਾ ਵਨ-ਟਾਈਮ ਸਿਆਸਤਦਾਨ ਰਿਹਾ। ਇਕੱਲਾ ਭਾਰਤ ਹੀ ਨਹੀਂ, ਗੁਆਂਢੀ ਮੁਲਕ ਪਾਕਿਸਤਾਨ ਵੀ ਉਸ ਦੀ ਅਦਾਕਾਰੀ 'ਤੇ ਤਾੜੀਆਂ ਮਾਰਦਾ ਸੀ। ਇਹੀ ਵਜ ?ਹਾ ਸੀ ਕਿ ਪਾਕਿ ਦੇ ਸਾਬਕਾ ਵਜ਼ੀਰ-ਏ-ਆਜ਼ਮ ਨਵਾਜ਼ ਸ਼ਰੀਫ਼ ਵੀ ਉਸ ਦੇ ਪ੍ਰਸ਼ੰਸਕਾਂ ਦੀ ਸੂਚੀ 'ਚ ਹਨ। ਇਕ ਇੰਟਰਵਿਊ ਦੌਰਾਨ ਕਿੱਸਾ ਸਾਂਝਾ ਕਰਦਿਆਂ ਧਰਮਿੰਦਰ ਨੇ ਕਿਹਾ ਸੀ ਕਿ ਜਦੋਂ ਨਵਾਜ਼ ਸ਼ਰੀਫ਼ ਭਾਰਤ ਦੌਰੇ 'ਤੇ ਆਏ ਸਨ ਤਾਂ ਉਸ ਦੀ ਉਨ੍ਹਾਂ ਨਾਲ ਮੁਲਾਕਾਤ ਹੋਈ ਸੀ।

ਨਵਾਜ਼ ਸ਼ਰੀਫ਼ ਨੇ ਦੱਸਿਆ ਸੀ ਕਿ ਉਨ੍ਹਾਂ ਦਾ ਪਰਿਵਾਰ ਕਾਰ ਰਾਹੀਂ ਜਾ ਰਿਹਾ ਸੀ ਅਤੇ ਉਨ੍ਹਾਂ ਦੇ ਘਰ ਸਾਹਮਣੇ ਕਾਰ ਰੁਕਵਾਈ ਗਈ। ਉਨ੍ਹਾਂ ਨੇ ਆਪਣੀ ਪਤਨੀ ਅਤੇ ਬੱਚਿਆਂ ਨੂੰ ਦੱਸਿਆ ਕਿ ਇਹ ਘਰ ਧਰਮਿੰਦਰ ਦਾ ਹੈ। ਇਸ ਦਾ ਕਾਰਨ ਇਹ ਸੀ ਕਿ ਧਰਮਿੰਦਰ ਨੇ ਆਪਣੀ ਅਦਾਕਾਰੀ ਤੇ ਉਦਾਰਤਾ ਨਾਲ ਹੋਰ ਮੁਲਕਾਂ ਦੇ ਲੋਕਾਂ ਦਾ ਵੀ ਮਨ ਮੋਹਿਆ ਸੀ। ਧਰਮਿੰਦਰ ਸਬੰਧੀ ਬਾਲੀਵੁੱਡ ਦੇ ਦਿੱਗਜ ਕਲਾਕਾਰਾਂ ਕੋਲ ਬੇਸ਼ੁਮਾਰ ਯਾਦਾਂ ਹਨ। ਬਿਮਲ ਰਾਏ ਧਰਮਿੰਦਰ ਨੂੰ ਧਰਮਿੰਦਰੂ ਕਹਿ ਕੇ ਬੁਲਾਉਂਦੇ ਸਨ। ਉਨ੍ਹਾਂ ਨੇ ਫਿਲਮ 'ਬੰਦਿਨੀ'ਵਿਚ ਪਹਿਲਾ ਰੋਲ ਦਿੱਤਾ ਸੀ।


ਹਾਲਾਂਕਿ ਇਹ ਫਿਲਮ ਬਣਨ 'ਚ ਸਮਾਂ ਲੱਗਾ ਤੇ ਅਰਜੁਨ ਹਿੰਗੋਰਾਨੀ ਨੇ ਧਰਮਿੰਦਰ ਨੂੰ ਆਪਣੀ ਫਿਲਮ 'ਦਿਲ ਭੀ ਤੇਰਾ ਹਮ ਭੀ ਤੇਰੇ' ਲਈ ਸਾਈਨ ਕਰ ਲਿਆ ਸੀ। ਸੱਤਰਵੇਂ ਦਹਾਕੇ 'ਚ ਧਰਮਿੰਦਰ ਦੀ ਅਦਾਕਾਰੀ ਨੇ ਫਿਲਮੀ ਪਰਦੇ ਨੂੰ ਨਵੀਂ ਤਾਜ਼ਗੀ ਨਾਲ ਭਰ ਦਿੱਤਾ। ਇਸ ਦੌਰ 'ਚ ਐਕਸ਼ਨ, ਰੋਮਾਂਸ, ਕਾਮੇਡੀ ਅਤੇ ਕਮਰਸ਼ੀਅਲ ਸਿਨੇਮਾ, ਸਾਰਾ ਕੁਝ ਹੀ ਵਧ-ਫੁੱਲ ਰਿਹਾ ਸੀ। ਧਰਮਿੰਦਰ ਦੀਆਂ ਤਕਰੀਬਨ ਸਾਰੀਆਂ ਫਿਲਮਾਂ ਹੀ ਇਕ ਤੋਂ ਵਧ ਕੇ ਇਕ ਹਨ ਪਰ 'ਸ਼ੋਅਲੇ' ਦੇ ਇਕ ਦ੍ਰਿਸ਼ 'ਚ ਟੈਂਕੀ 'ਤੇ ਸ਼ਰਾਬੀ ਹਾਲਤ 'ਚ ਚੜ੍ਹਿਆ 'ਵੀਰੂ' ਸ਼ਾਇਦ ਹੀ ਲੋਕਾਂ ਨੂੰ ਭੁੱਲੇਗਾ। ਇਸ ਸੀਨ ਨੇ ਪੂਰੀ ਫਿਲਮ ਨੂੰ ਚਾਰ ਚੰਨ ਲਾਏ ਸਨ। ਫਿਲਮ ਦੇ ਇਸ ਕਾਮੇਡੀ ਸੀਨ 'ਚ ਬੋਲੇ ਗਏ ਡਾਇਲਾਗ ਉਸ ਦੌਰ ਦੇ ਨਵੇਂ ਕਲਾਕਾਰ ਬੋਲ-ਬੋਲ ਕੇ ਰਿਹਰਸਲਾਂ ਕਰਦੇ ਸਨ। ਧਰਮਿੰਦਰ ਦੇ ਹੈਂਡਸਮ ਹੋਣ ਦੇ ਚਰਚੇ ਉਸ ਦੇ ਸਾਥੀ ਕਲਾਕਾਰ ਵੀ ਕਰਦੇ ਸਨ ਪਰ ਉਹ ਇਸ ਗੱਲ 'ਤੇ ਟਿੱਪਣੀ ਕਰਦਿਆਂ ਕਹਿੰਦੇ ਸਨ ਕਿ ਹੋ ਸਕਦਾ ਹੈ ਕਿ ਲੋਕ ਜਿਵੇਂ ਆਖ ਰਹੇ ਹਨ, ਉਹੀ ਹੋਵੇ ਪਰ ਮੈਂ ਉਹ ਖ਼ੂਬੀਆਂ ਆਪਣੇ 'ਚੋਂ ਲੱਭਦਾ ਹਾਂ, ਜਿਹੜੀਆਂ ਲੋਕ ਮੇਰੇ 'ਚੋਂ ਦੇਖਦੇ ਹਨ। ਕਿਤੇ ਇਹ ਨਾ ਹੋਵੇ ਕਿ ਮੈਂ ਪ੍ਰਸ਼ੰਸਕਾਂ ਵੱਲੋਂ ਦਿੱਤੇ ਪਿਆਰ ਸਤਿਕਾਰ ਨੂੰ ਗੁਆ ਬੈਠਾਂ।


ਡਾਂਸ ਦੇ ਮਾਮਲੇ 'ਚ ਧਰਮਿੰਦਰ ਦਾ ਹੱਥ ਤੰਗ ਸੀ। ਹਾਲਾਂਕਿ 'ਜੱਟ ਪਗਲਾ ਯਮਲਾ ਦੀਵਾਨਾ' ਵਰਗੇ ਗਾਣੇ ਨੇ ਉਨ੍ਹਾਂ ਨਾਲ ਜੁੜੀ ਇਸ ਮਿੱਥ ਨੂੰ ਵੀ ਤੋੜ ਦਿੱਤਾ। ਇਕ ਵਾਰ ਉਨ੍ਹਾਂ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਸੀ ਕਿ ਐਕਟਿੰਗ ਮੇਰੇ ਲਈ ਮਹਿਬੂਬਾ ਵਾਂਗ ਹੈ। ਜਿਵੇਂ ਆਸ਼ਕ ਅਤੇ ਮਾਸ਼ੂਕ 'ਚ ਲੜਾਈ ਹੋ ਜਾਂਦੀ ਹੈ, ਇਸੇ ਤਰ੍ਹਾਂ ਕਦੇ ਇਹ ਰੁੱਸ ਜਾਂਦੀ ਹੈ ਤੇ ਕਦੇ ਮੈਂ। ਫਿਰ ਅਸੀਂ ਦੋਵੇਂ ਇਕ-ਦੂਜੇ ਨੂੰ ਮਨਾ ਲੈਂਦੇ ਹਾਂ ਪਰ ਸਾਥ ਕਦੇ ਨਹੀਂ ਛੱਡਦੇ।

ਸੋਸ਼ਲ ਮੀਡੀਆ 'ਤੇ ਉਨ੍ਹਾਂ ਦੀਆਂ ਕਈ ਵੀਡੀਓਜ਼ ਹਨ ਜਿਨ੍ਹਾਂ 'ਚ ਉਹ ਜ਼ਿੰਦਾਦਿਲੀ ਨਾਲ ਜਿਉਣ ਵਾਲੀ ਸ਼ਾਇਰੀ ਬੋਲਦੇ ਹੋਏ ਨਜ਼ਰ ਆਉਂਦੇ ਸਨ। ਕਦੇ ਆਪਣੇ ਫਾਰਮ ਹਾਊਸ 'ਚ ਉਗਾਈਆਂ ਤਾਜ਼ੀਆਂ ਸਬਜ਼ੀਆਂ ਤੋੜਦੇ ਉਨ੍ਹਾਂ ਦੇ ਸਿਹਤ ਨੂੰ ਲਾਭ ਗਿਣਾਉਂਦੇ ਸਨ।

ਧਰਮਿੰਦਰ ਨੇ ਅਦਾਕਾਰੀ 'ਚ ਜੋ ਪਿਰਤਾਂ ਪਾਈਆਂ, ਉਹ ਚਿਰ-ਸਥਾਈ ਰਹਿਣ ਵਾਲੀਆਂ ਹਨ। ਅਦਾਕਾਰੀ 'ਚ ਵੱਡੀਆਂ ਪੁਲਾਂਘਾ ਪੁੱਟਣ ਵਾਲਿਆਂ ਲਈ ਧਰਮਿੰਦਰ ਪ੍ਰੇਰਨਾ ਦਾ ਸਰੋਤ ਰਹਿਣਗੇ। ਉਨ੍ਹਾਂ ਦੇ ਤੁਰ ਜਾਣ ਨਾਲ ਪੰਜਾਬ ਤੋਂ ਲੈ ਕੇ ਮੁੰਬਈ ਤੱਕ ਦੀਆਂ ਉਹ ਸੜਕਾਂ ਵੀ ਉਦਾਸ ਹਨ ਜਿਨ੍ਹਾਂ 'ਤੇ ਉਨ੍ਹਾਂ ਨੇ ਸ਼ੋਹਰਤ ਹਾਸਲ ਕਰਨ ਲਈ ਲੰਬਾ ਸਫ਼ਰ ਕੀਤਾ ਸੀ। 'ਪੰਜਾਬ ਦੇ ਪੁੱਤਰ' ਅਤੇ ਇਸ ਹਮੇਸ਼ਾ ਚਮਕਣ ਵਾਲੇ ਸਿਤਾਰੇ ਦੀਆਂ ਯਾਦਾਂ ਨੂੰ ਸੰਜੋਅ ਕੇ ਰੱਖਣ ਦੀ ਲੋੜ ਹੈ ਤਾਂ ਜੋ ਇਹ ਅਦਾਕਾਰੀ ਦੇ ਸਿਖਾਂਦਰੂਆਂ ਲਈ ਚਾਨਣ ਮੁਨਾਰਾ ਬਣ ਸਕਣ।




ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥
ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ
ਦੇ 350ਵੇਂ ਸ਼ਹੀਦੀ ਦਿਹਾੜੇ ਨੂੰ
ਕੋਟਿ ਕੋਟਿ ਪ੍ਰਣਾਮ
ਗਿੱਲ ਬ੍ਰਦਰਜ਼
ਸ. ਮਹਿੰਦਰ ਸਿੰਘ ਗਿੱਲ
ਸ. ਸੁਖਜਿੰਦਰ ਸਿੰਘ ਗਿੱਲ
ਸ. ਸੁਖਰਾਜ ਸਿੰਘ ਗਿੱਲ


ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥
ਧਰਮ ਦੇ ਰਾਖੇ ਹਿੰਦ ਦੀ ਚਾਦਰ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ,
ਭਾਈ ਦਿਆਲਾ ਜੀ
ਦੇ 350ਵੇਂ ਸਹੀਦੀ ਦਿਹਾੜੇ ਨੂੰ
ਕੋਟਿ ਕੋਟਿ ਪ੍ਰਣਾਮ
ਖਾਲਸਾ ਪੰਥ ਦੇ ਨਿਸ਼ਕਾਮ ਸੇਵਾਦਾਰ ਅਮਰੀਕਾ ਦੇ ਨੌਜਵਾਨ ਸਿੱਖ ਆਗੂ ਗੁਰੂ ਅਤੇ ਪੰਥ ਦੇ ਨਿਸ਼ਕਾਮ ਸੇਵਾਦਾਰ
ਸ੍ਰ. ਜੋਗਾ ਸਿੰਘ ਬਾਠ ਅਤੇ ਸਮੂਹ ਬਾਠ ਪਰਿਵਾਰ, ਟਰੇਸੀ ਕੈਲੀਫੋਰਨੀਆ



## ਪੰਜਾਬੀ ਸਾਹਿਤ ਸਭਿਆਚਾਰ ਦੀ ਦੁਨੀਆਂ ’ਚ ਜਾਣੀ ਪਹਿਚਾਣੀ ਸ਼ਖ਼ਸੀਅਤ - ਡਾ. ਗੁਰਪਾਲ ਸਿੰਘ ਸੰਧੂ: ਇੱਕ ਜਾਣ-ਪਛਾਣ

ਡਾ. ਗੁਰਪਾਲ ਸਿੰਘ ਸੰਧੂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪੰਜਾਬੀ ਸਕੂਲ ਆਫ ਸਟੱਡੀਜ਼ ਵਿਭਾਗ ਦੇ ਮੁਖੀ ਹਨ। ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕੀਤੀ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਡੂੰਘੀ ਮੁਹਾਰਤ ਰੱਖਦੇ ਹਨ। ਡਾ. ਸੰਧੂ ਇੱਕ ਉੱਘੇ ਖੋਜਕਾਰ, ਆਲੋਚਕ ਅਤੇ ਇੱਕ ਪ੍ਰੇਰਣਾਦਾਇਕ ਅਧਿਆਪਕ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਖੋਜ ਦੇ ਮੁੱਖ ਵਿਸ਼ਿਆਂ ਵਿੱਚ ਪੰਜਾਬੀ ਲੋਕਧਾਰਾ, ਮੱਧਕਾਲੀ ਸਾਹਿਤ ਅਤੇ ਆਧੁਨਿਕ ਪੰਜਾਬੀ ਕਵਿਤਾ ਸ਼ਾਮਲ ਹਨ। ਉਹਨਾਂ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕੀਤੇ ਹਨ ਅਤੇ ਉਹਨਾਂ ਦੇ ਲੇਖ ਵੱਖ-ਵੱਖ ਵੱਕਾਰੀ ਰਸਾਲਿਆਂ ਵਿੱਚ ਛਪ ਚੁੱਕੇ ਹਨ। ਆਪਣੇ ਅਧਿਆਪਨ ਅਤੇ ਖੋਜ ਕਾਰਜਾਂ ਰਾਹੀਂ, ਡਾ. ਸੰਧੂ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਵਿਰਸੇ ਪ੍ਰਤੀ ਚੇਤਨਾ ਅਤੇ ਪਿਆਰ ਪੈਦਾ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਕਈ ਵਿਦਿਆਰਥੀ ਐਮ.ਫਿਲ ਅਤੇ ਪੀਐਚ.ਡੀ. ਦੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ। ਪੰਜਾਬੀ ਅਕਾਦਮਿਕਤਾ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਅਸੀਂ ਉਨ੍ਹਾਂ ਦੇ ਅਮਰੀਕੀ ਤੇ ਪੰਜਾਬੀ ਸਾਹਿਤ ਦੇ ਰੰਗ ਨੂੰ ‘ਸਾਡੇ ਲੋਕ’ ਦੇ ਪਾਠਕਾਂ ਲਈ ਲੜੀਵਾਰ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾ : ਸਤਨਾਮ ਸਿੰਘ ਖਾਲਸਾ

### ਅਮਰੀਕੀ ਜ਼ਮੀਨ ’ਤੇ ਪੰਜਾਬੀ ਸਾਹਿਤ ਦਾ ਨਵਾਂ ਰੰਗ:

ਪੇਸ਼ ਹੈ ਪ੍ਰਸਿੱਧ ਵਿਦਵਾਨ ਡਾ. ਗੁਰਪਾਲ ਸਿੰਘ ਸੰਧੂ ਦਾ ਖੋਜ ਭਰਪੂਰ ਲੇਖ, ਜੋ ਅਮਰੀਕੀ ਪੰਜਾਬੀ ਸਾਹਿਤ ਦੇ ਇੱਕ ਦਿਲਚਸਪ ਅਤੇ ਉੱਭਰ ਰਹੇ ਰੁਝਾਨ ’ਤੇ ਚਾਨਣਾ ਪਾਉਂਦਾ ਹੈ। ਜਿੱਥੇ ਪੰਜਾਬ ਵਿੱਚ ਇੱਕੋ ਲੇਖਕ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ (ਜਿਵੇਂ ਕਵਿਤਾ, ਕਹਾਣੀ, ਨਾਵਲ ਆਦਿ) ਵਿੱਚ ਇੱਕੋ ਸਮੇਂ ਲਿਖਣ ਦੀ ਪਰੰਪਰਾ ਮੱਧਮ ਪੈ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਵੱਸਦੇ ਪੰਜਾਬੀ ਲੇਖਕ ਇਸ ‘ਬਹੁ-ਵਿਧਾਈ ਸਿਰਜਣਾ’ ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੇ ਹਨ। ਇਸ ਲੇਖ ਵਿੱਚ, ਲੇਖਕ ਨੇ ਚਾਰ ਪ੍ਰਮੁੱਖ ਅਮਰੀਕੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਹੋਏ ਇਹ ਦਰਸਾਇਆ ਹੈ ਕਿ ਕਿਵੇਂ ਉਹ ਵੱਖ-ਵੱਖ ਸਾਹਿਤਕ ਰੂਪਾਂ ਨੂੰ ਇੱਕੋ ਸਮੇਂ ਵਰਤ ਕੇ ਪੰਜਾਬੀ ਸਾਹਿਤ ਲਈ ਨਵੀਆਂ ਸੰਭਾਵਨਾਵਾਂ ਸਿਰਜ ਰਹੇ ਹਨ। ਆਓ ਪੜ੍ਹੀਏ ਇਹ ਵਿਸਤ੍ਰਿਤ ਵਿਸ਼ਲੇਸ਼ਣ...


# ਅਮਰੀਕੀ ਪੰਜਾਬੀ ਸਾਹਿਤ ਸਿਰਜਣਾ ਦੀ ਬਹੁ-ਵਿਧਾਈ ਰਚਨਾ-ਵਿਉਂਤ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਨ੍ਹਾਂ ਵਿਚ ਮੇਰੀ ਜ਼ਿੰਦਗੀ ਦੇ ਚਾਵਾਂ, ਰੀਝਾਂ, ਸੁਪਨਿਆਂ, ਅਨੁਭਵਾਂ, ਸੰਵੇਦਨਾਵਾਂ ਅਤੇ ਮੇਰੀ ਮਹੱਬਤ ਦੇ ਲਿਸ਼ਕਾਰੇ ਵੀ ਮੌਜੂਦ ਹਨ ਤੇ ਮੇਰੇ ਰਚੇ ਸਾਹਿਤ, ਅਧਿਐਨ ਤੇ ਸਹਿਤਕ ਸਰਗਰਮੀਆਂ ਦੇ ਅੰਸ਼ ਵੀ ਸ਼ਾਮਲ ਹਨ।’ (ਪ੍ਰੋ. ਹਰਭਜਨ ਸਿੰਘ, ਸੁਰਖ਼ ਰਾਹਾਂ ਦੀਆਂ ਸਿਮਰਤੀਆਂ, ਪੰਨਾ,12)

ਇਸ ਪੁਸਤਕ ਵਿੱਚ ਲੇਖਕ ਦੇ ਸੰਗਰਾਮੀ ਜੀਵਨ ਦੀਆਂ ਸਿਮਰਤੀਆਂ, ਪਰਵਾਸੀ ਜੀਵਨ ਦੀਆਂ ਅਨੁਭੂਤੀਆਂ, ਵਿਅਕਤੀਗਤ ਤੇ ਪਰਿਵਾਰਿਕ ਜ਼ਿੰਦਗੀ ਦੇ ਭਾਵੁਕ ਤੇ ਕਰੂਰ ਤਜ਼ਰਬੇ ਅਤੇ ‘ਇਨਕਲਾਬ ਲਿਆਉਣ ਮਾਨਵੀ ਹੱਕਾਂ ਦੀ ਆਵਾਜ਼’ ਬਨਣ ਦੇ ਅਧੂਰੇ ਸੁਪਨੇ ਦੀ ਰਚਨਾਤਮਕ ਪੂਰਤੀ ਸ਼ਾਮਲ ਹੈ। ਇਹ ਯਾਤਰਾ ਮੂਲ ਰੂਪ ਵਿਚ ‘ਤਿੰਨ ਸੁਰਖ਼ ਰਾਹਾਂ’; ਸੰਘਰਸ਼, ਮਹੱਬਤ ਤੇ ਸਾਹਿਤ ਰਾਹੀਂ ਅਗਰਸਰ ਹੁੰਦੀ ਹੈ।

ਇਸ ਤਰ੍ਹਾਂ, ‘ਸੁਰਖ਼ ਰਾਹਾਂ ਦੀਆਂ ਸਿਮਰਤੀਆਂ’ ਵਿੱਚ ਕੋਈ ਇਕ ਵਿਸ਼ੇਸ਼ ਸੁਰ ਉਪਜਣ ਦੀ ਥਾਂ ‘ਤੇ ਇਕੋ ਵੇਲੇ: ਪਹਿਲੀ, ਸਾਮਰਾਜਵਾਦੀ ਤੰਤਰ ਦੇ ਫ਼ੈਲਾਅ ਦੀ ਸਮੀਖਿਆ। ਦੂਜੀ, ਇਨਕਲਾਬੀ ਤੇ ਵਿਦਰੋਹੀ ਸੁਰ ਦੀ ਦੁਬਿਧਾ। ਤੀਜੀ, ਨਕਲਸਵਾਦੀ ਲਹਿਰ ਦੇ ਅੰਤਰੀਵੀ ਵਿਰੋਧ ਤੇ ਉਸਦੇ ਤਿਆਗ ਦਾ ਗ਼ਮ। ਚੌਥੀ, ਵਿਅਕਤੀਗਤ ਤੇ ਪਰਿਵਾਰਕ ਪੱਧਰ ਉਪਰ ਹੋਣ ਫ਼ਾਸ਼ੀਵਾਦੀ ਸੋਚ ਦੇ ਤਸ਼ੱਦਦ। ਪੰਜਵੀਂ, ਵਿਚਾਰਧਾਰਕ ਪ੍ਰਤਿਬੱਧਤਾ ਨੂੰ ਨਿਭਾਉਂਦੇ ਹੋਏ ਨਿਮਾਣਿਆਂ ਤੇ ਨਿਤਾਣਿਆਂ ਦੀ ਆਵਾਜ਼ ਬਨਣ ਦਾ ਅਹਿਦ ਅਤੇ ਛੇਵੀਂ ਸਾਹਿਤ ਸਿਰਜਣਾ ਰਾਹੀਂ ਲੋਕ ਹਿੱਤ ਦੀ ਆਵਾਜ਼ ਬੁਲੰਦ ਕਰਨੀ ਆਦਿ ਸੁਰਾਂ ਪੈਦਾ ਹੋ ਕੇ ਇਸ ਰਚਨਾ ਦੇ ਬਿਰਤਾਂਤ ਨੂੰ ਸੰਵਾਦੀ ਤੇ ਬਹੁਸੁਰਾ ਬਣਾਉਂਦੀਆਂ ਹਨ। ਅਸੀਂ ਜਾਣਦੇ ਹਾਂ ਕਿ ਇਹ ਗੁਣ ਨਾਵਲੀ ਬਿਰਤਾਂਤ ਦਾ ਬੁਨਿਆਦੀ ਗੁਣ ਹੈ। ਸੋ, ਇਹ ਰਚਨਾ ਆਪਣੇ ਵਿਧਾਗਤ ਸਰੂਪ ਵਿਚ ਜਿਥੇ ਡਾਇਰੀ, ਗਲਪੀ ਸਵੈ-ਜੀਵਨ-



ਬਿਊਰਾ, ਲਘੂ ਨਿਬੰਧ ਅਤੇ ਐਪੀਸੋਡਿਕ ਯਾਦ ਆਦਿ ਵਿਧਾਵਾਂ ਦਾ ਮਿਸ਼ਰਣ ਬਣਕੇ ਪੇਸ਼ ਹੁੰਦੀ ਹੈ, ਉਥੇ ਇਸ ਵਿਚ ਨਾਵਲੀਅਤ ਦੀ ਆਧਾਰੀ ਬਿਰਤਾਂਤਕਾਰੀ ਵੀ ਨਿਰੰਤਰ ਗਤੀਸ਼ੀਲ ਰਹਿੰਦੀ ਹੈ।

(5)

ਸੁਰਿੰਦਰ ਸੋਹਲ ਦੀ ਸਿਰਜਣਕਾਰੀ ਦਾ ਆਰੰਭ ਉਸਦੇ ਦੋ ਗ਼ਜ਼ਲ-ਸੰਗ੍ਰਹਿ ‘ਖੰਡਰ ਖ਼ਾਮੋਸ਼ੀ ਤੇ ਰਾਤ’ (2002) ਅਤੇ ‘ਕਿਤਾਬ ਆਸਮਾਨ ਦੀ’ (2015) ਨਾਲ ਨਾਲ ਹੁੰਦਾ ਹੈ। ਇਹਨਾਂ ਗ਼ਜ਼ਲਾਂ ਵਿਚੋਂ ‘ਖੰਡਰ ਖ਼ਲ਼ਾਮੋਸਲ਼ੀ ਤੇ ਰਾਤ’ ਦੀਆਂ ਗਲ਼ਜਲ਼ਲਾਂ ਵਿੱਚ ਪਰਵਾਸੀ ਸਵੈ ਦੀ ਸੱਜਰੀ ਬਣੀ ਵਾਸ-ਭੂਮੀ ਦੇ ਰੋਮਾਂਸ ਤੇ ਭੈਅ ਦੇ ਨਾਲ ਨਾਲ ਜਨਮ ਭੂਮੀ ਤੋਂ ਵਿਯੋਗੇ ਜਾਣ ਦੇ ਤਲਖ਼ ਅਹਿਸਾਸ ਅਤੇ ਵੈਰਾਗ ਦੀ ਮਹੀਨ ਪੀੜਾ ਦੀ ਸੁਰ ਪੇਸਲ਼ ਹੁੰਦੀ ਹੈ। ਇਸ ਕਰਕੇ, ਇਥੇ ਤਿੰਨੇ ਸਲ਼ਬਦ; ‘ਖੰਡਰ’, ‘ਖਲ਼ਾਮੋਸਲ਼ੀ’ ਅਤੇ ‘ਰਾਤ’ ਆਪਣੇ ਅਰਥ-ਘੇਰਿਆਂ ਵਿਚ ਦਿਨ ਰਾਤ ਦੀ ਨੱਠ ਭੱਜ ਦੌਰਾਨ ਖੰਡਰ ਵਿਚ ਰੂਪਾਂਤਰਿਤ ਹੋਏ ਸ਼ਹਿਰ ਦੇ ਅੰਦਰ ਬਾਹਰ ਫ਼ੈਲੀ ਇਕੱਲਤਾ ਤੇ ਖਾਮੋਸ਼ੀ ਦੇ ਅਜਿਹੇ ਮੰਜਰਾਂ ਨੂੰ ਰੂਪਮਾਨ ਕਰਦੇ ਹਨ, ਜੋ ਵਿਅਕਤੀ ਦੀ ਵਿਅਕਤੀਗਤਤਾ ਦੇ ਖੰਡਿਤ ਹੋਣ ਨੂੰ ਵੀ ਬਿਆਨ ਕਰਦੇ ਹਨ ਅਤੇ ਨਿਜ਼ਾਮ ਦੀ ਵਿਸ਼ਵ-ਵਿਆਪਕਤਾ ਨੂੰ ਵੀ।

ਪਰ, ਇਸ ਸ਼ਾਇਰੀ ਵਿੱਚ ਵਾਸ ਤੇ ਪਰਿਵਾਸ ਦੋ ਵੱਖਰੇ ਵੱਖਰੇ ਰਾਹ ਨਹੀਂ ਸਗੋਂ ਇਹ ਇਕ ਦੂਜੇ ਵਿਚ ਰਲ ਮਿਲ ਕੇ ਅਤੇ ਇਕ ਦੂਜੇ ਦੇ ਹਮਕਿਨਾਰ ਹੋ ਕੇ ਚਲਦੇ ਹਨ। ਇਹ ਇਕ ਦੂਜੇ ਦੇ ਅੰਤਰੀਵੀ ਸੱਚਾਂ ਤੇ ਬਾਹਰੀ ਆਕਾਰਾਂ ਨੂੰ ਉਭਾਰਦੇ ਵੀ ਹਨ ਅਤੇ ਨਿਖਾਰਦੇ ਵੀ ਹਨ।;

ਟਾਹਲੀ ਵਰਗੀ ਮਾਂ ਨਾ ਏਥੇ ਬਾਪਸ਼ੂ ਪਿੱਪਲ ਵਰਗਾ
ਨਿਊਯਾਰਕ ਤਾਂ ਹੀ ਨਾ ਲਗਦਾ ਸੰਗਲ ਸੋਹਲ ਵਰਗਾ

(ਸਰਿੰਦਰ ਸੋਹਲ, ਖੰਡਰ ਖਾਮੋਸ਼ੀ ਤੇ ਰਾਤ, ਪੰਨਾ 64)

(ਚਲਦਾ)

# ਪੰਜਾਬ ਦੀ ਆਤਮਾ ਦੇ ਰਖਵਾਲੇ ਸਨ ਮਾਸਟਰ ਤਾਰਾ ਸਿੰਘ

ਕੁਝ ਨਾਂ ਇਤਿਹਾਸ ਦੇ ਪੰਨਿਆਂ ’ਚ ਸਦੀਆਂ ਤੱਕ ਗੂੰਜਦੇ ਰਹਿੰਦੇ ਹਨ ਤੇ ਕੁਝ ਹੌਲੇ-ਹੌਲੇ ਸਮੇਂ ਦੀਆਂ ਸਿਰੀਆਂ ਵਿਚ ਰੁਲ ਜਾਂਦੇ ਹਨ- ਉਹ ਨਾਂ, ਜਿਨ੍ਹਾਂ ਨੇ ਕੌਮਾਂ ਬਣਾਈਆਂ, ਤਕਦੀਰਾਂ ਬਦਲੀਆਂ ਅਤੇ ਫਿਰ ਵੀ ਸਾਡੀ ਸਾਂਝੀ ਯਾਦ ਦੇ ਹਾਸ਼ੀਏ ’ਤੇ ਮੰਦ ਰੌਸ਼ਨੀ ਵਾਂਗ ਖੜ੍ਹੇ ਹਨ। ਮਾਸਟਰ ਤਾਰਾ ਸਿੰਘ ਐਸਾ ਹੀ ਇਕ ਨਾਂ ਹੈ- ਇਕ ਅਜਿਹਾ ਅਦਿੱਖ ਮਹਾਨ ਪੁਰਖ ਜਿਸਦੀ ਕੁਰਬਾਨੀ ਤਾਂ ਅਕਸਰ ਸਰਕਾਰੀ ਕਿਤਾਬਾਂ ’ਚ ਨਹੀਂ ਮਿਲਦੀ ਪਰ ਜਿਸਦਾ ਪ੍ਰਭਾਵ ਅੱਜ ਵੀ ਪੰਜਾਬ ਦੀ ਰੂਹ ਅਤੇ ਭਾਰਤ ਦੇ ਵਿਚਾਰ ਵਿਚ ਧੜਕਦਾ ਹੈ। ਉਨ੍ਹਾਂ ਦੀ 58ਵੀਂ ਬਰਸੀ ’ਤੇ ਮੇਰਾ ਦਿਲ ਸਿਰਫ ਸਨਮਾਨ ਨਾਲ ਨਹੀਂ, ਸਗੋਂ ਇਕ ਸੁਪਤ ਆਵਾਜ਼ ਨਾਲ ਝੁਕਦਾ ਹੈ ਜੋ ਕਹਿੰਦੀ ਹੈ- ਅਜਿਹੇ ਮਨੁੱਖ ਕਦੇ ਨਹੀਂ ਮਰਦੇ। ਉਹ ਯਾਦਾਂ ਦੀ ਮਿੱਟੀ ਵਿਚ, ਵਿਰਾਸਤ ਦੀਆਂ ਰਗਾਂ ਵਿਚ ਅਤੇ ਸਮੇਂ ਦੇ ਅੰਗ-ਸੰਗ ਜਿਊਂਦੇ ਰਹਿੰਦੇ ਹਨ।

ਰਾਵਲਪਿੰਡੀ ਦੀ ਮਿੱਟੀ-ਉਹੀ ਮਿੱਟੀ ਜੋ ਅੱਜ ਵੀ ਆਸ ਤੇ ਦਰਦ ਦਾ ਮਿਲਾਪ ਹੈ-ਉਥੇ ਜੰਮੇ ਮਾਸਟਰ ਤਾਰਾ ਸਿੰਘ ਨੇ ਆਪਣੀ ਜ਼ਿੰਦਗੀ ਨੂੰ ਕੇਵਲ ਰਾਜਨੀਤਿਕ ਸੰਘਰਸ਼ ਨਹੀਂ ਬਣਾਇਆ, ਸਗੋਂ ਇਕ ਐਸੇ ਪੰਜਾਬ ਦਾ ਸੁਪਨਾ ਜਾਪਿਆ ਜੋ ਕਦੇ ਵੀ ਆਪਣੀ ਭਾਸ਼ਾ, ਆਪਣੀ ਮਰਿਆਦਾ, ਆਪਣੀ ਕੌਮਿਕ ਪਛਾਣ ਤੋਂ ਵਾਂਝਾ ਨਾ ਰਹੇ। ਉਹ ਸਮਝਦੇ ਸਨ ਕਿ ਭਾਸ਼ਾ ਕੇਵਲ ਸ਼ਬਦਾਂ ਦਾ ਜੁੜਾਅ ਨਹੀਂ, ਇਹ ਮਿੱਟੀ ਦਾ ਵਰਕਾ ਹੈ, ਰੂਹ ਦਾ ਨਾਦ ਹੈ ਅਤੇ ਕੌਮ ਦੀ ਸ਼ਾਨ ਹੈ। ਇਸ ਨੁਕਤੇ ’ਤੇ ਹੀ ਮੇਰੇ ਪਰਿਵਾਰ ਦੀ ਕਹਾਣੀ ਉਨ੍ਹਾਂ ਨਾਲ ਜੁੜਦੀ ਹੈ, ਕਿਉਂਕਿ ਮੇਰੇ ਪਿਤਾ ਪਰਮਜੀਤ ਕੁਮਾਰ ਵੀ ਉਸੇ ਮਿੱਟੀ ਦੀ ਸੁਗੰਧ ਅਤੇ ਉਸੇ ਸੁਪਨੇ ਦੇ ਸਾਥੀ ਸਨ।

ਮੇਰੇ ਪਿਤਾ ਮਾਸਟਰ ਜੀ ਨੂੰ ਉਸ ਸਮੇਂ ਮਿਲੇ ਸਨ ਜਦੋਂ ਵੰਡ ਦੀਆਂ ਲਪਟਾਂ ਨੇ ਅਜੇ ਹਵਾ ਨੂੰ ਵੀ ਨਹੀਂ ਛੂਹਿਆ ਸੀ। ਉਹ ਜਵਾਨ ਸੀ- ਤਿੱਖੀ ਅੱਖਾਂ ਵਾਲਾ, ਨਿਆਂ ਲਈ ਸੰਵੇਦਨਸ਼ੀਲ, ਅਨਿਆਂ ਦੇ ਵਿਰੁੱਧ ਬੇਚੈਨ। ਮਾਸਟਰ ਜੀ ਵੱਲ ਉਨ੍ਹਾਂ ਨੂੰ ਕੋਈ ਰਾਜਨੀਤਿਕ ਲਾਲਚ ਨਹੀਂ ਲੈ ਕੇ ਗਿਆ; ਉਨ੍ਹਾਂ ਨੂੰ ਖਿੱਚਿਆ ਸੀ ਇਕ ਸਾਂਝੇ ਉਦੇਸ਼ ਨੇ- ਭਾਰਤ ਦੀ ਅਖੰਡਤਾ, ਪੰਜਾਬ ਦੀ ਇੱਜ਼ਤ ਅਤੇ ਕੌਮ ਦੀ ਬੱਚਤ। ਮਾਸਟਰ ਜੀ ਉਨ੍ਹਾਂ ਨੂੰ ਪਿਆਰ ਨਾਲ ‘ਛੋਟਾ ਭਰਾ’ ਕਹਿੰਦੇ ਸਨ। ਇਹ ਨਾਤਾ ਨਹੀਂ ਸੀ, ਇਹ ਇਕ ਰੂਹਾਨੀ ਜੁੜਾਅ ਸੀ। ਜਦੋਂ 1947 ਨੇ ਪੰਜਾਬ ਨੂੰ ਚੀਰ ਕੇ ਰੱਖ ਦਿੱਤਾ, ਦੁੱਖ ਦਾ ਸਾਗਰ ਪੈਦਾ ਹੋਇਆ ਪਰ ਉਨ੍ਹਾਂ ਦੀ ਦੋਸਤੀ ਡੁੱਬੀ ਨਹੀਂ- ਹੋਰ ਵੀ ਡੂੰਘੀ ਹੋ ਗਈ। ਜਿਵੇਂ ਇਤਿਹਾਸ ਖ਼ੁਦ ਉਨ੍ਹਾਂ ਨੂੰ ਇਕੱਠੇ ਖੜ੍ਹਾ ਕਰਨ ਲਈ ਬਣਿਆ ਸੀ।

1961 ਦਾ ਸਾਲ, ਅੰਮ੍ਰਿਤਸਰ ਦੀ ਤਪਦੀ ਗਰਮੀ ਅਤੇ ਦਰਬਾਰ ਸਾਹਿਬ ਸਾਹਮਣੇ ਬੈਠਿਆ ਉਹ ਅਡੋਲ ਮਨੁੱਖ- ਇਹ ਤਸਵੀਰ ਅੱਜ ਦੇ ਪੰਜਾਬ ਦੇ ਜ਼ਿਆਦਾਤਰ ਨੌਜਵਾਨਾਂ ਨੂੰ ਵੀ ਨਹੀਂ ਪਤਾ। ਮਾਸਟਰ ਤਾਰਾ ਸਿੰਘ ਨੇ ਪੰਜਾਬੀ ਭਾਸ਼ਾ ਨੂੰ ਪੰਜਾਬ ਦੀ ਮਾਣ-ਮਰਿਆਦਾ ਦਿਵਾਉਣ ਲਈ ਅਨਸ਼ਨ ਸ਼ੁਰੂ ਕੀਤਾ। 15 ਅਗਸਤ, ਜਦੋਂ ਸਾਰਾ ਦੇਸ਼ ਆਜ਼ਾਦੀ ਦਾ ਤਿਉਹਾਰ ਮਨਾ ਰਿਹਾ ਸੀ, ਉਹ ਆਪਣੇ ਪ੍ਰਾਣ ਦਾਅ ’ਤੇ ਲਾ ਰਹੇ ਸਨ। ਦਿਨ ਲੰਘਦੇ ਗਏ, ਸਰੀਰ ਕਮਜ਼ੋਰ ਹੋਇਆ, ਸਾਹ



ਮੋਨਿਕਾ ਬੀ. ਸੂਦ

ਧੀਮਾ ਹੋਇਆ ਪਰ ਉਨ੍ਹਾਂ ਦਾ ਇਰਾਦਾ ਪਹਾੜ ਵਾਂਗ ਅਟੱਲ। ਮੇਰੇ ਪਿਤਾ ਇਹ ਸਭ ਦੇਖਦੇ ਸਨ, ਇਕ ਅਜਿਹੇ ਡਰ ਨਾਲ ਜੋ ਉਹ ਕਦੇ ਮੰਨਦੇ ਨਹੀਂ ਸਨ ਕਿ ਪੰਜਾਬ ਇਸ ਮਨੁੱਖ ਨੂੰ ਖੋਹ ਨਹੀਂ ਸਕਦਾ।

ਜਦ 48ਵੇਂ ਦਿਨ ਸਰਕਾਰ ਨੇ ਗੱਲਬਾਤ ਮੰਨੀ, ਤਦ ਮੇਰੇ ਪਿਤਾ ਨੇ ਹੀ ਉਨ੍ਹਾਂ ਦੇ ਹੱਥ ’ਚ ਰਸ ਦਾ ਗਿਲਾਸ ਰੱਖ ਕੇ ਵਰਤ ਤੁੜਵਾਇਆ। ਪੰਜਾਬ ਸਾਹਿਤ ਅਕਾਦਮੀ ਨੇ ਬਾਅਦ ਵਿਚ ਉਨ੍ਹਾਂ ਦਾ ਸਨਮਾਨ ਕੀਤਾ ਪਰ ਮੇਰੇ ਪਿਤਾ ਲਈ ਅਸਲ ਸਨਮਾਨ ਉਹ ਇਹ ਸੀ ਕਿ ਉਹ ਇਕ ਮਹਾਨ ਮਨੁੱਖ ਦੇ ਨਾਲ ਉਸ ਵੇਲੇ ਖੜ੍ਹੇ ਸਨ ਜਦੋਂ ਉਨ੍ਹਾਂ ਦੀ ਸਭ ਤੋਂ ਜ਼ਿਆਦਾ ਲੋੜ ਸੀ। 1966 ਵਿਚ ਜਦ ਪੰਜਾਬੀ ਭਾਸ਼ਾਈ ਰਾਜ ਬਣਿਆ, ਇਸ ਨਵੇਂ ਪੰਜਾਬ ਦੀਆਂ ਨਿਰਮਾਣ ਰੇਖਾਵਾਂ ’ਚ ਮਾਸਟਰ ਤਾਰਾ ਸਿੰਘ ਅਤੇ ਮੇਰੇ ਪਿਤਾ ਵਰਗੇ ਖਾਮੋਸ਼ ਸਿਪਾਹੀਆਂ ਦੇ ਸੰਘਰਸ਼ ਦੀ ਮੋਹਰ ਸੀ।

ਮਾਸਟਰ ਤਾਰਾ ਸਿੰਘ ਦੀ ਜੰਗ ਕਦੇ ਸੱਤਾ ਲਈ ਨਹੀਂ ਸੀ। ਉਹ ਲੜੇ ਇਕ ਅਜਿਹੇ ਪੰਜਾਬ ਲਈ, ਜਿਸਦਾ ਦਿਲ ਭਾਸ਼ਾ ਵਿਚ ਧੜਕਦਾ ਹੈ, ਜਿਸਦੀ ਜੜ੍ਹ ਕਿਰਤ ਵਿਚ ਹੈ, ਜਿਸਦੇ ਵਚਨ ਗੁਰਬਾਣੀ ਦੀ ਰੌਸ਼ਨੀ ਵਿਚ ਲਿਖੇ ਜਾਂਦੇ ਹਨ। ਉਹ ਚਾਹੁੰਦੇ ਸਨ ਕਿ ਪੰਜਾਬ ਦੀ ਜਵਾਨੀ ਆਪਣੀ ਰੂਹ, ਆਪਣੀ ਸ਼ਾਨ, ਆਪਣੀ ਪ੍ਰੰਪਰਾ ’ਚ ਮਜ਼ਬੂਤ ਰਹੇ। ਮੇਰੇ ਪਿਤਾ ਨੇ ਇਹੋ ਮੁੱਲ ਅਣਜਾਣੇ ਹੀ ਮੇਰੇ ਅੰਦਰ ਵਿਚਕਾਰ ਦੇ ਦਿੱਤੇ- ਕਦੇ ਬੋਲੇ ਬਿਨਾਂ, ਪਰ ਡੂੰਘਾਈ ਨਾਲ।

ਅੱਜ ਜਦੋਂ ਮੈਂ, ਮੋਨਿਕਾ ਬੀ. ਸੂਦ ਪੰਜਾਬ ਦੇ ਆਸਮਾਨ ਹੇਠ ਖੜ੍ਹੀ ਹਾਂ, ਮੈਂ ਇਕੱਲੀ ਨਹੀਂ ਖੜ੍ਹੀ। ਮੈਂ ਉਨ੍ਹਾਂ ਦੋ ਪੁਰਸ਼ਾਂ ਦੇ ਮੋਢਿਆਂ ’ਤੇ ਖੜ੍ਹੀ ਹਾਂ ਜਿਨ੍ਹਾਂ ਨੇ ਭਾਰਤ ਦੀ ਏਕਤਾ, ਪੰਜਾਬ ਦੀ ਪਛਾਣ ਅਤੇ ਕੌਮ ਦੀ ਰੂਹਾਨੀ ਅਖੰਡਤਾ ਨਾਲ ਕਦੇ ਸਮਝੌਤਾ ਨਹੀਂ ਕੀਤਾ। ਉਨ੍ਹਾਂ ਦੇ ਆਦਰਸ਼ ਮੇਰੇ ਹਰ ਕੰਮ ਵਿਚ ਗੂੰਜਦੇ ਹਨ- ਚਾਹੇ ਇਹ ਆਤਮਨਿਰਭਰ ਭਾਰਤ ਲਈ ਮੇਰਾ ਵਿਸ਼ਵਾਸ ਹੋਵੇ ਜਾਂ ਪੰਜਾਬ ਦੀਆਂ ਸੱਭਿਆਚਾਰਕ ਜੜ੍ਹਾਂ ਦੀ ਰੱਖਿਆ ਲਈ ਮੇਰੀ ਨਿਸ਼ਠਾ।

ਪੰਜਾਬ ਅੱਜ ਮੁੜ ਆਪਣੇ ਰਸਤੇ ਦੀ ਤਲਾਸ਼ ਕਰ ਰਿਹਾ ਹੈ- ਉਹੀ ਰਾਹ ਜੋ ਮਾਸਟਰ ਤਾਰਾ ਸਿੰਘ ਨੇ ਵੇਖਿਆ ਸੀ : ਮਾਣ ਵਾਲਾ, ਖ਼ੁਦਮੁਖਤਿਆਰ, ਭਾਸ਼ਾਈ ਤੌਰ ’ਤੇ ਸ਼ਕਤੀਸ਼ਾਲੀ ਅਤੇ ਸੱਭਿਆਚਾਰਕ ਤੌਰ ’ਤੇ ਰੌਸ਼ਨ ਅਤੇ ਇਸ ਲਈ ਇਹ ਸ਼ਰਧਾਂਜਲੀ ਕੇਵਲ ਯਾਦ ਨਹੀਂ, ਇਹ ਜ਼ਿੰਮੇਵਾਰੀ ਹੈ। ਇਤਿਹਾਸ ਸਿਰਫ ਉਹ ਨਹੀਂ ਜੋ ਲਿਖਿਆ ਜਾਂਦਾ ਹੈ; ਇਤਿਹਾਸ ਉਹ ਵੀ ਹੈ ਜੋ ਯਾਦ ਰੱਖਿਆ ਜਾਂਦਾ ਹੈ, ਜੋ ਦਿਲਾਂ ਵਿਚ ਵੱਸਦਾ ਰਹਿੰਦਾ ਹੈ।

ਅੱਜ, ਮਾਸਟਰ ਤਾਰਾ ਸਿੰਘ ਜੀ ਦੀ 58ਵੀਂ ਬਰਸੀ ’ਤੇ, ਮੈਂ ਉਨ੍ਹਾਂ ਨੂੰ ਸਿਰ ਝੁਕਾ ਕੇ ਨਮਨ ਕਰਦੀ ਹਾਂ ਅਤੇ ਆਪਣੇ ਪਿਤਾ ਦੀ ਵਿਰਾਸਤ ਨੂੰ ਆਪਣੇ ਨਾਲ ਲੈਂਦੀ ਹਾਂ। ਇਹ ਮੇਰੀ ਸ਼ਰਧਾਂਜਲੀ ਹੈ। ਇਹ ਮੇਰੀ ਵਿਰਾਸਤ ਹੈ ਅਤੇ ਇਹ ਮੇਰਾ ਵਚਨ ਹੈ।

# ਭਾਰਤ ਦੀ ਚਿੰਤਾ ਵਧਾਉਂਦਾ ਬੰਗਲਾਦੇਸ਼



ਬੰਗਲਾਦੇਸ਼ ਦੀ ਜਲਾਵਤਨ ਕੀਤੀ ਗਈ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੇ 2010 ਵਿਚ ਅੰਤਰਰਾਸ਼ਟਰੀ ਕ੍ਰਾਈਮਜ਼ ਟ੍ਰਿਬਿਊਨਲ ਦੀ ਸਥਾਪਨਾ ਦੇ ਸਮੇਂ ਇਹ ਕਲਪਨਾ ਵੀ ਨਹੀਂ ਕੀਤੀ ਹੋਵੇਗੀ ਕਿ 15 ਸਾਲਾਂ ਬਾਅਦ ਇਹੀ ਅਦਾਲਤ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਏਗੀ। ਪ੍ਰਧਾਨ ਮੰਤਰੀ ਹਸੀਨਾ ਨੇ ਇਸ ਟ੍ਰਿਬਿਊਨਲ ਦੀ ਸਥਾਪਨਾ 1971 ਦੇ ਮੁਕਤੀ ਸੰਗਰਾਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਕੀਤੀ ਸੀ ਤਾਂ ਜੋ ਮਨੁੱਖਤਾ ਖ਼ ?ਲਾਫ਼ ਹੋਏ ਘਿਨੌਣੇ ਅਪਰਾਧਾਂ ਦੇ ਦੋਸ਼ੀਆਂ ਨੂੰ ਉਨ੍ਹਾਂ ਦੀਆਂ ਕਰਤੂਤਾਂ ਦੀ ਸਜ਼ਾ ਦਿਵਾਈ ਜਾ ਸਕੇ। ਹਾਲ ਹੀ ਵਿਚ, ਇਸੇ ਟ੍ਰਿਬਿਊਨਲ ਨੇ ਸ਼ੇਖ਼ ਹਸੀਨਾ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਉਨ੍ਹਾਂ ਖ਼ ?ਲਾਫ਼ ਬੰਗਲਾਦੇਸ਼ ਵਿਚ ਕਈ ਮਾਮਲੇ ਦਰਜ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਮਾਮਲੇ ਜੁਲਾਈ 2024 ਵਿਚ ਹੋਏ ਵਿਰੋਧ-ਪ੍ਰਦਰਸ਼ਨਾਂ ਨਾਲ ਜੁੜੇ ਹਨ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਹਾਈ ਕਮਿਸ਼ਨ ਦੇ ਦਫ਼ਤਰ ਨੇ ਹਸੀਨਾ ਨੂੰ ਸੁਣਾਈ ਗਈ ਮੌਤ ਦੀ ਸਜ਼ਾ ਨੂੰ ਗ਼ਲਤ ਠਹਿਰਾਇਆ ਹੈ। ਹਾਲਾਂਕਿ, ਉਸ ਨੇ ਇਹ ਵੀ ਕਿਹਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੂੰ ਦੋਸ਼ੀ ਕਰਾਰ ਦੇਣਾ ਪਿਛਲੇ ਸਾਲ ਵਿਰੋਧ-ਪ੍ਰਦਰਸ਼ਨਾਂ ਦੇ ਦਮਨ ਦੌਰਾਨ ਹੋਈਆਂ ਗੰਭੀਰ ਉਲੰਘਣਾਵਾਂ ਦੇ ਪੀੜਤਾਂ ਲਈ ਇਕ ਮਹੱਤਵਪੂਰਨ ਪੜਾਅ ਹੈ। ਜ਼ਿਕਰਯੋਗ ਹੈ ਕਿ ਹਾਈ ਕਮਿਸ਼ਨ ਦੇ ਦਫ਼ਤਰ ਨੇ ਇਸ ਸਾਲ ਫਰਵਰੀ ਵਿਚ ਆਪਣੀ ਫੈਕਟ ਫਾਈਂਡਿੰਗ ਰਿਪੋਰਟ ਵਿਚ ਸਾਬਕਾ ਪ੍ਰਧਾਨ ਮੰਤਰੀ ਹਸੀਨਾ ਦੀ ਜੁਲਾਈ-ਅਗਸਤ 2024 ਵਿਚ ਕੀਤੀ ਗਈ ਪੁਲਿਸ ਕਾਰਵਾਈ ਵਿਚ ਸ਼ਮੂਲੀਅਤ ਵੀ ਪਾਈ ਗਈ ਸੀ।

ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਕਿਉਂਕਿ ਇਸ ਸਮੇਂ ਭਾਰਤ ਵਿਚ ਹਨ ਅਤੇ ਟ੍ਰਿਬਿਊਨਲ ਵਿਚ ਚੱਲ ਰਹੀ ਕਾਰਵਾਈ ਮੌਜੂਦਾ ਸਰਕਾਰ ਦੀ ਮਨਮਰਜ਼ੀ ਨਾਲ ਹੋਈ ਹੈ, ਇਸ ਲਈ ਉਨ੍ਹਾਂ ਦੀ ਗ਼ੈਰ-ਮੌਜੂਦਗੀ ਵਿਚ ਇਸ ਤਰ੍ਹਾਂ ਦੇ ਫ਼ੈਸਲੇ ਦਾ ਆਉਣਾ ਟ੍ਰਿਬਿਊਨਲ ਦੀ ਆਜ਼ਾਦੀ 'ਤੇ ਸਵਾਲ ਖੜ੍ਹੇ ਕਰਦਾ ਹੈ ਅਤੇ ਇਹ ਸਿਆਸਤ ਤੋਂ ਪ੍ਰੇਰਿਤ ਲੱਗਦਾ ਹੈ। ਇਸ ਫ਼ੈਸਲੇ ਨਾਲ ਇਹ ਵੀ ਲਗਪਗ ਸਾਫ਼ ਹੋ ਗਿਆ ਹੈ ਕਿ ਹੁਣ ਸ਼ੇਖ਼ ਹਸੀਨਾ ਦੀ ਬੰਗਲਾਦੇਸ਼ ਵਾਪਸੀ ਅਸੰਭਵ ਹੈ। ਅੰਤਰਿਮ ਸ਼ਾਸਨ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਦੀ ਸਰਕਾਰ ਨੇ ਪਹਿਲਾਂ ਹੀ ਸ਼ੇਖ਼ ਹਸੀਨਾ ਦੀ ਅਵਾਮੀ ਲੀਗ ਪਾਰਟੀ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਹੁਣ ਹਸੀਨਾ ਨੂੰ ਮੌਤ ਦੀ ਸਜ਼ਾ ਦਾ ਫ਼ੈਸਲਾ ਉਨ੍ਹਾਂ ਦੀ ਵਾਪਸੀ ਦੀਆਂ ਬਚੀਆਂ-ਖੁਚੀਆਂ ਉਮੀਦਾਂ ਨੂੰ ਵੀ ਖ਼ਤਮ ਕਰਨ ਵਾਲਾ ਹੈ। ਇਸ ਦੇ ਨਾਲ ਹੀ ਬੰਗਲਾਦੇਸ਼ ਦੇ ਭਵਿੱਖ ਬਾਰੇ ਹੁਣ ਨਵੀਂ ਚਰਚਾ ਸ਼ੁਰੂ ਹੋ ਗਈ ਹੈ। ਇਕ ਤਾਂ ਇਹ ਕਿ ਅਜਿਹਾ

**-ਰਿਸ਼ੀ ਗੁਪਤਾ**

ਫ਼ੈਸਲਾ ਕਿੰਨਾ ਨਿਆਂ-ਸੰਗਤ ਹੈ ਅਤੇ ਦੂਜਾ ਇਹ ਕਿ ਹਸੀਨਾ ਦੀ ਹਵਾਲਗੀ ਨਾਲ ਜੁੜੀ ਬੰਗਲਾਦੇਸ਼ ਦੀ ਮੰਗ 'ਤੇ ਭਾਰਤ ਨੂੰ ਕੀ ਰੁਖ਼ ਅਪਣਾਉਣਾ ਚਾਹੀਦਾ ਹੈ? ਇਸ ਦਾ ਕੋਈ ਸੰਕੇਤ ਨਹੀਂ ਹੈ ਕਿ ਭਾਰਤ ਸ਼ੇਖ਼ ਹਸੀਨਾ ਨੂੰ ਬੰਗਲਾਦੇਸ਼ ਨੂੰ ਸੌਂਪੇਗਾ। ਬੰਗਲਾਦੇਸ਼ ਨੂੰ ਇਸ ਦੀ ਉਮੀਦ ਨਹੀਂ ਰੱਖਣੀ ਚਾਹੀਦੀ ਪਰ ਇਹ ਵੀ ਸੱਚ ਹੈ ਕਿ ਉਹ ਹਸੀਨਾ ਨੂੰ ਆਪਣੇ ਹਵਾਲੇ ਕਰਨ ਦੀ ਮੰਗ ਕਰਦਾ ਰਹੇਗਾ। ਇਸ ਸਿਲਸਿਲੇ ਵਿਚ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਸ਼ੇਖ਼ ਹਸੀਨਾ ਨੂੰ ਹਫ਼ੜਾ-ਦਫ਼ੜੀ 'ਚ ਢਾਕਾ ਤੋਂ ਦਿੱਲੀ ਉਸੇ ਫ਼ੌਜ ਨੇ ਭੇਜਿਆ ਸੀ ਜਿਸ ਦੇ ਸਮਰਥਨ ਨਾਲ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਕਾਇਮ ਹੋਈ ਹੈ।

ਅੱਜ ਬੰਗਲਾਦੇਸ਼ ਦੇ ਮਾਹੌਲ 'ਤੇ ਗ਼ੌਰ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਇਸ ਦੇਸ਼ ਦੇ ਇਤਿਹਾਸ ਦਾ ਇਕ ਦੂਜਾ ਅਧਿਆਇ ਹੈ। ਪਹਿਲਾ ਅਧਿਆਇ 1971 ਦੇ ਆਜ਼ਾਦੀ ਅੰਦੋਲਨ, ਉਸ ਦੇ ਪਾਕਿਸਤਾਨ ਤੋਂ ਅਲੱਗ ਹੋਣ ਅਤੇ ਭਾਰਤ ਦੇ ਅਥਾਹ ਸਹਿਯੋਗ ਨਾਲ ਉਪਜੇ ਮੁਹਾਂਦਰੇ ਦਾ ਹੈ। ਦੂਜਾ ਅਧਿਆਇ ਜੁਲਾਈ 2024 ਦੇ ਅੰਦੋਲਨ ਤੋਂ ਉੱਭਰਿਆ ਜਿਸ ਦਾ ਟੀਚਾ ਬੰਗਲਾਦੇਸ਼ ਦੀ ਰਾਜਨੀਤਕ ਦਸ਼ਾ-ਦਿਸ਼ਾ ਨੂੰ ਬਦਲਣਾ ਸੀ। ਬਿਨਾਂ ਅਵਾਮੀ ਲੀਗ ਅਤੇ ਸ਼ੇਖ਼ ਹਸੀਨਾ ਦੇ ਬੰਗਲਾਦੇਸ਼ ਦੀ ਕਲਪਨਾ ਕਰਨਾ ਹਾਲੇ ਮੁਸ਼ਕਲ ਹੈ ਪਰ ਇਤਿਹਾਸ ਗਵਾਹ ਹੈ ਕਿ ਉਨ੍ਹਾਂ ਦੀ ਗ਼ੈਰ-ਮੌਜੂਦਗੀ ਜਾਂ ਕਮਜ਼ੋਰੀ ਦੀ ਸਥਿਤੀ ਵਿਚ ਬੰਗਲਾਦੇਸ਼ ਵਿਚ ਕੁਝ ਖ਼ਾਸ ਤਾਕਤਾਂ ਮਜ਼ਬੂਤ ਹੁੰਦੀਆਂ ਗਈਆਂ। ਇਨ੍ਹੀਂ ਦਿਨੀਂ ਵੀ ਅਜਿਹੀਆਂ ਹੀ ਕੱਟੜਪੰਥੀ ਤਾਕਤਾਂ ਮਜ਼ਬੂਤ ਹੋ ਰਹੀਆਂ ਹਨ ਅਤੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਪਾਕਿਸਤਾਨ ਦੀਆਂ ਹਮਦਰਦੀ ਹਨ। ਉਸੇ ਪਾਕਿਸਤਾਨ ਦੀਆਂ, ਜਿਸ ਨੇ ਬੰਗਲਾਦੇਸ਼ ਦੇ ਨਿਰਮਾਣ ਤੋਂ ਪਹਿਲਾਂ ਉੱਥੋਂ ਦੇ ਲੋਕਾਂ ਨੂੰ ਭਿਆਨਕ ਤਸੀਹੇ ਦਿੱਤੇ ਸਨ। ਹੁਣ ਜਦੋਂ ਬੰਗਲਾਦੇਸ਼ ਦੀ ਜਨਤਾ ਦਾ ਇਕ ਵੱਡਾ ਹਿੱਸਾ ਆਪਣੇ ਇਤਿਹਾਸ ਨੂੰ ਨਵੇਂ ਸਿਰੇ ਤੋਂ ਲਿਖਣ 'ਤੇ ਉਤਾਰੂ ਹੋਵੇ ਅਤੇ ਅੰਤਰਿਮ ਸਰਕਾਰ ਵੀ ਉਸ ਦਾ ਸਾਥ ਦੇ ਰਹੀ ਹੋਵੇ ਤਾਂ ਇਸ ਪਹਿਲੂ ਦੀ ਵੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ 1971 ਦੇ ਇਤਿਹਾਸ ਨੂੰ ਸ਼ੇਖ਼ ਹਸੀਨਾ ਦੁਆਰਾ ਜਿਸ ਤਰ੍ਹਾਂ ਪੇਸ਼ ਕੀਤਾ ਗਿਆ, ਉਹ ਵੀ ਕਿਤੇ ਨਾ ਕਿਤੇ ਉਨ੍ਹਾਂ ਦੇ ਖ਼ਿਲਾਫ਼ ਗਿਆ। ਬੰਗਲਾਦੇਸ਼ ਵਿਚ ਇਕ ਨਵੀਂ ਪੀੜ੍ਹੀ 1971 ਦੇ ਇਤਿਹਾਸ ਨਾਲ ਆਪਣੀ ਪੁਰਾਣੀ ਪੀੜ੍ਹੀ ਦੀ ਤਰ੍ਹਾਂ ਨਹੀਂ ਜੁੜ ਪਾ ਰਹੀ, ਤਾਂ ਉੱਥੇ ਵਿਦੇਸ਼ ਨੀਤੀ ਦਾ ਬਦਲਣਾ ਵੀ ਸੁਭਾਵਕ ਹੈ। ਜਦਕਿ ਬੰਗਲਾਦੇਸ਼ ਵਿਚ ਭਾਰਤ ਖ਼ਿਲਾਫ਼ ਮਾਹੌਲ ਬਣ ਰਿਹਾ ਹੈ, ਇਸ ਲਈ ਸ਼ਾਇਦ ਇਹ ਨਵੀਂ ਦਿੱਲੀ ਲਈ ਵੀ ਇਕ ਮੌਕਾ ਹੈ ਕਿ ਉਹ ਵੀ ਉਸ ਇਤਿਹਾਸ ਤੋਂ ਪਰੇ ਰਹਿੰਦਾ ਹੋਇਆ ਮੌਜੂਦਾ ਪਰਿਪੇਖ ਵਿਚ ਢਾਕਾ ਨਾਲ ਗੱਲਬਾਤ ਦੀ ਸੰਭਾਵਨਾਵਾਂ ਖੋਜੇ। ਹਾਲਾਂਕਿ ਇਹ ਇੰਨਾ ਆਸਾਨ ਨਹੀਂ ਹੈ ਕਿਉਂਕਿ ਬੰਗਲਾਦੇਸ਼ ਦੀ ਭੂ-ਰੱਖਿਆ ਸਥਿਤੀ ਅਤੇ ਉੱਥੇ ਸਰਗਰਮ ਸਾਰੇ ਆਕਰਸ਼ਕ ਅੱਤਵਾਦੀ ਸਮੂਹ ਭਾਰਤ ਦੀ ਸੁਰੱਖਿਆ 'ਤੇ ਇਕ ਵੱਡਾ ਸਵਾਲੀਆ ਨਿਸ਼ਾਨ ਲਗਾਉਂਦੇ ਹਨ। ਹਾਲੀਆ ਦਿੱਲੀ ਦੇ ਧਮਾਕਿਆਂ ਦੇ ਕੁਝ ਤਾਰ ਵੀ ਬੰਗਲਾਦੇਸ਼ ਨਾਲ ਜੁੜਦੇ ਦਿਖਾਈ ਦੇ ਰਹੇ ਹਨ। ਇਸ ਤੋਂ ਇਲਾਵਾ, ਭਾਰਤ ਚੀਨ ਦੀ ਤਰ੍ਹਾਂ ਬੰਗਲਾਦੇਸ਼ ਦੇ ਮਾਮਲਿਆਂ ਨੂੰ ਸਿਰਫ਼ ਅੰਦਰੂਨੀ ਮੁੱਦਾ ਨਹੀਂ ਕਹਿ ਸਕਦਾ ਕਿਉਂਕਿ ਉੱਥੋਂ ਆਉਣ ਵਾਲੇ ਘੁਸਪੈਠੀਏ ਲਗਾਤਾਰ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਲਈ ਖ਼ਤਰਾ ਬਣੇ ਹੋਏ ਹਨ। ਜੇ ਭਾਰਤ ਬੰਗਲਾਦੇਸ਼ ਵੱਲ ਫਿਰ ਤੋਂ ਇਕ ਨਵੀਂ ਸੋਚ ਨਾਲ ਹੱਥ ਵਧਾਏ ਤਾਂ ਵੀ ਇਹ ਪੂਰੀ ਤਰ੍ਹਾਂ ਨਿਸ਼ਚਿਤ ਨਹੀਂ ਹੈ ਕਿ ਉਸ ਦਾ ਜਵਾਬ ਸਕਾਰਾਤਮਕ ਮਿਲੇ, ਕਿਉਂਕਿ ਭਾਰਤ ਦਾ ਵਿਰੋਧ ਕਰਨਾ ਇਸ ਸਮੇਂ ਬੰਗਲਾਦੇਸ਼ ਦਾ ਇਕ ਅਨਿੱਖੜਵਾਂ ਹਿੱਸਾ ਬਣ ਗਿਆ ਹੈ ਅਤੇ ਸ਼ੇਖ਼ ਹਸੀਨਾ ਦੀ ਹਵਾਲਗੀ ਦਾ ਮੁੱਦਾ ਵਾਰ-ਵਾਰ ਉਠਾਇਆ ਜਾਂਦਾ ਰਹੇਗਾ।

ਮੁਹੰਮਦ ਯੂਨਸ ਅੰਤਰਿਮ ਸਰਕਾਰ ਦੇ ਇਕ ਨਾ ਚੁਣੇ ਹੋਏ ਮੁੱਖ ਸਲਾਹਕਾਰ ਹਨ। ਉਨ੍ਹਾਂ ਨੂੰ ਇਕ ਖ਼ਾਸ ਤਬਕੇ ਅਤੇ ਸੋਚ ਵਾਲੇ ਸਮੂਹ ਨੇ ਹੀ ਸੱਤਾ ਦੇ ਸਿਖਰ 'ਤੇ ਬਿਠਾਇਆ ਹੈ। ਅਜਿਹੇ ਵਿਚ ਸੰਭਵ ਹੈ ਕਿ ਉਹ ਉਸੇ ਤਬਕੇ ਦੇ ਨਿਰਦੇਸ਼ਾਂ 'ਤੇ ਆਪਣੀ ਭਾਰਤ ਨੀਤੀ ਬਣਾਉਣ। ਹਾਲਾਂਕਿ ਇਹ ਜ਼ਰੂਰੀ ਨਹੀਂ ਕਿ ਇਕ ਚੁਣੀ ਹੋਈ ਸਰਕਾਰ ਵੀ ਭਾਰਤ ਪ੍ਰਤੀ ਅਜਿਹਾ ਹੀ ਰਵੱਈਆ ਅਪਣਾਏਗੀ ਕਿਉਂਕਿ ਉਸ ਦੇ ਸਾਹਮਣੇ ਜਨਤਾ ਪ੍ਰਤੀ ਜਵਾਬਦੇਹੀ ਦਾ ਪਹਿਲੂ ਵੀ ਹੋਵੇਗਾ। ਇਹ ਮੰਨਣਾ ਵੀ ਠੀਕ ਨਹੀਂ ਹੋਵੇਗਾ ਕਿ ਬੰਗਲਾਦੇਸ਼ ਨੂੰ ਲੈ ਕੇ ਭਾਰਤ ਦੀ ਸੋਚ ਵਿਚ ਇਹੋ ਸਥਿਤੀ ਬਣੀ ਰਹੇਗੀ ਜੋ ਹੁਣ ਹੈ। ਜੇ ਇਸ ਸਮੇਂ ਬੰਗਲਾਦੇਸ਼ ਦੇ ਰਾਜਨੀਤਕ ਮਾਹੌਲ ਨੂੰ ਦੇਖਿਆ ਜਾਵੇ ਤਾਂ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਲਈ ਸਹਿਯੋਗੀ ਪਾਰਟੀਆਂ ਦੇ ਨਾਲ ਮਿਲ ਕੇ ਸਰਕਾਰ ਬਣਾਉਣ ਦਾ ਇਕ ਮੌਕਾ ਬਣ ਸਕਦਾ ਹੈ ਜੋ ਭਾਰਤ ਪ੍ਰਤੀ ਸ਼ੇਖ਼ ਹਸੀਨਾ ਦੇ ਲਗਾਅ ਕਾਰਨ ਉਨ੍ਹਾਂ ਦੀ ਵਿਰੋਧੀ ਰਹੀ ਹੈ। ਫਿਰ ਵੀ, ਇਹ ਯਾਦ ਰੱਖਣਾ ਚਾਹੀਦਾ ਹੈ ਕਿ ਵਿਦੇਸ਼ ਨੀਤੀ ਵਿਚਾਰਧਾਰਾ ਦੇ ਰੁਖ਼ ਦੇ ਬਜਾਏ ਹਕੀਕੀ ਰਾਜਨੀਤੀ 'ਤੇ ਆਧਾਰਤ ਹੁੰਦੀ ਹੈ ਅਤੇ ਅਜਿਹਾ ਰੁਖ਼ ਭਾਰਤ-ਬੰਗਲਾਦੇਸ਼ ਦੇ ਨੀਤੀ ਨਿਰਧਾਰਨ ਵਿਚ ਆਉਣ ਵਾਲੇ ਦਿਨਾਂ ਵਿਚ ਇਕ ਵੱਡੀ ਭੂਮਿਕਾ ਨਿਭਾਏਗਾ।

# ਅੱਤਵਾਦ ਨੇ ਪੇਸ਼ ਕੀਤੀ ਨਵੀਂ ਚੁਣੌਤੀ



ਭਾਰਤ ਦੇ ਪ੍ਰਧਾਨ ਮੰਤਰੀ ਹਰ ਸੁਤੰਤਰਤਾ ਦਿਵਸ 'ਤੇ ਲਾਲ ਕਿਲ੍ਹੇ ਦੀ ਜਿਸ ਫਸੀਲ ਤੋਂ ਰਾਸ਼ਟਰ ਨੂੰ ਸੰਬੋਧਨ ਕਰਦੇ ਹਨ, ਉੱਥੇ ਇਕ ਭਿਅੰਕਰ ਅੱਤਵਾਦੀ ਹਮਲੇ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਅੱਤਵਾਦ ਖ਼ ?ਲਾਫ਼ ਜ਼ੀਰੋ ਟਾਲਰੈਂਸ ਦੀ ਸਰਕਾਰ ਦੀ ਨੀਤੀ ਅਤੇ ਸੁਰੱਖਿਆ ਸੰਸਥਾਵਾਂ ਦੀ ਸਰਗਰਮੀ ਕਾਰਨ ਪਿਛਲੇ ਕੁਝ ਸਾਲਾਂ ਤੋਂ ਦੇਸ਼ ਅੱਤਵਾਦੀ ਹਮਲਿਆਂ ਤੋਂ ਇਕ ਵੱਡੀ ਹੱਦ ਤੱਕ ਸੁਰੱਖਿਅਤ ਰਿਹਾ ਹੈ ਪਰ ਇਸ ਹਮਲੇ ਨੇ ਸੁਰੱਖਿਆ ਦੇ ਮਾਮਲੇ 'ਚ ਬਣੇ ਭਰੋਸੇ 'ਚ ਸੰਨ੍ਹਮਾਰੀ ਕਰਨ ਦਾ ਕੰਮ ਕੀਤਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਸੁਰੱਖਿਆ ਏਜੰਸੀਆਂ ਨੇ ਇਕ ਵੱਡੀ ਸਾਜ਼ਿਸ਼ ਨੂੰ ਬੇਨਕਾਬ ਕਰ ਦਿੱਤਾ ਹੈ ਅਤੇ ਦਿੱਲੀ ਵਿਚ ਹੋਇਆ ਧਮਾਕਾ ਉਸੇ ਹਤਾਸ਼ਾ-ਨਿਰਾਸ਼ਾ ਦਾ ਨਤੀਜਾ ਸੀ। ਇਸ ਤੋਂ ਕੁਝ ਸਮਾਂ ਪਹਿਲਾਂ ਹੀ ਸੁਰੱਖਿਆ ਏਜੰਸੀਆਂ ਨੇ ਫਰੀਦਾਬਾਦ ਵਿਚ ਡਾਕਟਰਾਂ ਦੇ ਇਕ ਅੱਤਵਾਦੀ ਮਾਡਿਊਲ ਨੂੰ ਬੇਨਕਾਬ ਕਰਨ ਦੇ ਨਾਲ ਹੀ ਭਾਰੀ ਮਾਤਰਾ ਵਿਚ ਵਿਸਫੋਟਕ ਪਦਾਰਥ ਵੀ ਜ਼ਬਤ ਕੀਤਾ ਸੀ। ਮੰਨਿਆ ਜਾ ਰਿਹਾ ਹੈ ਕਿ ਇਸ ਅਚਾਨਕ ਕਾਰਵਾਈ ਕਾਰਨ ਹੈਰਾਨ-ਪਰੇਸ਼ਾਨ ਹੋਏ ਅੱਤਵਾਦੀਆਂ ਨੇ ਦਿੱਲੀ ਵਿਚ ਬਿਨਾਂ ਕਿਸੇ ਯੋਜਨਾ ਦੇ ਧਮਾਕਾ ਕਰ ਕੇ ਆਪਣੀ ਭੜਾਸ ਕੱਢੀ। ਹਾਲਾਂਕਿ ਇਸ ਨੂੰ ਇਕ ਅਚਾਨਕ ਕੀਤਾ ਗਿਆ ਅੱਤਵਾਦੀ ਹਮਲਾ ਕਿਹਾ ਜਾ ਰਿਹਾ ਹੈ ਪਰ ਇਸ ਵਿਚ ਸ਼ਾਮਲ ਕੁਝ ਪਹਿਲੂਆਂ ਨੂੰ ਹਰਗਿਜ਼ ਅਣਡਿੱਠ ਨਹੀਂ ਕੀਤਾ ਜਾ ਸਕਦਾ। ਰਾਸ਼ਟਰੀ ਰਾਜਧਾਨੀ ਖੇਤਰ ਵਿਚ ਕਈ ਜਗ੍ਹਾ ਬੇਰੋਕ-ਟੋਕ ਆਵਾਜਾਈ ਤੋਂ ਬਾਅਦ ਅੱਤਵਾਦੀਆਂ ਨੇ ਧਮਾਕੇ ਲਈ ਦਿੱਲੀ ਦੇ ਇਕ ਪ੍ਰਮੁੱਖ ਸਥਾਨ ਨੂੰ ਚੁਣਿਆ। ਇਹ ਇਲਾਕਾ ਨਾ ਸਿਰਫ਼ ਇਤਿਹਾਸਕ ਤੌਰ 'ਤੇ ਮਹੱਤਵ ਰੱਖਦਾ ਹੈ ਸਗੋਂ ਵਣਜ-ਸੰਸਕ੍ਰਿਤਿਕ ਅਤੇ ਸੈਰ-ਸਪਾਟਾ ਗਤੀਵਿਧੀਆਂ ਦਾ ਵੀ ਪ੍ਰਮੁੱਖ ਕੇਂਦਰ ਹੈ। ਧਮਾਕੇ ਲਈ ਜੋ ਸਮਾਂ ਚੁਣਿਆ ਗਿਆ, ਉਹ ਤੁਲਨਾਤਮਕ ਤੌਰ 'ਤੇ ਰੁਝੇਵਿਆਂ ਵਾਲਾ ਹੁੰਦਾ ਹੈ। ਜ਼ਾਹਰ ਹੈ ਕਿ ਅੱਤਵਾਦੀ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣਾ ਚਾਹੁੰਦੇ ਸਨ। ਇਸ ਨਾਲ ਅੱਤਵਾਦ ਤੋਂ ਸੁਰੱਖਿਆ ਨੂੰ ਲੈ ਕੇ ਬਣੇ ਮਾਹੌਲ ਅਤੇ ਭਰੋਸੇ ਦੇ ਭਾਵ 'ਤੇ ਯਕੀਨੀ ਤੌਰ 'ਤੇ ਸੱਟ ਵੱਜੀ ਹੈ।

ਜਾਂਚ ਏਜੰਸੀਆਂ ਹਰ ਸੰਭਵ ਪਹਿਲੂ ਤੋਂ ਜਾਂਚ ਵਿਚ ਜੁਟੀਆਂ ਹਨ, ਪਰ ਇਹ ਮੰਨਣ ਦੇ ਚੰਗੇ-ਭਲੇ ਕਾਰਨ ਹਨ ਕਿ ਇਸ ਦੇ ਪਿੱਛੇ ਪਾਕਿਸਤਾਨ ਹੀ ਹੈ। ਪਾਕਿਸਤਾਨ ਅੱਤਵਾਦ ਨੂੰ ਆਪਣੀ ਸਰਕਾਰੀ-ਨੀਤੀ ਦੇ ਤੌਰ 'ਤੇ ਵਰਤਦਾ ਹੈ ਪਰ ਅਜਿਹਾ ਲੱਗਦਾ ਹੈ ਕਿ ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਭਾਰਤ ਦੀ ਕਾਰਵਾਈ ਤੋਂ ਡਰੇ ਪਾਕਿਸਤਾਨ ਨੇ ਆਪਣੀ ਰਣਨੀਤੀ ਕੁਝ ਬਦਲੀ ਹੈ। ਇਹੀ ਕਾਰਨ ਹੈ ਕਿ ਸ਼ੁਰੂਆਤੀ ਜਾਂਚ ਦੌਰਾਨ ਇਸ ਹਮਲੇ ਦੇ ਤਾਰ ਬੰਗਲਾਦੇਸ਼ ਤੋਂ ਲੈ ਕੇ ਤੁਰਕੀ ਤੱਕ ਜੁੜਦੇ ਦਿਖਾਈ ਦਿੱਤੇ। ਇਸ ਦੇ ਨਾਲ ਹੀ ਮਕਬੂਜ਼ਾ ਕਸ਼ਮੀਰ ਦੇ ਸਾਬਕਾ ਪ੍ਰਧਾਨ ਮੰਤਰੀ ਦਾ ਇੰਕਸ਼ਾਫ਼ ਵੀ ਪਾਕਿਸਤਾਨ ਦੀ ਬਦਨੀਅਤੀ ਦੀ ਪੁਸ਼ਟੀ ਕਰਨ ਵਾਲਾ ਰਿਹਾ ਹੈ। ਹਮਲੇ ਵਾਲੇ ਦਿਨ ਸੁਰੱਖਿਆ ਏਜੰਸੀਆਂ ਨੂੰ ਇਸ ਗੱਲ ਦਾ ਭਰੋਸਾ ਨਹੀਂ ਸੀ ਕਿ ਇਹ ਅੱਤਵਾਦੀ ਹਮਲਾ ਹੈ ਜਾਂ ਨਹੀਂ ਪਰ ਜਿਵੇਂ-ਜਿਵੇਂ ਜਾਂਚ ਪ੍ਰਕਿਰਿਆ ਅੱਗੇ ਵਧੀ ਤਾਂ ਇਸ ਨੂੰ ਲੈ ਕੇ ਖ਼ਦਸ਼ਿਆਂ ਦੇ ਬੱਦਲ ਵੀ ਹਟਣ ਲੱਗੇ। ਬਚੀ-ਖੁਚੀ ਕਸਰ ਆਤਮਘਾਤੀ ਹਮਲਾਵਰ ਡਾਕਟਰ ਉਮਰ ਦੇ ਵੀਡੀਓ ਨੇ ਕੱਢ ਦਿੱਤੀ ਕਿ ਇਸ ਦੇ ਪਿੱਛੇ ਤਬਾਹਕੁੰਨ ਜੇਹਾਦੀ ਮਾਨਸਿਕਤਾ ਹੀ ਸੀ।

ਦਿੱਲੀ ਵਿਚ ਅੱਤਵਾਦੀ ਹਮਲੇ ਦੇ ਕੁਝ ਸਮੇਂ ਬਾਅਦ ਹੀ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿਚ ਵੀ ਧਮਾਕਾ ਹੋਇਆ। ਇਹ ਧਮਾਕਾ ਇਕ ਨਿਆਇਕ ਅਦਾਰੇ ਲਾਗੇ ਹੋਇਆ। ਇਹ ਖੇਤਰ ਵੀਆਈਪੀਜ਼ ਦੀ ਮੌਜੂਦਗੀ ਅਤੇ ਆਵਾਜਾਈ ਵਾਲਾ ਹੈ। ਇਸ ਹਮਲੇ ਦੀ ਜ਼ਿੰਮੇਵਾਰੀ ਤਹਿਰੀਕ-ਏ-ਤਾਲਿਬਾਨ ਯਾਨੀ ਟੀਟੀਪੀ ਨਾਲ ਜੁੜੇ ਰਹੇ ਜਮਾਤ-ਉਲ-ਅਹਰਾਰ ਨੇ ਲਈ ਹੈ। ਪਾਕਿਸਤਾਨ ਨੇ ਦੋਸ਼ ਲਾਇਆ ਕਿ ਭਾਰਤ ਦੀ ਸ਼ਹਿ 'ਤੇ ਇਹ ਅੱਤਵਾਦੀ ਹਮਲਾ ਹੋਇਆ ਹੈ। ਇਸ ਦੇ ਪਿੱਛੇ ਪਾਕਿਸਤਾਨ ਦੀ ਮਨਸ਼ਾ ਕਾਊਂਟਰ ਨੈਰੇਟਿਵ ਤਿਆਰ ਕਰਨ ਦੀ ਹੀ ਲੱਗਦੀ ਹੈ। ਉਸ ਦਾ ਫਾਰਮੂਲਾ ਇਕਦਮ ਸਿੱਧਾ ਹੈ ਕਿ ਇਸ ਤੋਂ ਪਹਿਲਾਂ ਕਿ ਦਿੱਲੀ ਹਮਲੇ ਨੂੰ ਲੈ ਕੇ ਪਾਕਿਸਤਾਨ 'ਤੇ ਸਵਾਲ ਉੱਠਣ, ਉਹ ਇਸਲਾਮਾਬਾਦ ਧਮਾਕੇ ਨੂੰ ਲੈ ਕੇ ਭਾਰਤ ਨੂੰ ਨਿਸ਼ਾਨੇ 'ਤੇ ਲੈ ਲਵੇ। ਅਫ਼ਗਾਨਿਸਤਾਨ ਵਿਚ ਹੁਕਮਰਾਨ ਤਾਲਿਬਾਨ ਨਾਲ ਵੀ ਪਿਛਲੇ ਕੁਝ ਸਮੇਂ ਤੋਂ ਪਾਕਿਸਤਾਨ ਦੀ ਗੱਡੀ ਲੀਹ 'ਤੇ ਨਹੀਂ ਚੜ੍ਹ ਰਹੀ ਤਾਂ ਉਹ ਇਕ ਤੀਰ ਨਾਲ ਦੋ ਸ਼ਿਕਾਰ ਕਰਨ ਦੀ ਫਿਰਾਕ ਵਿਚ ਹੈ ਕਿ ਭਾਰਤ ਦੀ ਸ਼ਹਿ 'ਤੇ ਅਫ਼ਗਾਨਿਸਤਾਨ ਉਸ ਦੇ ਇੱਥੇ ਅਸ਼ਾਂਤੀ ਫੈਲਾਉਣ ਵਿਚ ਲੱਗਾ ਹੋਇਆ ਹੈ। ਪੂਰੀ ਦੁਨੀਆ ਵਿਚ ਅੱਤਵਾਦ ਦੇ ਸਭ ਤੋਂ ਵੱਡੇ ਬਰਾਮਦਕਾਰ ਦੇ ਤੌਰ 'ਤੇ ਬਦਨਾਮ ਪਾਕਿਸਤਾਨ ਇਹੀ ਚਾਹੁੰਦਾ ਹੈ ਕਿ ਅੱਤਵਾਦ ਨੂੰ ਲੈ ਕੇ ਦੁਨੀਆ ਭਾਰਤ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਦੇਖਣ ਲੱਗੇ। ਮੌਜੂਦਾ ਮੁਹਾਂਦਰੇ ਵਿਚ ਇਸ ਰੁਝਾਨ ਨੂੰ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ ਕਿ ਜਦੋਂ ਵੀ ਪਾਕਿਸਤਾਨ ਦੀ ਪਿੱਠ 'ਤੇ ਅਮਰੀਕਾ ਦਾ ਹੱਥ ਹੁੰਦਾ ਹੈ ਤਾਂ ਉੱਥੇ ਅੱਤਵਾਦੀ ਗਤੀਵਿਧੀਆਂ ਨੂੰ ਹੱਲਾਸ਼ੇਰੀ ਮਿਲਦੀ ਹੈ। ਦੂਜੇ ਕਾਰਜਕਾਲ ਵਿਚ ਟਰੰਪ ਪ੍ਰਸ਼ਾਸਨ ਦਾ ਪਾਕਿਸਤਾਨ ਪ੍ਰਤੀ ਬਦਲਿਆ ਹੋਇਆ ਰਵੱਈਆ ਇਸ ਦਾ ਜਿਉਂਦਾ-ਜਾਗਦਾ ਸਬੂਤ ਹੈ। ਇਸ ਸਾਲ

**ਹਰਸ਼ ਵੀ. ਪੰਤ**

ਅਪ੍ਰੈਲ ਵਿਚ ਹੋਇਆ ਪਹਿਲਗਾਮ ਅੱਤਵਾਦੀ ਹਮਲਾ ਇਸ ਦੀ ਇਕ ਉਦਾਹਰਨ ਰਿਹਾ। ਆਪ੍ਰੇਸ਼ਨ ਸਿੰਧੂਰ ਅਤੇ ਫਿਰ ਜੰਗਬੰਦੀ ਅਤੇ ਵਿਚੋਲਗੀ ਦੇ ਮਾਮਲੇ ਵਿਚ ਰਾਸ਼ਟਰਪਤੀ ਟਰੰਪ ਦੀ ਜੀ-ਹਜ਼ੂਰੀ ਨੇ ਵੀ ਪਾਕਿਸਤਾਨ ਲਈ ਹਾਲਾਤ ਅਨੁਕੂਲ ਬਣਾ ਦਿੱਤੇ। ਜਦਕਿ ਟਰੰਪ ਦੇ ਦਾਅਵਿਆਂ ਨੂੰ ਵਾਰ-ਵਾਰ ਖ਼ਾਰਜ ਕਰ ਕੇ ਅਮਰੀਕਾ ਦੇ ਨਾਲ ਭਾਰਤ ਦੇ ਸਬੰਧਾਂ ਵਿਚ ਕੁਝ ਕੁੜੱਤਣ ਆ ਗਈ। ਅਮਰੀਕਾ ਨਾਲ ਵਪਾਰ ਸਮਝੌਤੇ 'ਤੇ ਸ਼ੰਕਾ ਵਿਚ ਵੀ ਇਸ ਦੀ ਛਾਪ ਦਿਖਾਈ ਦਿੱਤੀ। ਇਹ ਚੰਗੀ ਗੱਲ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਭਾਰਤ ਪ੍ਰਤੀ ਰਾਸ਼ਟਰਪਤੀ ਟਰੰਪ ਦਾ ਰਵੱਈਆ ਕੁਝ ਨਰਮ ਹੋਇਆ ਹੈ। ਵਪਾਰ ਸਮਝੌਤੇ ਨੂੰ ਲੈ ਕੇ ਵੀ ਉਮੀਦ ਵਧੀ ਹੈ ਜਿਸ ਨੂੰ ਅੰਤਿਮ ਰੂਪ ਦੇਣ ਲਈ ਭਾਰਤ ਨੂੰ ਆਪਣੇ ਯਤਨਾਂ ਵਿਚ ਤੇਜ਼ੀ ਲਿਆਉਣੀ ਹੋਵੇਗੀ। ਅਮਰੀਕਾ ਨਾਲ ਵਪਾਰ ਸਮਝੌਤਾ ਪਾਕਿਸਤਾਨ ਖ਼ ?ਲਾਫ਼ ਭਾਰਤ ਨੂੰ ਇਕ ਰਣਨੀਤਕ ਢਾਲ ਪ੍ਰਦਾਨ ਕਰੇਗਾ। ਤਦ ਪਾਕਿਸਤਾਨ ਖ਼ ?ਲਾਫ਼ ਕਿਸੇ ਸੰਭਾਵਤ ਕਾਰਵਾਈ ਦੇ ਮਾਮਲੇ ਵਿਚ ਭਾਰਤ ਦੇ ਸਾਹਮਣੇ ਅਮਰੀਕੀ ਦਖ਼ਲ ਦਾ ਖ਼ਦਸ਼ਾ ਕਮਜ਼ੋਰ ਹੋ ਜਾਵੇਗਾ। ਨਹੀਂ ਤਾਂ ਟਰੰਪ ਦਾ ਰਵੱਈਆ ਪਰੇਸ਼ਾਨੀ ਖੜ੍ਹੀ ਕਰਦਾ ਰਹੇਗਾ।

ਤਮਾਮ ਪਹਿਲੂਆਂ ਨੂੰ ਦੇਖਦੇ ਹੋਏ ਦਿੱਲੀ ਅੱਤਵਾਦੀ ਹਮਲਾ ਇਹ ਦਰਸਾਉਂਦਾ ਹੈ ਕਿ ਅੱਤਵਾਦ ਖ਼ਿਲਾਫ਼ ਮੁਹਿੰਮ ਵਿਚ ਥੋੜ੍ਹੀ ਵੀ ਢਿੱਲ ਨਹੀਂ ਦਿੱਤੀ ਜਾ ਸਕਦੀ। ਕਈ ਥਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਤਿਆਰੀ ਕਰ ਰਹੇ ਅੱਤਵਾਦੀਆਂ ਦੇ ਮਨਸੂਬਿਆਂ ਨੂੰ ਨਾਕਾਮ ਕਰਨ ਲਈ ਸੁਰੱਖਿਆ ਏਜੰਸੀਆਂ ਸ਼ਲਾਘਾ ਦੀਆਂ ਪਾਤਰ ਹਨ ਪਰ ਲਾਲ ਕਿਲ੍ਹੇ ਦੇ ਧਮਾਕੇ ਨੂੰ ਲੈ ਕੇ ਜ਼ਿੰਮੇਵਾਰੀ ਅਤੇ ਜਵਾਬਦੇਹੀ ਤੋਂ ਵੀ ਉਨ੍ਹਾਂ ਨੂੰ ਮੁਕਤ ਨਹੀਂ ਕੀਤਾ ਜਾ ਸਕਦਾ। ਚੰਗੀ ਗੱਲ ਹੈ ਕਿ ਪ੍ਰਧਾਨ ਮੰਤਰੀ ਮੋਦੀ ਤੋਂ ਲੈ ਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਉੱਚ ਪੱਧਰ ਤੋਂ ਸਖ਼ਤ ਸੰਦੇਸ਼ ਦਿੱਤੇ ਹਨ ਕਿ ਇਸ ਦਹਿਸ਼ਤਗਰਦ ਹਮਲੇ ਦੇ ਦੋਸ਼ੀਆਂ ਨੂੰ ਕਿਸੇ ਵੀ ਸੂਰਤ ਵਿਚ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਪਤਾਲ ਤੋਂ ਵੀ ਲੱਭ ਕੇ ਉਨ੍ਹਾਂ ਨੂੰ ਸਬਕ ਸਿਖਾਇਆ ਜਾਵੇਗਾ। ਇਸ ਦੌਰਾਨ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਸੁਰੱਖਿਆ ਸੰਸਥਾਵਾਂ ਅਤੇ ਖ਼ੁਫ਼ੀਆ ਏਜੰਸੀਆਂ ਨੂੰ ਆਪਣਾ ਮੋਰਚਾ ਹੋਰ ਦਰੁਸਤ ਕਰਨਾ ਹੋਵੇਗਾ। ਇਸ ਦੇ ਨਾਲ ਹੀ ਕੂਟਨੀਤਕ ਯਤਨਾਂ ਨੂੰ ਵੀ ਰਫ਼ਤਾਰ ਦੇਣੀ ਹੋਵੇਗੀ ਤਾਂ ਜੋ ਪਾਕਿਸਤਾਨ ਸਮੇਤ ਭਾਰਤ ਵਿਰੋਧੀ ਸ਼ਕਤੀਆਂ ਦੀ ਵਿਸ਼ਵ ਪੱਧਰ 'ਤੇ ਪੋਲ ਖੋਲ੍ਹਣ ਦਾ ਕੰਮ ਬਾਦਸਤੂਰ ਜਾਰੀ ਰਹੇ ਕਿ ਕਿਵੇਂ ਕੁਝ ਦੇਸ਼ ਖੇਤਰੀ ਅਤੇ ਆਲਮੀ ਸ਼ਾਂਤੀ ਦੇ ਦੁਸ਼ਮਣ ਬਣੇ ਹੋਏ ਹਨ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਥੰਮ੍ਹ ਨਾਨਕਸਰ ਕਲੇਰਾਂ ਦੀ ਵਿਲੱਖਣ ਦਰਗਾਹੀ ਮਰਿਆਦਾ ਵਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਰਾ MA Eco from GN Univercity ਨੇ ਦੱਸਿਆ ਕਿ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਕਿਉਂ ਨਹੀਂ ਲਗਾਇਆ ਜਾਂਦਾ, ਗੋਲਕ ਕਿਉਂ ਨਹੀਂ ਰੱਖੀ ਜਾਂਦੀ, ਦੋਹਰਾ ਕਿਉਂ ਨਹੀਂ ਪੜ੍ਹਿਆ ਜਾਂਦਾ, ਜੈਕਾਰਾ ਕਿਉਂ ਨਹੀਂ ਛੱਡਿਆ ਜਾਂਦਾ, ਪੱਕਿਆ ਪਕਾਇਆ ਪ੍ਰਸ਼ਾਦਾ, ਗੁਰੂ ਸਾਹਿਬ ਦੀਆਂ ਫੋਟੋਆਂ ਵਾਰੇ ਅਹਿਮ ਤੱਤ ਪੇਸ਼ ਕੀਤੇ ਅਤੇ ਉਨ੍ਹਾਂ ਕਿਹਾ ਕਿ ਕਿਸੇ ਵੀ ਗੱਲ ਨੂੰ ਸਬੂਤਾਂ ਨਾਲ ਸਾਬਤ ਕਰਨ ਵਾਲੇ ਨੂੰ 50,000 ਰੁਪਏ ਇਨਾਮ ਦਿੱਤਾ ਜਾਵੇਗਾ ਤੇ ਮੁਆਫ਼ੀ ਵੀ ਮੰਗੀ ਜਾਵੇਗੀ। ਉਨ੍ਹਾਂ ਵਲੋਂ 'ਸਾਡੇ ਲੋਕ' ਅਖ਼ਬਾਰ ਨਾਲ ਕੀਤੀ ਗੱਲਬਾਤ ਨੂੰ ਅਸੀਂ ਲੜੀਵਾਰ ਪਾਠਕਾਂ ਲਈ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾਂ। - ਸਤਨਾਮ ਸਿੰਘ ਖਾਲਸਾ।



ਸ੍ਰ. ਗੁਰਪਾਲ ਸਿੰਘ ਹੰਸਰਾ
ਕੈਲੀਫੋਰਨੀਆ (ਅਮਰੀਕਾ)

# ਸਿੱਖਾਂ ਦਾ ਹਰਿਮੰਦਰ ਸਾਹਿਬ ਨਾਲ ਰਿਸ਼ਤਾ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

੨੫- ਹਰਿਮੰਦਰ ਸਾਹਿਬ ਜਿੱਥੇ ਹਮੇਸ਼ਾਂ ਹਰਿ ਕੀ ਪਉੜੀ ਤੇ ੪ ਤੋਂ ੧੧ ਤੱਕ ਪਾਠ ਇਕੱਠੇ ਚੱਲਦੇ ਰਹਿੰਦੇ ਹਨ ਪਰ ਹਰਿਮੰਦਰ ਸਾਹਿਬ ਵਿਖੇ ਨਾ ਕਿਸੇ ਵੀ ਗੁਰੂ ਸਾਹਿਬਾਨ ਦੇ ਪ੍ਰਕਾਸ਼ ਉਤਸਵ ਮਨਾਏ ਜਾਂਦੇ ਹਨ ਤੇ ਹੀ ੧੦ ਦੀਆਂ ੧੦ ਪਾਤਸ਼ਾਹੀਆਂ ਦੇ ਜੋਤੀ ਜੋਤ ਸਮਾਗਮ ਮਨਾਏ ਜਾਂਦੇ ਹਨ ਤੇ ਨਾ ਹੀ ਸਿੱਖ ਸ਼ਹੀਦਾਂ ਦੇ ਆਦਿ।

ਨਾਨਕਸਰ ਵਿਖੇ ਵੀ ਹਰਿਮੰਦਰ ਸਾਹਿਬ ਦੀ ਤਰਜ਼ ਤੇ ਨਾ ਕਿਸੇ ਗੁਰੂ ਸਾਹਿਬਾਨ ਦੇ ਪ੍ਰਕਾਸ਼ ਉਤਸਵ, ਨਾ ਹੀ ਗੁਰਪੁਰਬ ਤੇ ਨਾ ਹੀ ਕਿਸੇ ਸ਼ਹੀਦ ਸਿੰਘ ਦੇ ਸਮਾਗਮ ਮਨਾਏ ਜਾਂਦੇ ਹਨ। ਸਾਡੇ ਕੁਝ ਮਿਸ਼ਨਰੀ ਪ੍ਰਚਾਰਕ ਹਨ ਇਸ ਵਾਰੇ ਨਾਨਕਸਰ ਦੇ ਉਲਟ ਬੋਲਦੇ ਹਨ ਪਰ ਵੀਰੋ ਕੁਝ ਵੀ ਕਹਿਣ ਤੋਂ ਪਹਿਲਾਂ ਇਤਿਹਾਸ ਦੇ ਵਰਕੇ ਜਰੂਰ ਫਰੋਲੋ। ਇਸ ਵਾਰੇ ਮੈਂ ਬਹੁਤ ਵਾਰੀ ਸੁਣਿਆ ਹੈ। ਹਰਮਿੰਦਰ ਸਾਹਿਬ ਸਿੱਖਾਂ ਦਾ ਮੱਕਾ ਹੈ ਤੇ ਹਰੇਕ ਸਿੱਖ ਦਾ ਸੀਸ ਹਰਿਮੰਦਰ ਸਾਹਿਬ ਦੀ ਮਰਿਆਦਾ ਅੱਗੇ ਸੀਸ ਝੁਕਦਾ ਹੈ।

੨੬-ਆਮ ਗੁਰਦਵਾਰਿਆਂ ਤੇ ਧਾਰਮਿਕ ਅਸਥਾਨਾਂ ਤੇ ਕੀਰਤਨ ਉਪਰੰਤ ਅਨੰਦ ਸਾਹਿਬ ਦੀਆਂ ੬ ਪੌੜੀਆਂ ( ਪਹਿਲੀਆਂ ੫ ਤੇ ੧ ਆਖ਼ਰੀ ) ਗਾਇਣ ਕਰਕੇ ਸੰਗਤਾਂ ਅਰਦਾਸੇ ਲਈ ਸੁਚੇਤ ਹੁੰਦੀਆਂ ਹਨ ਤੇ "ਤੂ ਠਾਕਰ ਤੁਮ ਪੈ ਅਰਦਾਸ" ਵਾਲੇ ਸ਼ਬਦ ਦਾ ਗਾਇਨ ਹੁੰਦਾ ਹੈ ਤੇ ਸਮਾਪਤੀ ਤੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਇਆ ਜਾਂਦਾ ਹੈ। ਇਸ ਪਿੱਛੋਂ ਹੁਕਮਨਾਮਾ ਲਿਆ ਜਾਂਦਾ ਹੈ।

ਪਰ ਹਰਮਿੰਦਰ ਸਾਹਿਬ ਵਿਖੇ ਪਹਿਲਾਂ ਹੁਕਮਨਾਮਾ ਲਿਆ ਜਾਂਦਾ ਹੈ, ਫਿਰ ਇੱਕ ਦੋ ਸ਼ਬਦ ਪੜ੍ਹ ਕੇ ਅਨੰਦ ਸਾਹਿਬ ਦੀਆਂ ੬ ਪੌੜੀਆਂ ਦਾ ਗਾਇਣ ਕਰਕੇ ਅਰਦਾਸ ਕੀਤੀ ਜਾਂਦੀ ਹੈ। ਅਰਦਾਸ ਤੋ ਮਗਰੋਂ ਕੋਈ ਉਸਤਤੀ ਸ਼ਬਦ ਨਹੀ ਗਾਇਆ ਜਾਂਦਾ ਤੇ ਨਾ ਹੀ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦਾ ਜੈਕਾਰਾ ਹੀ ਲਗਾਇਆ ਜਾਂਦਾ ਹੈ।

ਨਾਨਕਸਰ ਵਿਖੇ ਵੀ ਦਰਬਾਰ ਸਾਹਿਬ ਦੀ ਤਰਜ ਤੇ ਬਾਬਾ ਜੀ ਨੇ ਉਪਰੋਕਤ ਮਰਿਆਦਾ ਲਾਗੂ ਕੀਤੀ ਹੈ ਕਿ ਜਦ ਬਰਸੀ ਤੇ ਪਾਠ ਅਰੰਭ ਕੀਤੇ ਜਾਂਦੇ ਹਨ ਤੇ ਸਵੇਰੇ ਬਾਬਾ ਸੇਵਾ ਸਿੰਘ ਜੀ ਦੀ ਕੀਰਤਨ ਦੀ ਸਮਾਪਤੀ ਉਪਰ ਤੇ ਪਹਿਲਾਂ ਬਾਬਾ ਗੁਰਜੀਤ ਸਿੰਘ ਜੀ ਹੁਕਮਨਾਮਾ ਸਾਹਿਬ ਸੁਣਾਉਂਦੇ ਹਨ ਤੇ ਫਿਰ ਬਾਬਾ ਸੇਵਾ ਸਿੰਘ ਜੀ ਅਰਦਾਸ ਕਰਦੇ ਹਨ।

ਪੂਰਨਮਾਸ਼ੀ ਤੇ ਬਰਸੀ ਸਮਾਗਮਾਂ ਤੇ ਪਾਠ ਅਰੰਭ ਤੋ ਪਹਿਲਾਂ ਬਾਬਾ ਈਸ਼ਰ ਸਿੰਘ ਜੀ ਦੇ ਆਸਨ ਵਾਲੇ ਅਸਥਾਨ ਤੋਂ ਕੜਾਹ ਪ੍ਰਸ਼ਾਦ ਦੇ ਥਾਲ ਤਿਆਰ ਕਰਕੇ ਗੁਰੂ ਸਾਹਿਬ ਦੇ ਭੋਗ ਲਈਂ ਸੱਚਖੰਡ ਪਹੁੰਚਾਏ ਜਾਂਦੇ ਹਨ। ਕੁਝ ਸੰਗਤਾਂ ਘਰੋ ਵੀ ਕੜਾਹ ਪ੍ਰਸ਼ਾਦ ਲੈ ਕੇ ਆਉਂਦੀਆਂ ਹਨ। ਫਿਰ ਉਸ ਮੌਕੇ ਬਾਬਾ ਕੁੰਦਨ ਸਿੰਘ ਜੀ ਪੁਰਾਣੇ ਸੱਚਖੰਡ (ਪੂਰਨਮਾਸ਼ੀ ਵਾਲਾ ਅਸਥਾਨ) ਵਿਖੇ ੬ ਪੌੜੀਆਂ ਅਨੰਦ ਸਾਹਿਬ ਦੀਆਂ ਪੜ੍ਹ ਕੇ ਕੜਾਹ ਪ੍ਰਸ਼ਾਦ ਦੇ ਥਾਲ ਵਿਚ ਕ੍ਰਿਪਾਨ ਸਜਾ ਕੇ ਗੁਪਤ ਅਰਦਾਸ ਕਰਦੇ ਸਨ ( ਜੋ ਅੱਜ ਕਲ ਸੰਤ ਗੁਰਜੀਤ ਸਿੰਘ ਜੀ ਕਰ ਰਹੇ ਹਨ) ਫਿਰ ਸੱਚਖੰਡ ਵਿਚੋ ਜਿਥੇ ਦੋ ਅਖੰਡ ਪਾਠ ਆਰੰਭ ਹੁੰਦੇ ਹਨ ਉੱਥੋਂ ਸਾਰੇ ਬਾਕੀ ਪਾਠਾਂ ਦੇ ਪਾਠੀ ਸਿੰਘਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਸਾਰੇ ਪਾਠੀ ਸਿੰਘ ਆਪੋ ਆਪਣੇ ਗੁਰੂ ਸਾਹਿਬਾਨ ਵਿਚੋ ਗੁਪਤ ਹੁਕਮਨਾਮੇ ਲੈ ਲੈਣ.ਫਿਰ ਸੱਚਖੰਡ ਵਿੱਚੋਂ ਦੋ ਹੁਕਮਨਾਮੇ ਲਏ ਜਾਂਦੇ ਹਨ "ਹੁਕਮਨਾਮਾ ਸਾਹਿਬਾਂ ਤੋ ਤੁਰੰਤ ਬਾਦ "ਤੁਮ ਠਾਕਰ ਤੁਮ ਭਏ ਅਰਦਾਸ" ਸ਼ਬਦ ਪੜ ਕੇ ਪਾਠਾਂ ਦੀ ਅਰੰਭਤਾ ਦੀ ਅਰਦਾਸ ਕੀਤੀ ਜਾਂਦੀ ਹੈ।

ਜਦ ਅਖੀਰਲਾ ਸ਼ਬਦ ਤੇਰੇ ਭਾਣੇ ਸਰਬੱਤ ਦਾ ਭਲਾ ਆਉਂਦਾ ਹੈ ਤੁਰੰਤ ਹੀ ੧ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਨਾਲ ਸ੍ਰੀ ਜਪੁਜੀ ਸਾਹਿਬ ਦਾ ਪਾਠ ਅਰੰਭ ਹੋ ਜਾਂਦੇ ਹਨ ਨਾਲ ਦੀ ਨਾਲ ਹੀ ਅਰਦਾਸ ਦੀ ਸਮਾਪਤੀ ਤੇ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ ਸੰਗਤਾਂ ਵੱਲੋਂ ਬੁਲਾਈ ਜਾਂਦੀ ਹੈ। (ਚਲਦਾ)

---

ਗੁਰੂ ਗੋਬਿੰਦ ਸਿੰਘ ਸਾਹਿਬ ਦੇ 350 ਸਾਲਾ ਗੁਰਿਆਈ ਦਿਵਸ 'ਤੇ ਵਿਸ਼ੇਸ਼

# ਪਿਤਾ ਹਮਾਰੋ ਗੁਰੂ ਗੋਬਿੰਦ ਸਿੰਘ






ਡਾ. ਸਤਿੰਦਰ ਪਾਲ ਸਿੰਘ
ਸਿਡਨੀ ਆਸਟ੍ਰੇਲੀਆ
akaalpurkh.7@gmail.com


ਗੁਰੂ ਤੇਗ ਬਹਾਦਰ ਸਾਹਿਬ ਦੀ ਅਦੁੱਤੀ ਸ਼ਹੀਦੀ ਦੇ ੩੫੦ ਸਾਲ ਪੂਰੇ ਹੋ ਰਹੇ ਹਨ, ਨਾਲ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਗੁਰਤਾ ਗੱਦੀ ਤੇ ਆਸੀਨ ਹੋਣ ਦੇ ਵੀ ੨੫੦ ਸਾਲ ਹੋ ਜਾਣਗੇ। ਇਨ੍ਹਾਂ ੩੫੦ ਸਾਲਾਂ ਵਿੱਚ ਬਹੁਤ ਕੁੱਝ ਵਾਪਰਿਆ, ਸ਼ਾਨ-ਮਾਣ ਭਰੇ ਇਤਿਹਾਸ ਰਚੇ ਗਏ ਤੇ ਬਹੁਤ ਕੁੱਝ ਬਦਲ ਵੀ ਗਿਆ ਹੈ। ਖਾਸ ਤੌਰ 'ਤੇ ਪਿਛਲੇ ਸੌ ਸਾਲ ਆਸ ਦੇ ਘੱਟ ਨਿਰਾਸ਼ ਕਰਨ ਵਾਲੇ ਜਿਆਦਾ ਰਹੇ ਹਨ। ਸਮਾਂ ਔਖਾ ਜਿਹਾ ਆ ਗਿਆ ਹੈ। ਮੁਸ਼ਕਿਲ ਹੋਵੇ ਤਾਂ ਮਾਪੇ ਯਾਦ ਆਉਂਦੇ ਹਨ। ਅੱਜ ਗੁਰੂ ਗੋਬਿੰਦ ਸਿੰਘ ਸਾਹਿਬ ਵਾਰ ਵਾਰ ਚੇਤੇ ਆ ਰਹੇ ਹਨ ਜਿਨ੍ਹਾਂ ਇੱਕ ਇੱਕ ਸਿੱਖ ਨੂੰ ਖਾਲਸਾਈ ਜਾਹੋ ਜਲਾਲ ਵਿਰਾਸਤ ਵਜੋਂ ਬਖਸ਼ ਕੇ ਸਦਾ ਲਈ ਸਵੈਮਾਣ ਨਾਲ ਭਰ ਦਿੱਤਾ ਸੀ। ਸੰਸਾਰ ਦਾ ਕੋਈ ਪਿਤਾ ਅਜਿਹਾ ਨਹੀਂ ਹੋਇਆ ਜਿਸ ਨੇ ਆਪਣੇ "ਜੀਵਤ ਕਈ ਹਜ਼ਾਰ" ਪੁੱਤਰਾਂ ਨੂੰ ਅਜਿਹੀ ਵਿਰਾਸਤ ਪ੍ਰਦਾਨ ਕੀਤੀ ਹੋਵੇ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਖਸ਼ੀ।

**ਪਿਤਾ ਮੇਰੋ ਬਡੋ ਧਨੀ ਅਗਮਾ॥**
**ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ॥**
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੦੭)

ਖਾਲਸੇ ਦੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਸੰਸਾਰ ਦੀ ਸਰਵਉੱਚ ਸੱਤਾ ਸਨ। ਉਨ੍ਹਾਂ ਨੇ ਆਪਣੀ ਸੰਤਾਨ ਦੇ ਭਵਿੱਖ ਲਈ ਸਰਵਉੱਤਮ ਪ੍ਰਬੰਧ ਕੀਤੇ। ਆਪਣੇ ਸਿੱਖ ਲਈ ਗੁਰੂ ਸਾਹਿਬ ਅਜਿਹੀ ਜੀਵਨ ਵਿਵਸਥਾ ਸਿਰਜ ਕੇ ਗਏ ਜਿਸ ਵਿੱਚ ਸਾਰੀਆਂ ਲਈ ਬਰਾਬਰੀ ਦਾ ਸਤਿਕਾਰ, ਸਨਮਾਨ, ਹੱਕ ਤੇ ਹਿੱਸਾ ਪੱਕਾ ਕੀਤਾ ਗਿਆ। ਜਾਤ ਪਾਤ, ਵਰਣ, ਵਰਗ ਦੇ ਸਾਰੇ ਭੇਦ ਦੂਰ ਹੋ ਕੇ ਸਿੱਖ ਦੀ ਇੱਕ ਜਾਤ ਹੋ ਗਈ। ਪੁਰਖ ਲਈ ਸਿੰਘ ਤੇ ਇਸਤ੍ਰੀ ਲਈ ਕੌਰ। ਸਿੱਖ ਹੋਣ ਲਈ ਖਾਲਸਾ ਹੋਣਾ ਲਾਜ਼ਮੀ ਹੋ ਗਿਆ। ਇਹ ਅੰਤਰ ਅਵਸਥਾ ਦੀ ਇੱਕਰੂਪਤਾ ਸੀ, ਭਾਵਨਾ ਦੀ ਇੱਕਰੂਪਤਾ ਸੀ ਅਤੇ ਸਵਰੂਪ ਦੀ ਵੀ ਇੱਕਰੂਪਤਾ ਸੀ। ਅੰਤਰ ਵਿੱਚ ਸ਼ਬਦ ਅੰਮ੍ਰਿਤ ਦਾ ਪ੍ਰਕਾਸ਼, ਭਾਵਨਾ ਵਿੱਚ ਖੰਡੇ ਬਾਟੇ ਦੀ ਪਾਹੁਲ ਦਾ ਨਿਵਾਸ ਤੇ ਵੇਸ਼ ਵਿੱਚ ਪੰਜ ਕਕਾਰਾਂ ਦਾ ਸਿੰਗਾਰ। ਇਸ ਇੱਕਰੂਪਤਾ ਨੇ ਖਾਲਸਾ ਨੂੰ ਇੱਕ ਮਜਬੂਤ ਤਾਕਤ ਦੇ ਰੂਪ ਵਿੱਚ ਬਦਲ ਦਿੱਤਾ। ਇਸ ਬੁਨਿਆਦ ਤੇ ਹੀ ਖਾਲਸਾ ਰਾਜ ਕਾਇਮ ਹੋਏ। ਖਾਲਸਾ ਦੀ ਸੰਗਠਨ ਸ਼ਕਤੀ ਮੁਗਲਾਂ ਤੇ ਅੰਗ੍ਰੇਜਾਂ ਲਈ ਸੱਭ ਤੋਂ ਵੱਡੀ ਚੁਣੌਤੀ ਸੀ। ਸਿੱਖ ਨੇ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਫਰਮਾਨ ਮੰਨਿਆ ਤੇ ਧਾਰਮਕ ਹੀ ਨਹੀਂ ਸਮਾਜਕ ਤੇ ਰਾਜਨੀਤਕ ਖੇਤਰ ਵਿੱਚ ਵੀ ਵੱਡੀ ਚੜ੍ਹਤ ਪ੍ਰਾਪਤ ਕੀਤੀ। ਅੱਜ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪਿਤਾ ਆਖਣ ਵਾਲੇ ਬਹੁਤ ਸਾਰੇ ਹਨ ਪਰ ਉਨ੍ਹਾਂ ਨੂੰ ਪਿਤਾ ਮੰਨਣ ਵਾਲੇ ਆਗਿਆਕਾਰੀ ਪੁੱਤਰ ਲੱਭਿਆਂ ਨਹੀਂ ਲੱਭਦੇ। ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿੱਖ ਦੀ ਪਛਾਣ ਨਾਮ ਦੇ ਅੰਤ ਵਿੱਚ ਲੱਗੇ ਸਿੰਘ, ਕੌਰ ਨਾਲ ਸੀ। ਸਿੱਖ ਦਾ ਪੂਰਾ ਵਜੂਦ ਗੁਰੂ ਦੀ ਬਖਸ਼ੀ ਪਦਵੀ ਤੇ ਟਿਕਿਆ ਹੋਇਆ ਸੀ। ਅੱਜ ਸਿੰਘ ਹੈ ਪਰ ਅੱਗੇ ਜਾਤ ਜੋੜ ਦਿੱਤੀ ਗਈ ਹੈ। ਜਾਤ ਨਹੀਂ ਤਾਂ ਕਿੱਤੇ ਦਾ ਨਾਮ ਜੋੜ ਦਿੱਤਾ ਗਿਆ ਹੈ। ਬੋਲਚਾਲ ਵਿਚ, ਸਧਾਰਣ ਵਿਵਹਾਰ ਵਿੱਚ ਸਿੰਘ ਅਲੋਪ ਵੀ ਕਰ ਦਿੱਤਾ ਗਿਆ ਹੈ ਤੇ ਜਾਤ ਆ ਗਈ ਹੈ। ਇਹ ਆਪਣੇ ਪਿਤਾ ਦੇ ਪ੍ਰਤੀ ਭਾਵਨਾਤਮਕ ਦੂਰੀ ਨੂੰ ਦਰਸਾਉਂਦਾ ਹੈ। ਭਾਵਨਾਤਮਕ ਪੱਧਰ ਤੇ ਦੂਰ ਹੁੰਦੇ ਜਾਣਾ ਸਬੰਧ ਦਾ ਖੋਖਲਾ ਹੁੰਦਾ ਜਾਣਾ ਹੈ। ਕੀ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਸਿੱਖ ਦਾ ਸਬੰਧ ਖੋਖਲਾ ਹੋ ਗਿਆ ਹੈ, ਇਹ ਡੂੰਘੇ ਵਿਚਾਰ ਦਾ ਵਿਸ਼ਾ ਹੈ। ਇਸ ਦੇ ਪ੍ਰਭਾਵ ਚਿੰਤਿਤ ਕਰਨ ਵਾਲੇ ਹਨ। ਜਾਤਾਂ ਦੇ ਨਾਮ ਦੇ ਗੁਰਦੁਆਰੇ ਬਣ ਗਏ ਹਨ। ਵਿਆਹ ਲਈ ਜਾਤ ਵੇਖੀ ਜਾਂਦੀ ਹੈ। ਜਾਤ ਅਧਾਰਤ ਸੰਗਠਨ ਬਣ ਗਏ ਹਨ। ਸਿੱਖ ਲਈ ਸਿੱਖ ਆਪਣਾ ਨਹੀਂ ਰਿਹਾ, ਆਪਣੀ ਜਾਤ ਦਾ ਸਿੱਖ ਆਪਣਾ ਮੰਨਿਆ ਜਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਗੱਲ ਅਸੀਂ ਕਿਵੇਂ ਕਰ ਸਕਦੇ ਹਾਂ ਜੇ ਆਪਣੇ ਨਾਮ ਦੇ ਆਖੀਰ ਵਿੱਚ ਜਾਤ ਲਗਾ ਕੇ ਗੁਰੂ ਸਾਹਿਬ ਦੇ ਬਖਸ਼ੇ ਸਿੰਘ ਜਾਂ ਕੌਰ ਦੀ ਬੇਕਦਰੀ ਕਰ ਰਹੇ ਹਾਂ, ਨਿਰਾਦਰ ਕਰ ਰਹੇ ਹਾਂ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਾਂ ਜਾਤ ਮਿਟਾ ਕੇ ਸਿੰਘ ਬਣਾਇਆ ਸੀ। ਅਸੀਂ ਅੱਜ ਵੀ ਉਸ ਮੁਰਦਾ ਹੋ ਗਈ ਜਾਤ ਨੂੰ ਗਲੇ ਦਾ ਹਾਰ ਬਣਾਇਆ ਹੋਇਆ ਹੈ। ਇਸ ਕਾਰਨ ਗੁਰੂ ਗੋਬਿੰਦ ਸਿੰਘ ਸਾਹਿਬ ਅੱਜ ਬਹੁਤ ਯਾਦ ਆਉਂਦੇ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਤੇ ਸਿੱਖ ਵਿਚਕਾਰ ਸਿੱਧਾ ਸਬੰਧ ਕਾਇਮ ਕਰਨ ਲਈ ਮਸੰਦ ਪ੍ਰਣਾਲੀ ਸਮਾਪਤ ਕਰ ਦਿੱਤੀ ਸੀ। ਸਿੱਖ ਬੇਨਤੀ ਕਰਦਾ ਸੀ, ਗੁਰੂ ਸੁਣਦਾ ਸੀ। ਗੁਰੂ ਸਿੱਖ ਦੀ ਜਾਣਦਾ ਸੀ ਸਿੱਖ ਆਪਣੇ ਗੁਰੂ ਤੇ ਭਰੋਸਾ ਕਰਦਾ ਸੀ। ਕੋਈ ਦੂਰੀ ਨਹੀਂ ਸੀ ਤਾਂ ਹੀ ਜੈਤਾ ਗੁਰੂ ਦਾ ਬੇਟਾ ਬਣ ਸਕਿਆ ਸੀ। ਅੱਜ ਸਿੱਖ ਗੁਰੂ ਤੋਂ ਦੂਰ ਹੋ ਗਿਆ ਹੈ ਤੇ ਕਰ ਵੀ ਦਿੱਤਾ ਗਿਆ ਹੈ। ਅੱਜ ਗੁਰੂ ਤੱਕ ਪੁੱਜਣ ਲਈ ਕੋਈ ਸਿੱਧੀ ਰਾਹ ਨਹੀਂ ਰਹੀ, ਕਈ ਕਈ ਮਾਧਿਅਮ ਬਣ ਗਏ ਹਨ। ਗੁਰੂ ਦਾ ਕਥਨ ਮਾਧਿਅਮਾਂ ਤੋਂ ਗੁਜਰਦੀਆਂ ਗੁਜ਼ਰਦਿਆਂ ਹੋਰ ਦਾ ਹੋਰ ਹੀ ਰੂਪ ਲੈ ਲੈਂਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ ਸੀ। ਅੱਜ ਗੁਰੂ ਸਾਹਿਬ ਦੇ ਹੀ ਨਾਮ ਤੇ ਉਸ ਜੋੜ ਵਿਚ ਤਰੇੜਾਂ ਪਾਈਆਂ ਜਾ ਰਹੀਆਂ ਹਨ। ਗੁਰੂ ਸਾਹਿਬ ਦੇ ਹੀ ਨਾਮ ਤੇ ਉਨ੍ਹਾਂ ਦੇ ਹੁਕਮ "ਗੁਰੂ ਮਾਨਿਯੋ ਗ੍ਰੰਥ" ਦੀ ਖੁੱਲੀ ਉਲੰਘਣਾ ਹੋ ਰਹੀ ਹੈ। ਗੁਰੂ ਨਾਨਕ ਸਾਹਿਬ ਦੇ ਪੰਥ ਨੂੰ ਹੀ ਅੱਗੇ ਵਧਾਉਂਦੇ ਹੋਏ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਰਮਕਾਂਡ, ਪਖੰਡ ਤੋਂ ਸਿੱਖਾਂ ਨੂੰ ਵਰਜਿਆ ਤੇ ਗੁਰ ਸ਼ਬਦ ਨੂੰ ਹੀ ਉੱਧਾਰ ਦਾ ਮਾਰਗ ਦੱਸਿਆ ਸੀ। ਪਿਤਾ ਦੀ ਸੌਂਪੀ ਕੁੰਜੀ ਤਾਂ ਸਿੱਖ ਵਰਤਣਾ ਹੀ ਭੁੱਲ ਗਿਆ ਹੈ। ਗੁਰੂ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਰੀ ਬਾਣੀ ਕੰਠ ਸੀ ਤਾਂ ਹੀ ਆਪ ਨੇ ਸ੍ਰੀ ਦਮਦਮਾ ਸਾਹਿਬ ਵਿਚ ਪੂਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਵਾ ਕੇ ਸੰਪੂਰਨਤਾ ਪ੍ਰਦਾਨ ਕੀਤੀ ਸੀ। ਅੱਜ ਜਪੁ ਸਾਹਿਬ ਦੀ ਬਾਣੀ ਕੰਠ ਕਰਨ ਵਾਲੇ ਸਿੱਖ ਵੀ ਵਿਰਲੇ ਹੀ ਮਿਲਦੇ ਹਨ। ਸ੍ਰੀ ਹਜੂਰ ਸਾਹਿਬ ਨਾਂਦੇੜ ਦੀ ਧਰਤੀ ਤੇ ਕੀਤੇ ਗਏ ਦਸਮ ਪਿਤਾ ਦੇ ਬਵੰਜਾ ਹੁਕਮਾਂ ਵਿੱਚ ਸ਼ਾਮਿਲ ਹੁਕਮ ਜਿਵੇਂ ਗੁਰਬਾਣੀ ਕੰਠ ਕਰਨੀ, ਗੁਰਬਾਣੀ ਦੇ ਅਰਥ ਸਮਝਣੇ, ਸ਼ਬਦ ਅਭਿਆਸ ਕਰਨਾ ਆਦਿਕ ਵਿਸਾਰ ਹੀ ਦਿੱਤੇ ਗਏ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸੰਨ ੧੬੭੫ ਤੋਂ ਸੰਨ ੧੭੦੮ ਤੱਕ ਦਾ ਗੁਰਤਾ ਕਾਲ ਚੁਣੌਤੀਆਂ ਤੇ ਸੰਘਰਸ਼ ਦਾ ਕਾਲ ਰਿਹਾ। ਗੁਰੂ ਸਾਹਿਬ ਨੇ ਹਰ ਚੁਣੌਤੀ ਦਾ ਬੜੇ ਸਬਰ ਤੇ ਸੂਝ ਬੂਝ ਨਾਲ ਸਾਹਮਣਾ ਕੀਤਾ। ਔਖੀ ਤੋਂ ਔਖੀ ਸਥਿਤੀ ਵਿੱਚੋਂ ਵੀ ਆਪ ਜੇਤੂ ਬਣ ਕੇ ਨਿਕਲੇ। ਸਿਧਾਂਤਾਂ ਲਈ ਹਮੇਸ਼ਾ ਹਾਲਾਤ ਨਾਲ ਟਾਕਰਾ ਲਿਆ ਤੇ ਸਰਬੰਸ ਵਾਰ ਦਿੱਤਾ। ਇਹ ਜਜਬਾ ਖਾਲਸਾਈ ਜਜਬਾ ਸੀ "ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ"। ਅੱਜ ਸਿਧਾਂਤਾਂ ਦੀ ਥਾਂ ਸਮਝੌਤੇ ਲੈਂਦੇ ਜਾ ਰਹੇ ਹਨ। ਗੁਰੂ ਸਾਹਿਬ ਨੇ ਸਿੱਖ ਨੂੰ ਸਿਖਾਇਆ ਸੀ "ਇਹ ਲਾਲਚ ਹਉ ਗੁਨ ਤਉ ਉਚਰੋਂ", ਪਰ ਕੌਮ ਨੇ ਕੁਰਸਿਆਂ, ਪਦਵਿਆਂ ਤੇ ਲਾਲਚ ਪਾਲ ਲਏ ਹਨ। ਇਸ ਲਾਲਚ ਨੇ ਸਿੱਖ ਦੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਪਣਾ ਪਿਤਾ ਆਖਣ ਦੇ ਹੱਕ ਤੇ ਸਵਾਲ ਖੜ੍ਹਾ ਕਰ ਦਿੱਤਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਗੁਰਿਆਈ ਦਾ ਦਿਨ ਇੱਕ ਮਹਾਨ ਦਿਨ ਸੀ ਜਦੋਂ ਸਿੱਖ ਕੌਮ ਅੰਦਰ ਆਏ ਵਿਲੱਖਣ ਬਦਲਾਵ ਦੀ ਇਬਾਰਤ ਲਿਖਣੀ ਆਰੰਭ ਹੋਈ ਸੀ। ਖਾਲਸੇ ਦੇ ਜਨਮ ਦੇ ਬੀਜ ਅੱਜ ਦੇ ਦਿਨ ਬੀਜੇ ਗਏ ਸਨ। ਇਹ ਆਪਣੀ ਹੋਂਦ ਦੀ ਨਿਸ਼ਾਨਦੇਹੀ ਕਰਨ ਦਾ ਦਿਨ ਹੈ। ਆਪਣੇ ਪਿਤਾ ਨੂੰ ਯਾਦ ਕਰਨ ਦੇ ਨਾਲ ਹੀ ਪਿਤਾ ਦੀ ਵਿਸਾਰੀ ਹੋਈ ਮਹਾਨ ਵਿਰਾਸਤ ਨੂੰ ਆਪਣੇ ਜੀਵਨ ਵਿੱਚ ਉਤਾਰਨ ਲਈ ਸੰਕਲਪ ਲੈਣ ਦਾ ਦਿਨ ਹੈ।ਆਪਣੇ ਆਪ ਨੂੰ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸੁਯੋਗ ਸੰਤਾਨ ਸਾਬਿਤ ਕਰਨ ਦਾ ਦਿਨ ਹੈ।

### 28 ਨਵੰਬਰ ਨੂੰ ਜੋਤੀ ਜੋਤ ਸਮਾਉਣ ਦਿਵਸ ਤੇ ਵਿਸ਼ੇਸ਼

# ਗੁਰੂ ਨਾਨਕ ਦੇ ਸ਼ਬਦਾਂ ਨੂੰ ਸੰਗੀਤ ਦੇਣ ਵਾਲੇ ਰਬਾਬੀ ਭਾਈ ਮਰਦਾਨਾ ਜੀ

ਜਸਵਿੰਦਰ ਸਿੰਘ ਰੁਪਾਲ
9814715796



ਜਗਤ ਗੁਰੂ ਬਾਬਾ ਨਾਨਕ ਜੀ ਨੇ ਸ਼ਬਦ ਰਾਹੀਂ ਜਗਤ ਨੂੰ ਤਾਰਿਆ ਸੀ, ਸ਼ਬਦ ਰਾਹੀਂ ਆਪਣਾ ਵਿਲੱਖਣ ਫਲਸਫਾ ਦਿੱਤਾ ਸੀ ਅਤੇ ਸ਼ਬਦ ਰਾਹੀਂ ਹੀ ਨਿਰਗੁਣਿਆਰਿਆ ਨੂੰ ਗੁਣਵਾਨ ਬਣਾਇਆ ਸੀ। ਇਹ ਬਾਬੇ ਦੇ ਸ਼ਬਦ ਦੀ ਚੋਟ ਹੀ ਸੀ ਜਿਸ ਨੇ ਕੌਡੇ ਰਾਖਸ਼, ਵਲੀ ਕੰਧਾਰੀ, ਸੱਜਣ ਠੱਗ ਅਤੇ ਹੋਰ ਲੱਖਾਂ ਦੇ ਜੀਵਨ ਵਿੱਚ ਵੱਡਾ ਇਨਕਲਾਬ ਲੈ ਆਂਦਾ ਸੀ। ਸੰਗੀਤ ਵਿੱਚ ਡੁੱਬਾ ਹੋਇਆ ਸ਼ਬਦ ਜਿਸ ਵੀ ਹਿਰਦੇ ਤੇ ਪੈਂਦਾ ਸੀ, ਉਹ ਗੁਰੂ ਨਾਨਕ ਦਾ ਹੀ ਹੋ ਕੇ ਰਹਿ ਜਾਂਦਾ ਸੀ। ਇਸ ਸ਼ਬਦ ਨੂੰ ਸੰਗੀਤਬੱਧ ਕਰਨ ਵਾਲੇ ਰਬਾਬੀ ਭਾਈ ਮਰਦਾਨਾ ਜੀ ਦਾ ਵੀ ਇਹ ਇਨਕਲਾਬ ਲਿਆਉਣ ਵਿੱਚ ਬਰਾਬਰ ਦਾ ਯੋਗਦਾਨ ਹੈ। ਕਿਹਾ ਜਾਂਦਾ ਏ ਕਿ ਬਾਬਾ ਨਾਨਕ ਆਖਦਾ ਸੀ, ਮਰਦਾਨਿਆ ਰਬਾਬ ਵਜਾ, ਬਾਣੀ ਆਈ ਏ। ਇਹ ਸਰਗਮ ਅਤੇ ਕਾਵਿ ਦਾ ਅਨੂਠਾ ਮੇਲ ਸੀ, ਜਿਸ ਨੇ ਕਰਾਮਾਤ ਕਹੀਆਂ ਜਾ ਸਕਣ ਵਾਲੀਆਂ ਘਟਨਾਵਾਂ ਨੂੰ ਜਨਮ ਦਿੱਤਾ। ਭਾਈ ਮਰਦਾਨੇ ਦਾ ਬਾਬੇ ਨਾਨਕ ਦਾ ਪੱਕਾ ਸਾਥੀ ਬਣ ਜਾਣਾ ਆਪਣੇ ਆਪ ਵਿੱਚ ਇੱਕ ਵੱਡੀ ਕਰਾਮਾਤ ਸੀ। ਉਸ ਸਮੇਂ ਜਦੋਂ ਜਾਤ-ਪਾਤ ਅਤੇ ਛੂਤ-ਛਾਤ ਪੂਰੇ ਜੋਬਨ ਵਿੱਚ ਸੀ, ਉਦੋਂ ਨੀਵੀਂ ਜਾਤ ਵਜੋਂ ਜਾਣੀ ਜਾਂਦੀ ਮਰਾਸੀ ਜਾਤ ਨਾਲ ਸੰਬੰਧ ਰੱਖਣ ਵਾਲੇ ਮਰਦਾਨੇ ਨੂੰ ਸਦਾ ਆਪਣੇ ਨਾਲ ਰੱਖਣਾ, ਗੁਰੂ ਨਾਨਕ ਦੀ ਬਾਣੀ ਵਿੱਚ ਦੱਸਿਆ ਸਿਧਾਂਤ ਅਮਲੀ ਤੌਰ ਤੇ ਜੀਊ ਕੇ ਦਿਖਾਉਣ ਦਾ ਸਬੱਬ ਸੀ। ਨਾਨਕ ਬਾਣੀ ਵਿੱਚ ਸਾਫ ਲਿਖਿਆ ਏ-

**'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥''** (ਪੰਨਾ ੧੫, ਸਿਰੀ ਰਾਗੁ ਮਹਲਾ ੧)

ਅਤੇ ਸੱਚਮੁੱਚ ਨਦਰਿ ਹੋਈ ਵੀ!! ਭਾਈ ਮਰਦਾਨਾ ਜੀ ਦਾ ਜਨਮ ਰਾਇ ਭੋਇ ਦੀ ਤਲਵੰਡੀ ਵਿਖੇ ਹੀ ਪਿਤਾ ਮੀਰ ਬਾਦਰੇ ਦੇ ਘਰ ਮਾਤਾ ਲੱਖੋ ਦੀ ਕੁੱਖੋਂ 1459 ਈਸਵੀ ਨੂੰ ਹੋਇਆ। ਆਪ ਜੀ ਦੇ ਪਿਤਾ ਜੀ ਡੂਮਾਂ ਵਾਲਾ ਖਾਨਦਾਨੀ ਕਿੱਤਾ ਕਰਦੇ ਸਨ, ਜਿਸ ਵਿੱਚ ਜਿੱਥੇ ਲੋਕਾਂ ਦੇ ਘਰ ਸੁਨੇਹੇ ਆਦਿ ਦੇਣ ਦਾ ਕੰਮ ਵੀ ਹੁੰਦਾ ਸੀ ਉੱਥੇ ਲੋਕਾਂ ਦੇ ਮਨੋਰੰਜਨ ਲਈ ਗਾਉਣਾ ਵੀ ਸ਼ਾਮਲ ਸੀ। ਕਿਹਾ ਜਾਂਦਾ ਏ ਕਿ ਮਾਤਾ ਲੱਖੋ ਦੇ ਛੇ ਬੱਚੇ ਹੋ ਕੇ ਮਰ ਗਏ ਸਨ ਅਤੇ ਇਹ ਸੱਤਵਾਂ ਬੱਚਾ ਸੀ, ਜਿਸ ਦਾ ਨਾਮ ਮਾਤਾ ਨੇ 'ਮਰ ਜਾਣਾ' ਰੱਖਿਆ ਹੋਇਆ ਸੀ। ਉਸ ਨੂੰ ਇਸ ਦੇ ਵੀ ਛੇਤੀ ਮਰ ਜਾਣ ਦਾ ਡਰ ਸੀ। ਮਰਦਾਨੇ ਨੂੰ ਨਿੱਕੇ ਹੁੰਦੇ ਤੋਂ ਹੀ ਗਾਉਣ ਵਜਾਉਣ ਦਾ ਸ਼ੌਕ ਸੀ ਅਤੇ ਜਦੋਂ 1480 ਈਸਵੀ ਚ ਉਸ ਦੀ ਰਬਾਬ ਦੀ ਟੁਣਕਾਰ ਬਾਬੇ ਨਾਨਕ ਦੇ ਕੰਨਾਂ ਵਿੱਚ ਪਈ, ਬਾਬਾ ਮੋਹਿਆ ਗਿਆ ਅਤੇ ਮਰਦਾਨੇ ਨੂੰ ਸਦਾ ਲਈ ਆਪਣਾ ਸਾਥੀ ਬਣਾ ਲਿਆ। ਬਾਬਾ ਜੀ ਨੇ 'ਮਰ ਜਾਣਾ' ਦੀ ਥਾਂ 'ਮਰਦਾ ਨਾ' ਆਖਿਆ ਅਤੇ ਉਸ ਦਾ ਨਾਂ ਮਰਦਾਨਾ ਪ੍ਰਸਿੱਧ ਹੋਇਆ। ਦੋਵਾਂ ਦੀ ਪ੍ਰੀਤ ਗੂੜ੍ਹੀ ਹੁੰਦੀ ਗਈ। ਕੁਝ ਸਮਾਂ ਦੋਵੇਂ ਤਲਵੰਡੀ ਵਿਖੇ ਹੀ ਸਤਿ ਕਰਤਾਰ ਦੀ ਉਸਤਤ ਵਿੱਚ ਗੀਤ ਗਾਉਂਦੇ ਰਹੇ।

1487 ਈ. 'ਚ ਬਾਬੇ ਨਾਨਕ ਦਾ ਵਿਆਹ ਹੋ ਗਿਆ ਅਤੇ ਉਪਰੰਤ ਪਿਤਾ ਕਾਲੂ ਨੇ ਕੰਮ ਵਿਚ ਪਾਉਣ ਲਈ ਗੁਰੂ ਨਾਨਕ ਨੂੰ ਭੈਣ ਕੋਲ ਸੁਲਤਾਨਪੁਰ ਲੋਧੀ ਭੇਜ ਦਿੱਤਾ। ਇੱਕ ਵਾਰੀ ਤਾਂ ਦੋ ਦੋਸਤਾਂ ਵਿੱਚ ਵਿਛੋੜਾ ਪੈ ਗਿਆ, ਪਰ ਜਲਦੀ ਹੀ ਮਰਦਾਨੇ ਨੂੰ ਨਾਨਕ ਦੀ ਖਬਰਸਾਰ ਲੈ ਆਉਣ ਲਈ ਮਹਿਤਾ ਕਾਲੂ ਨੇ ਤਲਵੰਡੀ ਘੱਲ ਦਿੱਤਾ। ਫੇਰ ਤਾਂ ਮਰਦਾਨਾ ਪੱਕਾ ਹੀ ਨਾਨਕ ਦਾ ਸਾਥੀ ਬਣ ਗਿਆ ਅਤੇ ਉਸਦੀ ਰਬਾਬ ਦਾ ਸੰਗੀਤ ਨਾਨਕ ਦੇ ਸ਼ਬਦਾਂ ਦਾ ਆਧਾਰ ਬਣਿਆ। ਬਾਬੇ ਨਾਨਕ ਨੇ ਵੱਖ ਵੱਖ ਦਿਸ਼ਾਵਾਂ ਵਿੱਚ ਚਾਰ ਉਦਾਸੀਆਂ ਕੀਤੀਆਂ ਅਤੇ ਜੰਗਲ ਬੇਲਿਆਂ ਵਿੱਚ, ਰੇਗਿਸਤਾਨਾਂ ਵਿੱਚ, ਪਿੰਡਾਂ ਸ਼ਹਿਰਾਂ ਵਿੱਚ, ਸੰਤਾਂ ਅਤੇ ਠੱਗਾਂ ਨਾਲ ਮੁਲਾਕਾਤਾਂ ਸਮੇ ਭਾਈ ਮਰਦਾਨਾ ਜੀ ਹਮੇਸ਼ਾ ਬਾਬੇ ਨਾਨਕ ਦੇ ਨਾਲ ਸਨ ਅਤੇ ਬਾਬੇ ਦੇ ਸ਼ਬਦ ਨੇ ਰਬਾਬ ਦੇ ਸੰਗੀਤ ਵਿਚੋਂ ਹੋ ਕੇ ਹੀ ਤਪਦੇ ਹਿਰਦਿਆਂ ਨੂੰ ਠਾਰਿਆ।

ਜਨਮ ਸਾਖੀਆਂ ਦੇ ਲੇਖਕਾਂ ਨੇ ਭਾਈ ਮਰਦਾਨੇ ਨੂੰ ਭੁੱਖ ਦਾ ਸਤਾਇਆ ਹੋਇਆ ਲਿਖਿਆ ਹੈ, ਭਾਵੇ ਇਹ ਉਨ੍ਹਾਂ ਨੇ ਨਾਨਕ ਦੇ ਨਾਲ ਵਾਪਰੀਆਂ ਘਟਨਾਵਾਂ ਦਾ ਆਧਾਰ ਬਣਾਉਣ ਲਈ ਇਸ ਦੀ ਨਾਟਕੀ ਕਲਪਨਾ ਹੀ ਕੀਤੀ ਹੋਵੇ। ਕਿਉਂਕਿ ਇਹ ਗੱਲ ਹੈਰਾਨੀ ਵਾਲੀ ਹੈ ਕਿ ਲੱਗਭੱਗ 50 ਸਾਲ ਤੋਂ ਵੀ ਵੱਧ ਸਮਾਂ ਜਿਸ ਨੇ ਨਾਨਕ ਅਤੇ ਨਾਨਕ ਬਾਣੀ ਦਾ ਸਾਥ ਧੁਰ ਹਿਰਦੇ ਤੋਂ, ਰੂਹ ਤੋਂ ਮਾਣਿਆ ਹੋਵੇ ਉਸ ਨੂੰ ਦੁਨਿਆਵੀ ਭੁੱਖ ਤੰਗ ਕਰੇ, ਯਕੀਨ ਕਰਨਾ ਮੁਸ਼ਕਿਲ ਹੈ।

ਭਾਵੇਂ ਮਰਦਾਨਾ ਜੀ ਉਮਰ ਵਿੱਚ ਬਾਬੇ ਤੋਂ 10 ਸਾਲ ਵੱਡੇ ਸਨ, ਪਰ ਉਨ੍ਹਾਂ ਦੀ ਨਿਮਰਤਾ ਨੇ ਉਹਨਾਂ ਨੂੰ ਸਦਾ ਹੀ ਗੁਰ-ਚਰਨਾਂ ਦਾ ਭੌਰਾ ਬਣਾਈ ਰੱਖਿਆ। ਮਰਦਾਨਾ ਜੀ ਦਾ ਵਿਆਹ ਕਦੋਂ ਹੋਇਆ, ਇਤਿਹਾਸ ਵਿਚ ਕੋਈ ਸਰੋਤ ਨਹੀਂ ਮਿਲਦਾ, ਪਰ ਉਹਨਾਂ ਦੇ ਦੋ ਪੁੱਤਰਾਂ ਰਜਾਦਾ ਅਤੇ ਸਜਾਦਾ ਦਾ ਜ਼ਿਕਰ ਜਰੂਰ ਆਉਂਦਾ ਏ, ਜਿਨ੍ਹਾਂ ਵਿਚੋਂ ਸਜਾਦਾ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਕੀਰਤਨ ਕਰਦਾ ਸੀ।

ਭਾਈ ਮਰਦਾਨੇ ਦਾ ਗੁਰੂ ਨਾਨਕ ਨਾਲ ਕਿੰਨਾ ਜ਼ਿਆਦਾ ਪ੍ਰੇਮ ਸੀ ਇੱਕ ਛੋਟੀ ਜਿਹੀ ਘਟਨਾ ਤੋਂ ਅੰਦਾਜ਼ਾ ਲੱਗ ਸਕਦਾ ਹੈ। ਕਹਿੰਦੇ ਮਰਦਾਨਾ ਜੀ ਨੇ ਬਾਬੇ ਨੂੰ ਪੂਰੀ ਅਪਣੱਤ ਨਾਲ ਆਖਿਆ ਸੀ- ਬਹੁਤਾ ਮਾਣ ਨਾ ਕਰੀਂ ਬਾਬਾ, ਤੇਰੇ ਤੇ ਮੇਰੇ ਵਿੱਚ ਬਹੁਤਾ ਫਰਕ ਨਹੀਂ। ਤੂ ਰੱਬ ਦਾ ਡੂਮ ਤੇ ਮੈਂ ਤੇਰਾ ਡੂਮ॥ ਤੇ ਬਾਬੇ ਨੇ ਕਦੀ ਮਾਣ ਕੀਤਾ ਵੀ ਨਹੀਂ ਸੀ। ਮਰਦਾਨੇ ਨੂੰ ਅੰਤਮ ਸਮਾਂ ਆਉਣ ਤੋਂ ਪਹਿਲਾਂ ਬਾਬੇ ਨੇ ਪਰਖਣ ਦੇ ਲਹਿਜੇ ਵਿੱਚ ਪੁੱਛਿਆ ਕਿ ਜੇ ਤੂੰ ਆਖੇਂ ਤੇਰੇ ਮਰਨ ਪਿੱਛੋਂ ਤੇਰੀ ਸਮਾਧ ਬਣਵਾ ਦੇਈਏ। ਮਰਦਾਨੇ ਹੱਥ ਜੋੜ ਕੇ ਕਿਹਾ, ਬਾਬਾ ਤੇਰੇ ਨਾਲ ਰਹਿ ਕੇ ਇਹੀ ਤਾਂ ਸਿੱਖਿਆ ਹੈ। ਇੱਕ ਕਬਰ ਚੋਂ ਕੱਢ ਕੇ ਦੂਜੀ ਵਿੱਚ ਕਿਉ ਪਾਉਣਾ ਏ ਬਾਬੇ ਨਾਨਕ ਨੇ ਖੁਸ਼ ਹੋ ਕੇ ਉਸਨੂੰ ਬ੍ਰਹਮ-ਗਿਆਨੀ ਹੋਣ ਦੀ ਉਪਾਧੀ ਦਿੱਤੀ।

ਭਾਈ ਸਾਹਿਬ ਦੇ ਦਿਹਾਂਤ ਬਾਰੇ ਵਿਦਵਾਨਾਂ ਵਿੱਚ ਮੱਤਭੇਦ ਹੈ। ਕੁਝ 1534 ਈਸਵੀ ਨੂੰ ਦੱਸਦੇ ਹਨ, ਤੇ ਕੁਝ 1538 ਈ ਵਿੱਚ ਇਸੇ ਤਰ੍ਹਾਂ ਇੱਕ ਵਿਚਾਰ ਵਿੱਚ ਭਾਈ ਸਾਹਿਬ ਨੇ ਆਪਣਾ ਸਰੀਰ ਅਫਗਾਨਿਸਤਾਨ ਵਿੱਚ ਕੁਰਮ ਨਦੀ ਦੇ ਕੰਢੇ ਕੁਰਮ ਨਗਰ ਵਿੱਚ ਛੱਡਿਆ, ਜਦ ਕਿ ਦੂਜੇ ਵਿਚਾਰ ਵਿੱਚ ਉਨ੍ਹਾਂ ਨੇ ਕਰਤਾਰਪੁਰ ਸਾਹਿਬ ਦੇਹ ਤਿਆਗੀ। ਇਹ ਸਾਰੇ ਵਿਦਵਾਨ ਮੰਨਦੇ ਹਨ ਕਿ ਉਨ੍ਹਾਂ ਦਾ ਅੰਤਿਮ ਸੰਸਕਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਨਾਲ ਉਨ੍ਹਾਂ ਦੇ ਕਰਤਾਰਪੁਰ ਸਾਹਿਬ ਸਵਰਗਵਾਸ ਹੋਣ ਦਾ ਵਿਚਾਰ ਵਧੇਰੇ ਠੀਕ ਜਾਪਦਾ ਹੈ ਕਿਉਂਕਿ ਸਿਰਫ ਸੰਸਕਾਰ ਕਰਨ ਲਈ ਨਾਨਕ ਜੀ ਦਾ ਅਫਗਾਨਿਸਤਾਨ ਜਾਣ ਦਾ ਕਿਤੇ ਜ਼ਿਕਰ ਨਹੀਂ ਮਿਲਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮਰਦਾਨਾ ਜੀ ਦੇ ਨਾਮ ਹੇਠ ਦੋ ਸਲੋਕ ਦਰਜ ਹਨ। ਵਿਦਵਾਨਾਂ ਦੇ ਵਿਚਾਰ ਅਨੁਸਾਰ ਭਾਈ ਮਰਦਾਨਾ ਜੀ ਦੇ ਵਿਚਾਰਾਂ ਨੂੰ ਕਾਵਿ-ਰੂਪ ਵਿੱਚ ਗੁਰੂ ਨਾਨਕ ਦੇਵ ਜੀ ਨੇ ਆਪ ਪ੍ਰਗਟਾਇਆ ਹੈ ਅਤੇ ਅੰਤ ਤੇ ਨਾਨਕ ਨਾਂ ਦੀ ਮੋਹਰ ਛਾਪ ਵੀ ਹੈ। ਬਾਣੀ ਰਾਹੀਂ ਮਰਦਾਨੇ ਨੂੰ ਸਦਾ ਲਈ ਅਮਰ ਕਰ ਦਿੱਤਾ ਹੈ।

ਇਹ ਸਲੋਕ ਹਨ---

**1. ਕਲਿ ਕਲਵਾਲੀ ਕਾਮੁ ਮਦ ਮਨੂਆ ਪੀਵਣਹਾਰੁ।**
**ਕ੍ਰੋਧੁ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ।**



**ਮਜਲਸ ਕੂੜੇ ਲਬ ਕੀ ਪੀ ਪੀ ਹੋਏ ਖੁਆਰੁ।**
**ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ।**
**ਗੁਣ ਮੰਡੇ ਕਰਿ ਸੀਲ ਘਿਉ ਸਰਮੁ ਮਾਸੁ ਆਹਾਰੁ।**
**ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰੁ।**
(ਪੰਨਾ ੫੫੩, ਸਲੋਕ ਮਰਦਾਨਾ ੧)

**2. ਕਾਇਆ ਲਾਹਣਿ ਆਪੁ ਮਦ ਮਜਲਸ ਤ੍ਰਿਸਨਾ ਧਾਤੁ।**
**ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ।**
**ਇਤੁ ਮਦੁ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰੁ।**
**ਗਿਆਨੁ ਮਾਸੁ ਸਾਲਾਹ ਮੰਡੇ ਭਉ ਮਾਸੁ ਆਹਾਰੁ।**
**ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ।**
**ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ।**
**ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰੁ।**
(ਪੰਨਾ ੫੫੩, ਮਰਦਾਨਾ ੧)

ਅਤੇ ਇੱਕ ਪਉੜੀ ਵੀ ਹੈ--

**ਆਪੇ ਸੁਰਿ ਨਰ ਗਣ ਗੰਧਰਵਾ ਆਪੇ ਖਟ ਦਰਸਨ ਕੀ ਬਾਣੀ।**

ਦੋਹਾਂ ਸ਼ਬਦਾਂ ਦਾ ਅਰਥ ਭਾਵ ਲੱਗਭੱਗ ਇੱਕੋ ਜਿਹਾ ਹੈ। ਜਿਨਾਂ ਵਿੱਚ ਵਿਕਾਰਾਂ ਦੇ ਨਸ਼ਿਆਂ ਤੋਂ ਵਰਜਦੇ ਹੋਏ ਇੱਕੋ ਇੱਕ ਸਦੀਵੀ ਨਸ਼ਾ ਨਾਮ ਦਾ ਕੀਤੇ ਜਾਣ ਦੀ ਹਦਾਇਤ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇ ਜਿਕਰ ਕਰਨ ਸਮੇ ਭਾਈ ਮਰਦਾਨਾ ਜੀ ਦਾ ਜਿਕਰ ਵੀ ਪੂਰੇ ਸਤਿਕਾਰ ਸਹਿਤ ਕੀਤਾ ਹੈ---

**ਇੱਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ।**
(ਭਾਈ ਗੁਰਦਾਸ ਜੀ, ਵਾਰ ੧ ਪਉੜੀ ੩੫)

ਦੁਆ ਕਰਦੇ ਹਾਂ ਕਿ ਸਾਨੂੰ ਸ਼ਬਦ ਦੇ ਨਾਲ ਨਾਲ ਰਬਾਬ ਦੀ ਧੁਨ ਵੀ ਹਮੇਸ਼ਾ ਸੁਣਦੀ ਰਹੇ। ਜਿੰਨੀ ਦੇਰ ਬਾਬੇ ਨਾਨਕ ਦਾ ਅਤੇ ਉਸਦੀ ਬਾਣੀ ਦਾ ਜਿਕਰ ਹੁੰਦਾ ਰਹੇਗਾ, ਭਾਈ ਮਰਦਾਨਾ ਜੀ ਦਾ ਨਾਂ ਵੀ ਉਤਨੇ ਹੀ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ।

# ਨਿੱਜੀ ਯੂਨੀਵਰਸਿਟੀਆਂ 'ਤੇ ਨਜ਼ਰ




ਦਿੱਲੀ ਦੇ ਲਾਲ ਕਿਲ੍ਹੇ ਨੇੜੇ ਧਮਾਕੇ ਤੋਂ ਬਾਅਦ ਚਰਚਾ 'ਚ ਆਈ ਅਲ ਫਲਾਹ ਯੂਨੀਵਰਸਿਟੀ ਕਾਰਨ ਬਾਕੀ ਵਿੱਦਿਅਕ ਅਦਾਰੇ ਵੀ ਸ਼ੱਕ ਦੀ ਘੇਰੇ 'ਚ ਹਨ। ਇਸ ਕਾਰਨ ਸਿੱਖਿਆ ਮੰਤਰਾਲੇ ਵੱਲੋਂ ਦੇਸ਼ 'ਚ ਬੇਲਗਾਮ ਤਰੀਕੇ ਨਾਲ ਕੰਮ ਕਰ ਰਹੀਆਂ ਅਜਿਹੀਆਂ ਯੂਨੀਵਰਸਿਟੀਆਂ ਦੀ ਕਾਰਗੁਜ਼ਾਰੀ 'ਤੇ ਤਿੱਖੀ ਨਜ਼ਰ ਰੱਖਣ ਦੀ ਤਿਆਰੀ ਕੀਤੀ ਜਾ ਰਹੀ ਹੈ। ਮੰਤਰਾਲੇ ਨੇ ਇਸ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਅਤੇ ਕੌਮੀ ਮੁਲਾਂਕਣ ਤੇ ਮੁਕਾਬਲੇਬਾਜ਼ੀ ਕੌਂਸਲ (ਨੈਕ) ਨੂੰ ਨਿੱਜੀ ਯੂਨੀਵਰਸਿਟੀਆਂ 'ਤੇ ਸਖ਼ਤ ਨਜ਼ਰ ਰੱਖਣ ਲਈ ਖਰੜਾ ਬਣਾਉਣ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਦਰਅਸਲ, ਅਲ ਫਲਾਹ ਯੂਨੀਵਰਸਿਟੀ 'ਤੇ ਇਲਜ਼ਾਮ ਲੱਗੇ ਹਨ ਕਿ ਉਸ ਦੇ ਪ੍ਰਬੰਧਨ ਵੱਲੋਂ ਯੂਜੀਸੀ ਅਤੇ ਨੈਕ ਦੇ ਨਿਯਮਾਂ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਗਈਆਂ ਹਨ। ਦਿੱਲੀ ਧਮਾਕੇ ਮਗਰੋਂ ਈਡੀ ਨੇ ਇਸ ਯੂਨੀਵਰਸਿਟੀ ਦੀ ਡੂੰਘਾਈ ਨਾਲ ਘੋਖ਼ ਪੜਤਾਲ ਕੀਤੀ ਹੈ। ਅਲ-ਫਲਾਹ ਟਰੱਸਟ ਅਤੇ ਫ਼ਰੀਦਾਬਾਦ ਦੀ ਅਲ-ਫਲਾਹ ਯੂਨੀਵਰਸਿਟੀ ਨਾਲ ਜੁੜੇ 24 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਗਈ। ਇਸ ਯੂਨੀਵਰਸਿਟੀ ਦੀਆਂ ਜੜ੍ਹਾਂ 'ਚ ਭ੍ਰਿਸ਼ਟਾਚਾਰ ਤੇ ਬੇਨਿਯਮੀਆਂ ਇਸ ਕਦਰ ਫੈਲੀਆਂ ਹੋਈਆਂ ਸਨ ਕਿ ਇਸ ਦਾ ਫਾਊਂਡਰ ਜਾਵੇਦ ਅਹਿਮਦ ਸਿੱਦੀਕੀ ਮਨੀ ਲਾਂਡ੍ਰਿੰਗ ਐਕਟ ਤਹਿਤ ਗ੍ਰਿਫ਼ਤਾਰ ਕੀਤਾ ਗਿਆ। ਹੈਰਾਨੀ ਵਾਲੀ ਗੱਲ ਹੈ ਕਿ ਇਸ ਯੂਨੀਵਰਸਿਟੀ ਦੇ ਉਨ੍ਹਾਂ ਕਮਰਿਆਂ ਦਾ ਵੀ ਖੁਲਾਸਾ ਹੋਇਆ ਹੈ ਜਿੱਥੇ ਬੈਠ ਕੇ ਦਿੱਲੀ ਧਮਾਕੇ ਨਾਲ ਸਬੰਧਤ ਸਾਜ਼ਿਸ਼ਾਂ ਰਚੀਆਂ ਗਈਆਂ। ਵਿੱਦਿਅਕ ਅਦਾਰੇ ਅਤੇ ਯੂਨੀਵਰਸਿਟੀਆਂ ਪੜ੍ਹਾਈ ਲਈ ਪੂਜਣਯੋਗ ਥਾਵਾਂ ਹਨ ਪਰ ਜਦੋਂ ਅਲ ਫਲਾਹ ਵਰਗੀਆਂ ਯੂਨੀਵਰਸਿਟੀਆਂ ਅੰਦਰੋਂ ਅਜਿਹੇ ਖ਼ੌਫਨਾਕ ਖੁਲਾਸੇ ਹੁੰਦੇ ਹਨ ਤਾਂ ਵਿੱਦਿਆ ਦੇ ਸਾਰੇ ਮੰਦਰ ਸਵਾਲਾਂ 'ਚ ਘਿਰ ਜਾਂਦੇ ਹਨ। ਪੂਰੇ ਦੇਸ਼ 'ਚ ਵੱਡੇ-ਛੋਟੇ ਵਿੱਦਿਅਕ ਅਦਾਰਿਆਂ ਦਾ ਵੱਡਾ ਜਾਲ ਹੈ। ਸਾਲ 2023 ਦੀ ਇਕ ਮੀਡੀਆ ਰਿਪੋਰਟ ਮੁਤਾਬਕ ਦੇਸ਼ 'ਚ ਪਿਛਲੇ ਪੰਜਾਂ ਸਾਲਾਂ ਦੌਰਾਨ ਕਰੀਬ 140 ਪ੍ਰਾਈਵੇਟ ਯੂਨੀਵਰਸਿਟੀਆਂ ਖੋਲ੍ਹੀਆਂ ਗਈਆਂ। ਕੇਂਦਰੀ ਸਿੱਖਿਆ ਮੰਤਰਾਲੇ ਦੇ ਅੰਕੜਿਆਂ ਦੇ ਹਵਾਲੇ ਵਾਲੀ ਇਸ ਰਿਪੋਰਟ ਮੁਤਾਬਕ ਗੁਜਰਾਤ 'ਚ 28 ਅਤੇ ਮਹਾਰਾਸ਼ਟਰ 'ਚ 15 ਯੂਨੀਵਰਸਿਟੀਆਂ ਸਥਾਪਤ ਕੀਤੀਆਂ ਗਈਆਂ। ਇਸੇ ਤਰ੍ਹਾਂ ਹੀ ਮੱਧ ਪ੍ਰਦੇਸ਼ ਤੇ ਕਰਨਾਟਕ 'ਚ 14 ਤੇ 10 ਨਿੱਜੀ ਯੂਨੀਵਰਿਸਟੀਆਂ ਖੋਲ੍ਹੀਆਂ ਗਈਆਂ ਹਨ। ਮਾੜੇ ਪ੍ਰਬੰਧਾਂ ਅਤੇ ਮਨਮਰਜ਼ੀਆਂ ਦੀਆਂ ਸ਼ਿਕਾਇਤਾਂ ਤੋਂ ਬਾਅਦ ਇਸੇ ਸਾਲ ਸਤੰਬਰ ਮਹੀਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਦੇਸ਼ ਦੀਆਂ 54 ਨਿੱਜੀ ਯੂਨੀਵਰਸਿਟੀਆਂ ਨੂੰ ਨੋਟਿਸ ਜਾਰੀ ਕੀਤੇ ਸਨ। ਇਹ ਵਿੱਦਿਅਕ ਅਦਾਰੇ ਯੂਜੀਸੀ ਦੇ ਸੈਲਫ਼ ਡਿਸਕਲੋਜ਼ਰ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਸਨ। ਜੂਨ 2023 'ਚ ਕਮਿਸ਼ਨ ਵੱਲੋਂ ਯੂਨੀਵਰਸਿਟੀਆਂ ਨੂੰ ਆਪਣੀ ਵੈੱਬਸਾਈਟ 'ਤੇ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਨ ਲਈ ਵੀ ਕਿਹਾ ਗਿਆ ਸੀ। ਯੂਨੀਵਰਸਿਟੀਆਂ 'ਚ ਵਿਦਿਆਰਥੀਆਂ ਦੀ ਗਿਣਤੀ ਦੇ ਲਿਹਾਜ਼ ਨਾਲ ਇਸ ਗੱਲ 'ਤੇ ਨਜ਼ਰ ਰੱਖਣੀ ਜ਼ਿਆਦਾ ਜ਼ਰੂਰੀ ਹੋ ਜਾਂਦੀ ਹੈ ਕਿ ਪੜ੍ਹਨ ਲਈ ਆਉਣ ਵਾਲਿਆਂ 'ਚ ਕੌਣ ਕਿਸ ਤਰੀਕੇ ਨਾਲ ਯੂਨੀਵਰਸਿਟੀ 'ਚ ਪੈਰ ਧਰ ਰਿਹਾ ਹੈ। ਅਲ ਫਲਾਹ ਯੂਨੀਵਰਸਿਟੀ 'ਚ ਜੋ ਕੁਝ ਹੋਇਆ, ਉਸ ਤੋਂ ਬਾਅਦ ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਸਭ ਤੋਂ ਵੱਡੀ ਗੱਲ ਕਿਸੇ ਵਿੱਦਿਅਕ ਅਦਾਰੇ ਨਾਲ ਦਿੱਲੀ ਧਮਾਕੇ ਵਰਗੀ ਘਟਨਾ ਦੇ ਤਾਰ ਜੁੜਨੇ ਆਲਮੀ ਪੱਧਰ 'ਤੇ ਕੋਈ ਚੰਗਾ ਸੰਦੇਸ਼ ਨਹੀਂ ਹੈ।

# ‘ਹਿੰਦ ਦੀ ਚਾਦਰ’ ਗੁਰੂ ਤੇਗ਼ ਬਹਾਦਰ ਜੀ : ਸ਼ਹੀਦੀ ਸਰੋਕਾਰ

ਪ੍ਰੋ. ਸਰਚਾਂਦ ਸਿੰਘ ਖਿਆਲਾ
9781355522





ਸ਼ਹਾਦਤ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ। ਸ਼ਹਾਦਤ ਦਾ ਸਿੱਖ ਸੰਕਲਪ ਉੱਚਤਮ ਅਤੇ ਬੇਮਿਸਾਲ ਹੈ ਸ਼ਹੀਦੀ ਦਾ ਸਬਕ ਗੁਰੂ ਸਾਹਿਬਾਨ ਨੇ ਨਿੱਜੀ ਮਿਸਾਲ ਰਾਹੀਂ ਦ੍ਰਿੜ੍ਹ ਕਰਵਾਇਆ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੁਆਰਾ ਸ਼ਹਾਦਤ ਦੇ ਕੇ ਵਜਾਇਆ ਗਿਆ ਸੰਖਨਾਦ ਕੇਵਲ ਧਰਮ ਲਈ ਹੀ ਨਹੀਂ ਸੁਤੰਤਰਤਾ ਦੇ ਸਰੋਕਾਰਾਂ ਨੂੰ ਪੂਰੀ ਤਰ੍ਹਾਂ ਪਰਨਾਈ ਹੋਈ ਸੀ। ਇਸੇ ਪੰਧ ’ਤੇ ਚੱਲ ਕੇ ਸਿੱਖਾਂ ਨੇ ਅਣਗਿਣਤ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਸੇ ਲਈ ਸਿੱਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ, ਅਸੀਂ ਆਪਣੇ ਸ਼ਹੀਦਾਂ ’ਤੇ ਜਿੰਨਾ ਵੀ ਫ਼ਖਰ ਕਰੀਏ ਥੋੜ੍ਹਾ ਹੈ।

**“ਸ਼ਹੀਦ ਕੀ ਜੋ ਮੌਤ ਹੈ ਵੋ ਕੌਮ ਕੀ ਹਯਾਤ ਹੈ ਹਯਾਤ ਤੋਂ ਹਯਾਤ ਹੈ ਮੌਤ ਵੀ ਹਯਾਤ ਹੈ”**
**(ਇਕਬਾਲ)**

ਸਿੱਖ ਕੌਮ, ਹਿੰਦੂ ਸਮਾਜ, ਪੰਜਾਬ, ਭਾਰਤ ਹੀ ਨਹੀਂ ਸਗੋਂ ਪੂਰੀ ਮਾਨਵਜਾਤੀ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸ਼ਰਧਾ ਪੂਰਵਕ ਮਨਾਉਂਦਿਆਂ ਉਹਨਾਂ ਵੱਲੋਂ ਕੀਤੇ ਗਏ ਪਰਉਪਕਾਰਾਂ ਨੂੰ ਸਿੱਜਦਾ ਕਰ ਰਹੀ ਹੈ। ਇਹ ਸਾਡੇ ਲਈ ਵੱਡੇ ਭਾਗਾਂ ਦੀ ਗੱਲ ਹੈ ਕਿ ਗੁਰੂ ਸਾਹਿਬਾਨਾਂ ਦੀਆਂ ਅਨੇਕਾਂ ਸ਼ਤਾਬਦੀਆਂ ਸਾਡੇ ਜੀਵਨ ਵਿੱਚ ਆਈਆਂ ਹਨ। ਇਹ ਸ਼ਤਾਬਦੀਆਂ ਅਤੇ ਮਹਾਨ ਸ਼ਹੀਦੀ ਸਾਕੇ ਸਾਡੇ ਵਰਗੇ ਦੁਬਿਧਾ ਗ੍ਰਸਤ ਲੋਕਾਂ ਨੂੰ ਦੇਸ਼ ਅਤੇ ਕੌਮ ਪ੍ਰਸਤੀ ਦਾ ਸਬਕ ਦ੍ਰਿੜਾਉਂਦੇ ਹਨ। ਇਤਿਹਾਸ ਨੂੰ ਯਾਦ ਰੱਖਣ ਵਾਲੀਆਂ ਕੌਮਾਂ ਹੀ ਜਿਊਂਦੀਆਂ ਰਹਿੰਦੀਆਂ ਹਨ।

ਹਿੰਦੁਸਤਾਨ ਦੀ ਆਜ਼ਾਦੀ ਸੰਘਰਸ਼ ਵਿੱਚ ਆਬਾਦੀ ਪੱਖੋਂ ਦੋ ਫ਼ੀਸਦੀ ਹੋਣ ਦੇ ਬਾਵਜੂਦ 80 ਫ਼ੀਸਦੀ ਸਿੱਖਾਂ ਤੇ ਪੰਜਾਬੀਆਂ ਦੀਆਂ ਕੁਰਬਾਨੀਆਂ ਇਸ ਗੱਲ ਦਾ ਪ੍ਰਤੱਖ ਸਬੂਤ ਹਨ ਕਿ ਅਸੀਂ ਗ਼ੁਲਾਮੀ ਨਾ ਪਸੰਦ ਕੌਮ ਦੇ ਵਾਰਸ ਹਾਂ। ਕਿਸੇ ਵੀ ਕੌਮ ਦੀਆਂ ਵੱਡੀਆਂ ਕੁਰਬਾਨੀਆਂ ਪਿੱਛੇ ਕੌਮ ਦੀ ਚੇਤਨਾ ਅਤੇ ਅਵਚੇਤਨ ਕਾਰਜਸ਼ੀਲ ਹਨ, ਜੋ ਮਨ ਦੀ ਵਿਸ਼ਾਲ ਸਰ ਜ਼ਮੀਨ ਜਿੱਥੇ ਸਾਡੀਆਂ ਪਰੰਪਰਾਗਤ ਮੂਲ ਪ੍ਰਵਿਰਤੀਆਂ ਦੱਮਿਤ ਇੱਛਾਵਾਂ ਅਤੇ ਸਾਡੇ ਵੱਡਿਆਂ-ਪੂਰਵਜਾਂ ਵੱਲੋਂ ਕੀਤੇ ਗਏ ਕਾਰਨਾਮਿਆਂ ਦੀਆਂ ਯਾਦਾਂ ਆਦਿ ਜਨਮਜਾਤ ਪ੍ਰੇਰਨਾਵਾਂ ਰਿਹਾਇਸ਼ ਰੱਖਦੀਆਂ ਹਨ । ਭਾਵ ਕੌਮੀ ਜਾਂ ਮਾਨਵ ਸਮੂਹ ਦੀ ਉਹ ਸਮਗਰੀ ਹੈ ਜੋ ਵਿਰਸੇ ਵਿੱਚ ਮਿਲੀ ਹੁੰਦੀ ਹੈ ਅਤੇ ਸਾਂਝੀ ਮਾਨਸਿਕਤਾ ਦਾ ਆਧਾਰ ਬਣਦੀ ਹੈ । ਇਹੀ ਕਾਰਨ ਹੈ ਕਿ ਕਿਸੇ ਵੀ ਕੌਮ ਦੇ ਵਜੂਦ ਨੂੰ ਮਿਟਾਉਣ ਲਈ ਹਰ ਕਿਸੇ ਦੁਸ਼ਮਣ ਦੀ ਅੱਖ ਅਤੇ ਸੋਚ ਹਮੇਸ਼ਾ ‘ਇਹਨਾਂ’ ਨੂੰ ਮਿਟਾਉਣ ’ਤੇ ਟਿਕੀ ਹੁੰਦੀ ਹੈ।

### ਭਾਰਤ ਵਿੱਚ ਇਸਲਾਮ ਤਲਵਾਰ ਦੇ ਜ਼ੋਰ ਉੱਤੇ ਫੈਲਾਇਆ ਗਿਆ

ਸਾਲ ਪਹਿਲਾਂ ਕਸ਼ਮੀਰੀ ਨੇਤਾ ਗ਼ੁਲਾਮ ਨਬੀ ਆਜ਼ਾਦ ਵੱਲੋਂ ਕੀਤਾ ਗਿਆ ਇਹ ਪ੍ਰਗਟਾਵਾ ਮੈਨੂੰ ਅੱਜ ਵੀ ਯਾਦ ਹੈ ਜਿਸ ਵਿੱਚ ਉਹਨਾਂ ਨੇ ਕਿਹਾ ਸੀ, “ਸਾਡੇ ਪੁਰਖੇ ਤੇ ਭਾਰਤੀ ਮੁਸਲਮਾਨ ਪਹਿਲੇ ਹਿੰਦੂ ਹੀ ਸਨ... ਕਸ਼ਮੀਰ ਇਸ ਦੀ ਮਿਸਾਲ ਹੈ। ਕੋਈ 600 ਸਾਲ ਪਹਿਲਾਂ ਕਸ਼ਮੀਰ ਵਿੱਚ ਮੁਸਲਮਾਨ ਕੌਣ ਸਨ, ਸਾਰੇ ਪੰਡਿਤ ਸਨ” ਬੇਸ਼ੱਕ ਕੁਝ ਦਿਨਾਂ ਬਾਅਦ ਇਸਲਾਮ ਜਗਤ ਵੱਲੋਂ ਕੀਤੀ ਗਈ ਆਲੋਚਨਾ ਦੇ ਕਾਰਨ ਉਹਨਾਂ ਨੂੰ ਆਪਣੀ ਸਫ਼ਾਈ ਵੀ ਦੇਣੇ ਪਈ ਅਤੇ ਇਸਲਾਮ ਮੁਹੱਬਤ ਦੇ ਪੈਗ਼ਾਮ ਜਰੀਏ ਭਾਰਤ ਵਿੱਚ ਫੈਲਿਆ ਕਹਿ ਕੇ ਸਚਾਈ ਉੱਤੇ ਪਰਦਾ ਪਾਉਣ ਦੀ ਉਹਨਾਂ ਕੋਸ਼ਿਸ਼ਾਂ ਵੀ ਕੀਤੀ। ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਇਸ ਪਹਿਲੂ ਬਾਰੇ ਗਵਾਹ ਹਨ।

ਭਾਵੇਂ ਕਿ ਇਸਲਾਮ ਦਾ ਅਰਥ ’ਸ਼ਾਂਤੀ ਦਾ ਧਰਮ’ ਹੈ। ਪਰ ਸੰਸਾਰ ਦੀ ਕੋਈ ਵੀ ਸਭਿਅਕ ਜਾਤੀ ਇਸਲਾਮ ਦੇ ਇਤਿਹਾਸ ਦਾ ਉਨ੍ਹੀਂ ਵਾਕਫ਼ ਨਹੀਂ ਜਿੰਨਾ ਹਿੰਦੁਸਤਾਨ। ਭਾਰਤ ਵਿੱਚ ਮੁਸਲਮਾਨ ਹਾਕਮਾਂ ਦਾ ਅੱਤਿਆਚਾਰ ਇਨ੍ਹਾਂ ਭਿਆਨਕ ਰਿਹਾ ਕਿ ਸਮੁੱਚੇ ਸੰਸਾਰ ਦੇ ਇਤਿਹਾਸ ਵਿੱਚ ਉਸ ਦਾ ਕੋਈ ਸਾਨੀ ਨਹੀਂ। ਵਿਸ਼ਵ ਜਾਣਦਾ ਹੈ ਕਿ ਭਾਰਤ ਪ੍ਰਾਚੀਨ ਜਗਤ ਵਿੱਚ ਸਭਿਅਤਾ ਦਾ ਗੁਰੂ ਸੀ। ਇਸਲਾਮ ਦੀ ਚੜ੍ਹਤ ਤੋਂ ਪਹਿਲਾਂ ਅਰਬ ਅਤੇ ਇਰਾਨ ਦੇ ਲੋਕ ਭਾਰਤ ਦੀ ਸਭਿਅਤਾ ਅਤੇ ਸੱਭਿਆਚਾਰ ਤੋਂ ਖ਼ੂਬ ਵਾਕਫ਼ ਸਨ।

### ਭਾਰਤ ’ਚ ਇਸਲਾਮ ਦਾ ਪ੍ਰਵੇਸ਼

ਭਾਰਤੀ ਖੇਤਰ ਵਿੱਚ ਸੱਤਵੀਂ ਸਦੀ ਦੌਰਾਨ ਅਰਬਾਂ ਦੇ ਅਸਫਲ ਹਮਲਿਆਂ ਵੇਲੇ ਅਫ਼ਗਾਨ ਇੱਕ ਹਿੰਦੂ ਰਾਜ ਸੀ। ਸਿੰਧ ਉੱਤੇ ਅਰਬਾਂ ਨੇ 712 ਈਸਵੀ ਚ ਚੜ੍ਹਾਈ ਕੀਤੀ ਪਰ ਅਸਲ ਤਬਾਹੀ ਮੁਹੰਮਦ ਗ਼ਜ਼ਨਵੀ, ਮੁਹੰਮਦ ਗੌਰੀ ਅਤੇ ਬਾਬਰ ਨੇ ਲਿਆਂਦੀ। ਮਹਿਮੂਦ ਗ਼ਜ਼ਨਵੀ ਵੱਲੋਂ ਭਾਰਤ ਉੱਤੇ 17 ਵਾਰ ਕੀਤੇ ਗਏ ਹਮਲੇ ਪਿੱਛੇ ਉਸ ਦਾ ਮਕਸਦ ਕੇਵਲ ਲੁੱਟਣਾ ਹੀ ਨਹੀਂ ਸੀ, ਉਸ ਦੁਆਰਾ ਸੋਮਨਾਥ ਸਮੇਤ ਅਨੇਕਾਂ ਮੰਦਰਾਂ ਦੀ ਕੀਤੀ ਗਈ ਤਬਾਹੀ ਉਸ ਤੇ ਏਜੰਡੇ ਨੂੰ ਸਪਸ਼ਟ ਕਰਦਾ ਸੀ। ਮੁਹੰਮਦ ਗੌਰੀ ਨੇ 1192 ਵਿੱਚ ਦਿੱਲੀ ਨੂੰ ਜਿੱਤ ਕੇ ਇੱਥੇ ਇਸਲਾਮ ਰਾਜ ਸ਼ਾਹੀ ਦੀ ਸ਼ੁਰੂਆਤ ਕੀਤੀ।

ਅਯੁੱਧਿਆ ਵਿੱਚ ਰਾਮ ਮੰਦਰ ਨੂੰ ਢਾਹ ਕੇ ਬਾਬਰੀ ਮਸਜਿਦ ਉਸਾਰਨ ਵਾਲੇ ਮੁਗ਼ਲ ਮੀਰ ਬਾਬਰ ਨੇ 16ਵੀਂ ਸਦੀ 1526 ਨੂੰ ਇਬਰਾਹੀਮ ਲੋਧੀ ਨੂੰ ਹਾਰ ਦੇ ਕੇ ਦਿੱਲੀ ਉੱਤੇ ਕਬਜ਼ਾ ਕਰਦਿਆਂ ਭਾਰਤ ਵਿੱਚ ਮੁਗ਼ਲ ਰਾਜ ਵੰਸ਼ ਦੀ ਸਥਾਪਨਾ ਕੀਤੀ। ਉਸ ਵਕਤ ਬਾਬਰ ਨੂੰ ਜਾਬਰ ਅਤੇ ਉਸ ਦੇ ਹਮਲਿਆਂ ਦੀ ਭਿਆਨਕਤਾ ਬਾਰੇ ਗੁਰੂ ਨਾਨਕ ਦੇਵ ਜੀ ਨੇ

**“ਖ਼ੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ ”** ਅਤੇ

**“ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥”**

ਕਹਿ ਕੇ ਕੀਤੀ ਗਈ ਬੇਬਾਕ ਆਲੋਚਨਾ ਨੇ ਹੀ ਸਦੀਆਂ ਤੋਂ ਗ਼ੁਲਾਮੀ ਹੰਢਾ ਰਹੇ ਭਾਰਤੀਆਂ ਨੂੰ ਸੁਤੰਤਰਤਾ ਲਈ ਹੋਕਾ ਦਿੱਤਾ। ਇਹ ਉਸੇ ਪਰੰਪਰਾ ਅਤੇ ਵਿਚਾਰਧਾਰਾ ਦਾ ਹੀ ਹਿੱਸਾ ਸੀ, ਜਿਸ ਨੂੰ ਇਸ ਤੋਂ ਪਹਿਲਾਂ ਭਗਤੀ ਲਹਿਰ ਦੇ ਸੰਤਾਂ ਮਹਾਂਪੁਰਸ਼ਾਂ ਨੇ ਭਾਰਤ ਨੂੰ ਵਿਦੇਸ਼ੀਆਂ ਦੀ ਸਦੀਆਂ ਤੋਂ ਜਾਰੀ ਗ਼ੁਲਾਮੀ ਤੋਂ ਨਿਜਾਤ ਦਿਵਾਉਣ ਲਈ ਹਾਕ ਮਾਰੀ ਸੀ। ਸੰਤ ਕਬੀਰ ਜੀ ਦਾ

**“ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥”** ਅਤੇ

**ਪੀੜਾ ਰਹਿਤ ਰਾਜ ਪ੍ਰਬੰਧਨ ਦੀ ਇੱਛਾ ਪ੍ਰਤੀ ਭਗਤ ਰਵਿਦਾਸ ਜੀ ਦੇ**

**“ਬੇਗਮਪੁਰਾ ਸਹਰ ਕੋ ਨਾਉ ॥**
**ਦੂੱਖ ਅੰਦੋਹੁ ਨਹੀਂ ਤਿਹਿ ਠਾਉ ॥”**
**ਨਾ ਤਸਵੀਸ ਖਿਰਾਜੁ ਨਾ ਮਾਲੁ ॥**
**ਖਉਫੁ ਨ ਖਤਾ ਨ ਤਰਸੁ ਜੁਵਾਲੁ ॥”**

ਨਾਲ ਸਮਝਿਆ ਜਾ ਸਕਦਾ ਹੈ।

### ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ

ਇਤਿਹਾਸਿਕ ਵਰਤਾਰੇ ਵਜੋਂ ਬਹੁਤਿਆਂ ਨੂੰ ਇਹ ਪਤਾ ਕਿ ਦੀਵਾਨ ਚੰਦੂ ਨੇ ਆਪਣੀ ਧੀ ਦਾ ਰਿਸ਼ਤਾ ਬਾਲ ਗੁਰੂ ਹਰਗੋਬਿੰਦ ਸਾਹਿਬ ਲਈ ਕਬੂਲ ਨਾ ਕਾਰਨ ’ਤੇ ਗੁਰੂ ਅਰਜਨ ਸਾਹਿਬ ਦੇ ਖ਼ਿਲਾਫ਼ ਬਾਦਸ਼ਾਹ ਜਹਾਂਗੀਰ ਨੂੰ ਭੜਕਾਉਣਾ ਕੀਤਾ, ਪਰ ਅਸਲ ਕਾਰਨ ਜਹਾਂਗੀਰ ਨੇ ਜੋ ਆਪਣੀ ਡਾਇਰੀ ਕਮ ਸਵੈਜੀਵਨੀ ’ਤੋਜਿਕਿ ਜਹਾਂਗੀਰ’ ਵਿੱਚ ਸਾਫ ਲਿਖਿਆ ਹੈ। ਉਸ ਸਮੇਂ ਸਿੱਖੀ ਦਾ ਵਧਦਾ ਰਸੂਖ਼ ਜਹਾਂਗੀਰ ਨੂੰ ਨਹੀਂ ਭਾਉਂਦਾ ਸੀ। ਉਸ ਨੇ ਸਿੱਖੀ ਨੂੰ ਇਸਲਾਮ ਧਰਮ ਅਤੇ ਉਸ ਦੀ ਆਪਣੀ ਸਲਤਨਤ ਨੂੰ ਚੈਲੰਜ ਜਾਣਿਆ। ਜਹਾਂਗੀਰ ਇਹ ਵੀ ਚਾਹੁੰਦਾ ਸੀ ਕਿ ਗੁਰੂ ਸਾਹਿਬ ਵੱਲੋਂ ਸੰਪਾਦਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਸ ਨੂੰ ਅਤੇ ਇਸਲਾਮ ਨੂੰ ਅਪਣਾਉਣ ਬਾਰੇ ਲਿਖਿਆ ਜਾਵੇ, **ਪਰ ਗੁਰਮਤ ਦਾ ਅਸੂਲ**

**‘ਦੋਜਕਿ ਪਉਦਾ ਕਿਉ ਰਹੈ**
**ਜਾ ਚਿਤਿ ਨ ਹੋਇ ਰਸੂਲਿ’**

’ਤੇ ਟਿਕਿਆ ਹੋਇਆ ਸੀ। ਭਾਵ ਅੱਲਾਹ ਨੂੰ ਯਾਦ ਕੀਤੇ ਬਿਨਾ ਕੋਈ ਵੀ ਭਾਵੇਂ ਉਹ ਮੁਸਲਮਾਨ ਹੀ ਕਿਉਂ ਨਾ ਹੋਵੇ ਨਰਕਾਂ ਵਿੱਚ ਪੈਣ ਤੋਂ ਨਹੀਂ ਬਚਾ ਸਕਦਾ ।

ਸੋ ਗੁਰੂ ਅਮਰਦਾਸ ਜੀ ਤੇ ਸਮੇਂ ਸ੍ਰੀ ਗੋਇੰਦਵਾਲ ਤੋਂ ਬੜੀ ਚਲਦੀ ਆ ਰਹੀ ’ਸਿੱਖੀ’ ਨੂੰ ਬੰਦ ਕਰਨ ਲਈ ਹੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਧਰਮ ਛੱਡ ਕੇ ਇਸਲਾਮ ਕਬੂਲ ਕਰ ਲੈਣ ਲਈ ਦਬਾਅ ਪਾਇਆ ਗਿਆ, ਪ੍ਰੰਤੂ ਗੁਰੂ ਸਾਹਿਬ ਅਡੋਲ ਡਟੇ ਰਹੇ ਅਤੇ ਧਰਮ ਦੇ ਰੱਖਿਆ ਲਈ ਸ਼ਹਾਦਤ ਦਾ ਜਾਮ ਪੀ ਗਏ ।

ਇਸ ਤਰ੍ਹਾਂ ‘ਬ੍ਰਹਮ ਗਿਆਨੀ ਕੈ ਧੀਰਜ ਏਕ’ ਦੇ ਧਾਰਨੀ ਗੁਰੂ ਅਰਜਨ ਦੇਵ ਜੀ

**“ਤਨ ਮਨ ਕਾਟ ਕਾਟ ਸਭ ਅਰਪੀ**
**ਵਿਚਿ ਅਗਨੀ ਆਪ ਜਲਾਈ।”**

ਦੇ ਮਹਾਂਵਾਕ ਨੂੰ ਸਿੱਧ ਕਰਦਿਆਂ ਗੁਰੂ ਨਾਨਕ ਦੇਵ ਜੀ ਦੇ

**“ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣੁ ਨ ਕੀਜੈ ॥”**

ਦੇ ਸੰਕਲਪ ਅਤੇ ਧਾਰਮਿਕ ਆਜ਼ਾਦੀ ਲਈ ਸ਼ਹੀਦੀ ਪਰੰਪਰਾ ਨਾਲ ਸਿੱਖਾਂ ਨੂੰ ਪਹਿਲੀ ਵਾਰ ਪਰੀਚਿਤ ਕਰਾਇਆ।

ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਮਨੁੱਖੀ ਅਤੇ ਧਰਮ ਦੇ ਇਤਿਹਾਸ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਵਿਲੱਖਣ ਸਥਾਨ ਰੱਖਦਾ ਹੈ। ਇਹ ਪਹਿਲੀ ਵਾਰ ਸੀ ਕਿ ਦੂਜੇ ਦੇ ਧਰਮ, ਉਹਨਾਂ ਦੇ ਵਿਸ਼ਵਾਸ ਅਤੇ ਪੂਜਾ ਪੱਧਤੀਆਂ ਦੀ ਰੱਖਿਆ ਲਈ ਕੋਈ ਆਪਣਾ ਸੀਸ ਭੇਟ ਕਰਨ ਲਈ ਖ਼ੁਦ ‘ਮਕਤਲ’ ਵਿੱਚ ਜਾਂਦਾ ਹੈ ਅਤੇ ਜਬਰ ਦਾ ਮੁਕਾਬਲਾ ਸਬਰ ਨਾਲ ਕਰਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਰਤਾਜ ਹਨ, ਉੱਥੇ ਹੀ 70 ਸਾਲ ਬਾਦ ਆਪ ਜੀ ਦੇ ਪੋਤਰੇ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਵੱਲੋਂ ਦਿੱਤੀ ਗਈ ਸ਼ਹਾਦਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਾਸਾਨੀ ਹੋਣ ਦਾ ਦਰਜਾ ਦਿੱਤਾ। “ਤੇਗ਼ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥”

ਭਾਵ ਜੋ ਗੁਰੂ ਤੇਗ਼ ਬਹਾਦਰ ਜੀ ਨੇ ਕੀਤਾ ਉਹ ਕੋਈ ਵੀ ਨਹੀਂ ਕਰ ਸਕਿਆ ਫਿਰ ਕੀਤਾ ਕੀ ?

**“ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥**
**ਕੀਨੋ ਬਡੋ ਕਲੂ ਮਹਿ ਸਾਕਾ ॥ ”**

ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਹਿੰਦੂ ਧਰਮ ਦੇ ਲਈ ਅਤੇ ਤਮਾਮ ਉਨਾਂ ਧਰਮਾਂ ਤੇ ਵਿਸ਼ਵਾਸ਼ਾਂ ਲਈ ਜੋ ਭਾਰਤ ਅਤੇ ਵਿਸ਼ਵ ’ਚ ਪ੍ਰਚਲਤ ਸਨ ਦੀ ਸੁਤੰਤਰ ਪਹੁੰਚ ਲਈ ਆਪਣੀ ਸ਼ਹਾਦਤ ਦੇ ਦਿੱਤੀ।

### ਔਰੰਗਜ਼ੇਬੀ ਹਕੂਮਤ ਦੇ ਸਮੇਂ ਭਾਰਤ ਦੇ ਹਾਲਾਤ

ਵਕਤ ਦਾ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਇੱਕ ਜ਼ਾਲਮ ਕੱਟੜਪੰਥੀ ਸੀ, ਜੋ ਭਾਰਤ ਵਿੱਚ ਤਲਵਾਰ ਦੀ ਜ਼ੋਰ ਉੱਤੇ ਮੁਸਲਿਮ ਕੱਟੜਪੰਥੀ ਰਾਜ ‘ਦਾਰ ਉਲ ਇਸਲਾਮ’ ਨੂੰ ਸਥਾਪਿਤ ਕਰਨਾ ਚਾਹੁੰਦਾ ਸੀ। ਦਿੱਲੀ ਦਾ ਚਾਂਦਨੀ ਚੌਂਕ, ਗੜ੍ਹੀ ਚਮਕੌਰ ਅਤੇ ਸਰਹੰਦ ਦੀਆਂ ਨੀਂਹਾਂ ਉਸ ਦੁਆਰਾ ਵਰਤਾਏ ਗਏ ਕਹਿਰ ਦੇ ਅੱਜ ਵੀ ਗਵਾਹ ਹਨ। ਉਸ ਨੇ ਹਿੰਦੂਆਂ ਨੂੰ ਇਸਲਾਮ ਜਾਂ ਮੌਤ ਵਿੱਚੋਂ ਇੱਕ ਦੀ ਚੋਣ ਕਰ ਪ੍ਰਤੀ ਮਜਬੂਰ ਕਰਨ ਲਈ ਦਹਿਸ਼ਤ ਅਤੇ ਜ਼ੁਲਮ ਦਾ ਦੌਰ ਚਲਾਇਆ ਸੀ। ਉਸ ਨੇ ਇਸਲਾਮਿਕ ਕੱਟੜਪੰਥੀ ਵਿਚਾਰਾਂ ਨੂੰ ਸਖ਼ਤੀ ਨਾਲ ਲਾਗੂ ਕਰਦਿਆਂ ਹਿੰਦੂਆਂ ਅਤੇ ਸਿੱਖਾਂ ਦੇ ਸਰੀਰਕ ਮਾਨਸਿਕ ਧਾਰਮਿਕ ਰਹੁ ਰੀਤਾਂ ਅਤੇ ਜੀਵਨ ਦੀਆਂ ਸਥਿਤੀਆਂ ਨੂੰ ਵੀ ਪ੍ਰਭਾਵਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਹਿੰਦੂ ਧਰਮ ਦੇ ਖ਼ਾਤਮੇ ਦਾ ਟੀਚਾ ਮਿੱਥ ਕੇ ਹਿੰਦੂਆਂ ਨੂੰ ਧਰਮ ਛੱਡਣ ਲਈ ਮਜਬੂਰ ਕਰਨ ਲਈ ਉਹਨਾਂ ਦੀ ਆਰਥਿਕ ਲੁੱਟ ਕਰਦਿਆਂ ਧਾਰਮਿਕ ਟੈਕਸ (ਜਜ਼ੀਆ) ਲਗਵਾਇਆ ਗਿਆ। ਇਸ ਤੋਂ ਇਲਾਵਾ ਉਸ ਦੌਰ ’ਚ ਸਭ ਤੋਂ ਪ੍ਰਸਿੱਧ ਹਿੰਦੂ ਤਿਉਹਾਰਾਂ ਦੀਵਾਲੀ ਅਤੇ ਹੋਲੀ ਆਦਿ ਮਨਾਉਣ ਅਤੇ ਹਿੰਦੂਆਂ ਨੂੰ ਘੋੜੇ ’ਤੇ ਚੜ੍ਹਨ ਦੀ ਵੀ ਮਨਾਈ ਕੀਤੀ । ਬਹੁਤ ਸਾਰੇ ਮਹੱਤਵਪੂਰਨ ਹਿੰਦੂ ਮੰਦਰ ਢਾਹ ਕੇ ਮਸਜਿਦਾਂ ਬਣਾਈਆਂ ਗਈਆਂ । ਇਸ ਤਰ੍ਹਾਂ ਹਿੰਦੂਆਂ ਦਾ ਜਬਰੀ ਧਰਮ ਪਰਿਵਰਤਨ ਭਾਰਤੀ ਇਸਲਾਮੀ ਰਾਜ ਲਈ ਪਹਿਲਾ ਤੇ ਪ੍ਰਮੁੱਖ ਕਾਰਜ ਬਣ ਗਿਆ। ਇਨ੍ਹਾਂ ਅੱਤਿਆਚਾਰਾਂ ਦਾ ਵਿਰੋਧ ਕਰਨ ਦਾ ਮਤਲਬ ਇੱਜ਼ਤ ਅਤੇ ਜਾਨ ਗਵਾਉਣੀ ਸੀ। ਧਰਮ ਪਰਿਵਰਤਨ ਦੀ ਆੜ ’ਚ ਲੱਖਾਂ ਹਿੰਦੂਆਂ ਦਾ ਕਤਲੇਆਮ ਕੀਤਾ ਗਿਆ। ਉਹਨਾਂ ਦੀਆਂ ਜਾਇਦਾਦਾਂ ਲੁੱਟ ਲਈਆਂ ਗਈਆਂ।

### ਕਸ਼ਮੀਰ ਦੇ ਹਾਲਾਤ

ਪ੍ਰਮਾਣਿਕ ਇਤਿਹਾਸ ਦੱਸਦਾ ਹੈ ਕਿ ਔਰੰਗਜ਼ੇਬ ਦੇ ਸ਼ਾਹੀ ਹੁਕਮ ਤਹਿਤ ਕਸ਼ਮੀਰ ਦੇ ਗਵਰਨਰ ਇਫਤਖਾਰ ਖਾਨ ਵੱਲੋਂ ਕੀਤੇ ਜਾ ਰਹੇ ਜਬਰ ਜ਼ੁਲਮ ਦਾ ਸਾਹਮਣਾ ਕਰਨ ਤੋਂ ਅਸਮਰਥ ਕਸ਼ਮੀਰੀ ਪੰਡਿਤ ਅਨੇਕਾਂ ਰਾਜੇ ਮਹਾਰਾਜਿਆਂ ਅਤੇ ਧਾਰਮਿਕ ਆਗੂਆਂ ਕੋਲ ਆਪਣੇ ਬਚਾਅ ਪ੍ਰਤੀ ਫ਼ਰਿਆਦੀ ਹੋਏ ਪਰ ਕਿਸੇ ਨੇ ਵੀ ਉਨ੍ਹਾਂ ਦੀ ਬਾਂਹ ਨਹੀਂ ਫੜੀ, ਫਿਰ ਪੰਡਿਤ ਕਿਰਪਾ ਰਾਮ ਦੱਤ ਦੀ ਅਗਵਾਈ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਮਿਲੇ। ਉਹਨਾਂ ਦੀ ਦਰਦ ਭਰੀ ਕਹਾਣੀ ਸੁਣ ਕੇ ਗੁਰੂ ਸਾਹਿਬ ਨੇ ਉਹਨਾਂ ਨੂੰ ਹੌਸਲਾ ਦਿੱਤਾ ਤੇ ਕਿਹਾ ਕਿ “ਮਹਾਨ ਆਤਮਾ ਦੀ ਸ਼ਹੀਦੀ ਦੀ ਲੋੜ ਹੈ”, ਉਸ ਵਕਤ ਨੌਂ ਸਾਲ ਦੇ ਬਾਲ ਗੋਬਿੰਦ ਰਾਏ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਆਪ ਜੀ ਤੋਂ ਬਿਨਾਂ ਮਹਾਂਪੁਰਸ਼ ਕੌਣ ਹੋ ਸਕਦਾ ਹੈ ? ਇਸ ਤੋਂ ਬਾਅਦ ਗੁਰੂ ਸਾਹਿਬ ਵੱਲੋਂ ਕਸ਼ਮੀਰੀ ਪੰਡਤਾਂ ਦੀ ਪ੍ਰਾਰਥਨਾ ਨੂੰ ਸਵੀਕਾਰ ਕਰ ਲਿਆ ਗਿਆ ਅਤੇ ਉਹਨਾਂ ਨੂੰ ਕਿਹਾ ਕਿ ਔਰੰਗਜ਼ੇਬ ਨੂੰ ਕਹਿ ਦਿਓ ਕਿ ਪਹਿਲਾਂ ਗੁਰੂ

ਤੇਗ਼ ਬਹਾਦਰ ਨੂੰ ਮੁਸਲਮਾਨ ਬਣਾ ਲੈਣ ਫਿਰ ਅਸੀਂ ਵੀ ਬਣ ਜਾਵਾਂਗੇ। ਇਹ ਸੰਦੇਸ਼ ਪਾ ਕੇ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ। ਗੁਰੂ ਸਾਹਿਬ ਨੇ ਜਬਰ ਦਾ ਮੁਕਾਬਲਾ ਸਬਰ ਨਾਲ ਕੀਤਾ। ਲਾਲਚ, ਧਮਕੀਆਂ ਦੇ ਬਾਵਜੂਦ ਗੁਰੂ ਸਾਹਿਬ ਨੇ ਆਪਣਾ ਧਰਮ ਨਾ ਛੱਡਿਆ ਅਤੇ 11 ਨਵੰਬਰ 1675 ਨੂੰ ਚਾਂਦਨੀ ਚੌਕ ਵਿਖੇ ਸਿਰ ਕਲਮ ਕਰਦਿਆਂ ਸ਼ਹੀਦੀ ਦੇ ਦਿਤੀ।। ਇਸ ਤੋਂ ਪਹਿਲਾਂ ਉਹਨਾਂ ਦੇ ਅਨਿਆਈ ਗੁਰਸਿੱਖਾਂ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਦਬਾਅ ਬਣਾਉਣ ਅਤੇ ਇਸਲਾਮ ਕਬੂਲ ਨਾ ਕਰਨ 'ਤੇ ਵਾਰੋ ਵਾਰੀ ਬੇ-ਰਹਿਮੀ ਨਾਲ ਕਤਲ ਕਰ ਦਿੱਤੇ ਗਏ ਸਨ।

ਗੁਰੂ ਸਾਹਿਬ ਜੀ ਤੇ ਪਵਿੱਤਰ ਸੀਸ ਨੂੰ ਭਾਈ ਜੈਤਾ ਜੀ ਗੁਪਤ ਰੂਪ ਵਿੱਚ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਆਏ। ਮਨਾਹੀ ਦੇ ਬਾਵਜੂਦ ਗੁਰੂ ਸਾਹਿਬ ਦੇ ਸਰੀਰ ਦਾ ਲੱਖੀ ਸ਼ਾਹ ਵਣਜਾਰਾ ਨੇ ਦਿਲੀ ਵਿਖੇ ਆਪਣੇ ਘਰ ਨੂੰ ਗੁਪਤ ਰੂਪ ਵਿੱਚ ਅਗਨ ਭੇਟ ਕਰਦਿਆਂ ਸਸਕਾਰ ਕੀਤਾ।

**ਚਾਂਦਨੀ ਚੌਕ ਦਾ ਸ਼ਹੀਦੀ ਪ੍ਰਸੰਗ ਅਤੇ ਖ਼ਾਲਸੇ ਦੀ ਸਿਰਜਣਾ**

ਚਾਂਦਨੀ ਚੌਂਕ ਦੇ ਸ਼ਹੀਦੀ ਪ੍ਰਸੰਗ ਨੇ ਮਰ ਚੁੱਕੀਆਂ ਅਨੇਕਾਂ ਰੂਹਾਂ ਨੂੰ ਜਗਾਉਣਾ ਕੀਤਾ। ਜੋ ਅੱਗੇ ਚੱਲ ਕੇ ਸਿੱਖ ਪੰਥ ਦੀ ਤਾਕਤ ਬਣੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਹਕੂਮਤ ਦੇ ਜ਼ੁਲਮ ਖ਼ਿਲਾਫ਼ ਲੋਕਾਂ ਵਿੱਚ ਜਾਗ੍ਰਿਤੀ, ਹਿੰਮਤ, ਦਲੇਰੀ ਅਤੇ ਵਿਸ਼ਵਾਸ ਪੈਦਾ ਕੀਤਾ। ਸ਼ਾਸਤਰ ਦੇ ਨਾਲ ਸ਼ਸਤਰ ਵਿੱਦਿਆ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ। ਗੁਰੂ ਨਾਨਕ ਸਾਹਿਬ ਵੱਲੋਂ ਚਿਤਵੇ ਸਚਿਆਰ ਮਨੁੱਖ ਨੂੰ ਅਮਲੀ ਰੂਪ ਵਿੱਚ ਢਾਲਣ ਅਤੇ ਸ਼ਸਤਰ ਨੂੰ ਮਜ਼ਲੂਮਾਂ ਦੀ ਰੱਖਿਆ ਲਈ ਪੱਕੇ ਤੌਰ ਤੇ ਸਿੱਖਾਂ ਦੇ ਹੱਥਾਂ ਵਿੱਚ ਥਮ ?ਾਉਣ ਲਈ ਦਸ ਗੁਰੂ ਸਾਹਿਬਾਨ ਦੇ ਜਾਮੇ ਵਿੱਚ ਢਾਈ ਸਦੀ ਦਾ ਵਕਤ ਲੱਗਿਆ। ਕੇਸਗੜ੍ਹ ਸਾਹਿਬ ਵਿਖੇ ਜ਼ਬਰ-ਜ਼ੁਲਮ ਖ਼ਿਲਾਫ਼ ਧਰਮ ਤੇ ਸੁਤੰਤਰਤਾ ਦੀ ਲੜਾਈ ਲਈ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1699ਦੀ ਵਿਸਾਖੀ ਨੂੰ ਸੰਤ ਅਤੇ ਸਿਪਾਹੀ ਦੇ ਰੂਪ 'ਚ ਖ਼ਾਲਸੇ ਦੀ ਸਿਰਜਣਾ ਕੀਤੀ ਅਤੇ ਭਾਰਤੀ ਲੋਕਾਂ ਅੰਦਰ ਪ੍ਰਭੂ ਭਗਤੀ ਦੇ ਨਾਲ ਵੀਰਤਾ ਤੇ ਸਾਹਸ ਦਾ ਸੰਚਾਰ ਕੀਤਾ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨੋ ਸ਼ੌਕਤ ਨੂੰ ਵੇਖ ਕੇ ਈਰਖਾਲੂ ਲੋਕ ਔਰੰਗਜ਼ੇਬ ਨੂੰ ਸ਼ਿਕਾਇਤਾਂ ਕਰਨ ਲੱਗੇ ਕਿ ਗੁਰੂ ਜੀ ਇਸਲਾਮ ਦਾ ਵੈਰੀ ਹੈ ਬਾਦਸ਼ਾਹੀ ਤਖ਼ਤ ਲਈ ਖ਼ਤਰਾ ਹੈ। ਅਨੰਦਪੁਰ 'ਚ ਉਸੇ ਦੇ ਹਕੂਮਤ ਹੈ। ਤੇਰੇ ਤੋਂ ਉੱਚਾ ਤਖ਼ਤ ਲਾਈ ਬੈਠਾ ਹੈ, ਰਣਜੀਤ ਨਗਾਰਾ ਰੱਖਿਆ ਹੈ। ਅਰਬੀ ਘੋੜੇ ਰੱਖਦਾ, ਲੋਕ ਸ਼ਿਕਾਇਤਾਂ ਲੈ ਕੇ ਆਉਂਦੇ ਹਨ ਉਹ ਨਿਆਂ ਦਿਵਾਉਂਦਾ ਹੈ।

**ਸ੍ਰੀ ਅਨੰਦਪੁਰ ਸਾਹਿਬ 'ਤੇ ਹਮਲਾ**

ਫਿਰ ਕੀ ਸੰਮਤ 1761, ਸੰਨ 1704 ਨੂੰ ਮੁਗ਼ਲ ਅਤੇ ਬਾਈ ਧਾਰ ਦੇ ਬੇਗ਼ੈਰਤ ਰਾਜਿਆਂ ਦੀਆਂ ਲੱਖਾਂ ਹੀ ਫ਼ੌਜਾਂ ਵੱਲੋਂ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਗਿਆ। ਮੁੱਠੀ ਭਰ ਸਿੰਘਾਂ ਨਾਲ ਗੁਰੂ ਸਾਹਿਬ ਕਾਬੂ ਨਾ ਆਏ, ਘੇਰਾ ਲੰਬਾ ਹੁੰਦਾ ਗਿਆ ਔਰੰਗਜ਼ੇਬ ਤੇ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨਾਲ ਅਨੰਦਪੁਰ ਸਾਹਿਬ ਛੱਡਣ ਲਈ ਝੂਠੇ ਵਾਅਦੇ ਕੀਤੇ। ਸ਼ਰਤ ਸੀ ਕਿ ਗੁਰੂ ਸਾਹਿਬ ਇੱਕ ਵਾਰ ਕਿਲ੍ਹਾ ਛੱਡ ਦੇਣ ਉਹਨਾਂ ਨੂੰ ਬੇਰੋਕ ਜਾਣ ਦਿੱਤਾ ਜਾਵੇਗਾ। ਗੁਰੂ ਸਾਹਿਬ ਨੇ ਸਿੰਘਾਂ ਨੂੰ ਧੀਰਜ ਰੱਖਣ ਲਈ ਕਿਹਾ ਪਰ ਕੁਝ ਸਿੰਘ ਬੇਦਾਵਾ ਲਿਖ ਕੇ ਦੇ ਗਏ, ਜੋ ਬਾਅਦ ਵਿੱਚ ਜਾਨ ਦੇ ਕੇ ਪੜਵਾਇਆ ਵੀ।

6 ਪੋਹ ਦੀ ਰਾਤ ਨੂੰ ਗੁਰੂ ਸਾਹਿਬ ਨੇ ਕਿਲ੍ਹਾ ਛੱਡ ਦਿੱਤਾ, ਤਾਂ ਦੁਸ਼ਮਣ ਨੇ ਧਰਮਹੀਣ ਰਾਜ ਸੱਤਾ ਦਾ ਨੰਗਾ ਨਾਚ ਕਰਦਿਆਂ ਸਾਰੀਆਂ ਕਸਮਾਂ ਤੋੜ ਕੇ ਉਹਨਾਂ ਦਾ ਪਿੱਛਾ ਕੀਤਾ। ਅੰਮ੍ਰਿਤ ਵੇਲੇ ਸਰਸਾ ਨਦੀ ਦੇ ਕੋਲ ਭਿਆਨਕ ਯੁੱਧ ਹੋਇਆ ਜਿੱਥੇ ਗੁਰੂ ਸਾਹਿਬ ਦਾ ਪਰਿਵਾਰ ਵਿੱਛੜ ਗਿਆ।

**ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ**

ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਚਮਕੌਰ ਦੇ ਜੰਗ ਵਿੱਚ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਆਪਾ ਵਾਰ ਗਏ।

ਅੱਲਾ ਯਾਰ ਖਾਂ ਜੋਗੀ ਲਿਖਦੇ ਹਨ

**"ਬਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲੀਏ।"**

**ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ**

ਇਸੇ ਪ੍ਰਕਾਰ ਇਸਲਾਮ ਕਬੂਲ ਨਾ ਕਰਨ 'ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਬਾਬਾ ਫ਼ਤਿਹ ਸਿੰਘ ਨੂੰ ਸਰਹੰਦ ਦੇ ਵਿੱਚ ਨੀਂਹਾਂ 'ਚ ਚਿਣੇ ਜਾਣ 'ਤੇ ਵੀ ਜ਼ਾਲਮਾਂ ਨੂੰ ਸਬਰ ਨਹੀਂ ਆਇਆ ਸੀ । ਫੁੱਲਾਂ ਵਰਗਾ ਬਾਬਾ ਫ਼ਤਿਹ ਸਿੰਘ ਨੀਂਹਾਂ ਵਿੱਚ ਚਿਣੇ ਜਾਣ ਤੋਂ ਬਾਅਦ ਵੀ ਸਹਿਕ ਰਿਹਾ ਸੀ, ਜਿਸ ਦੇ ਗਲੇ ਤੇ ਛੁਰੀ ਫੇਰਦਿਆਂ ਨਿੱਕੀਆਂ ਜਿੰਦਾਂ ਨੂੰ ਕੋਹ ਕੋਹ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਮਾਤਾ ਗੁਜਰੀ ਜੀ ਵੀ ਸ਼ਹਾਦਤ ਪਾ ਗਏ।

ਸਾਹਿਬਜ਼ਾਦਿਆਂ ਦੀ ਸ਼ਹੀਦੀ ਉੱਤੇ ਗੁਰੂ ਸਾਹਿਬ ਨੇ ਸੰਗਤ ਵੱਲ ਇਸ਼ਾਰਾ ਕਰਦਿਆਂ ਕਿਹਾ

**"ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ,**
**ਚਾਰ ਗਏ ਤੋ ਕਿਆ ਭਿਆ ਜੀਵਤ ਕਈ ਹਜ਼ਾਰ।"**

ਬਾਅਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖਿਆ ਗਿਆ ਜ਼ਫ਼ਰਨਾਮਾ ਪੜ੍ਹ ਕੇ ਬਾਦਸ਼ਾਹ ਔਰੰਗਜ਼ੇਬ ਇਸ ਦੁਨੀਆ ਨੂੰ ਸਦਾ ਲਈ ਅਲਵਿਦਾ ਕਹਿ ਗਿਆ।

**ਸਿੱਖ ਸ਼ਕਤੀ ਦਾ ਉਭਾਰ ਤੇ ਬਾਬਾ ਬੰਦਾ ਸਿੰਘ ਬਹਾਦਰ ਤੇ ਸ਼ਹੀਦੀ**

ਕੁਝ ਸਮਾਂ ਪਾ ਕੇ ਆਜ਼ਾਦੀ ਅਤੇ ਹੱਕ ਸੱਚ ਦੀ ਲੋਅ ਬਾਬਾ ਬੰਦਾ ਸਿੰਘ ਬਹਾਦਰ ਦੇ ਰਾਹੀਂ ਉੱਜਵਲ ਹੋਈ। ਜੰਮੂ ਦੇ ਪਿੰਡ ਰਜ਼ੌਰੀ ਜ਼ਿਲ੍ਹਾ ਪੁੰਛ ਦੇ ਰਾਜਪੂਤ ਕਿਸਾਨ ਨਾਮਦੇਵ ਦੇ ਘਰ ਪੈਦਾ ਹੋਇਆ ਲਛਮਣ ਦਾਸ ਜੋ ਬਾਅਦ ਵਿੱਚ ਮਾਧੋ ਦਾਸ ਬਣ ਕੇ ਗੋਦਾਵਰੀ ਨਦੀ ਕਿਨਾਰੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲ ਮੇਲ ਹੋਇਆ ਅਤੇ ਬੰਦਾ ਸਿੰਘ ਬਹਾਦਰ ਬਣਿਆ। ਅਤੇ ਗੁਰੂ ਸਾਹਿਬ ਦੁਆਰਾ ਪੰਜਾਬ ਭੇਜਿਆ ਗਿਆ। ਅਨੇਕਾਂ ਇਲਾਕੇ ਫ਼ਤਿਹ ਕਰਨ ਤੋਂ ਬਾਅਦ ਚੱਪੜਚਿੜੀ ਦੇ ਮੈਦਾਨ ਵਿੱਚ ਸੂਬਾ ਸਰਹੰਦ ਨੂੰ ਲਿਤਾੜ ਕੇ 12 ਮਈ 1710 ਨੂੰ ਸਰਹੰਦ ਫ਼ਤਿਹ ਕੀਤਾ। ਉਹਨਾਂ ਖ਼ਾਲਸੇ ਦਾ ਅਜਿਹਾ ਰਾਜ ਸਥਾਪਿਤ ਕੀਤਾ ਜਿੱਥੇ ਕੋਈ ਵੀ ਜ਼ੁਲਮ ਦਾ ਨਾਮੋ ਨਿਸ਼ਾਨ ਨਹੀਂ ਸੀ। ਇਹ ਵਿਸ਼ਵ ਦੇ ਇਤਿਹਾਸ 'ਚ ਪਹਿਲੀ ਵਾਰ ਹੋਇਆ ਕਿ ਜਿੱਤਿਆ ਹੋਇਆ ਇਲਾਕਾ ਅਤੇ ਸਾਰੀ ਖੇਤੀ ਯੋਗ ਜ਼ਮੀਨ ਹਾਕਮ ਨੇ ਕਿਸਾਨਾਂ ਵਿੱਚ ਵੰਡ ਦਿੱਤੀ ਅਤੇ ਉਨ੍ਹਾਂ ਨੂੰ ਮਾਲਕਾਨਾ ਹੱਕ ਦਿੱਤਾ। ਇਹ ਲੋਕ ਰਾਜ ਦੀ ਸਥਾਪਨਾ ਸੀ। ਇਸ ਤਰਾਂ ਯੂਰਪ ਵਿਚ ਉੱਠਣ ਵਾਲੀਆਂ ਤਮਾਮ ਕ੍ਰਾਂਤੀਆਂ ਤੋਂ ਪਹਿਲਾਂ ਪੰਜਾਬ 'ਚ ਕ੍ਰਾਂਤੀ ਲਿਆ ਕੇ ਵਿਸ਼ਵ ਨੂੰ ਹੱਕ ਸੱਚ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਆਪਣੇ ਰਾਜ ਦਾ ਸਿੱਕਾ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਨਾਮ 'ਤੇ ਜਾਰੀ ਕੀਤਾ। ਉਨ੍ਹਾਂ ਨੂੰ ਭਾਵੇਂ ਰਾਜ ਕਰਨ ਜਾਂ ਜੀਣ ਲਈ ਬਹੁਤਾ ਸਮਾਂ ਨਹੀਂ ਮਿਲਿਆ, ਪਰ ਆਪਣੇ 7-8 ਸਾਲ ਦੇ ਸਮੇਂ ਵਿਚ ਹੀ ਉਹ ਅਜਿਹਾ ਤੂਫ਼ਾਨ ਬਣ ਕੇ ਆਇਆ ਕਿ ਜਾਬਰਾਂ-ਜਰਵਾਣਿਆਂ ਨੂੰ ਆਪਣੀਆਂ ਹਕੂਮਤਾਂ ਹੀ ਨਹੀਂ, ਜਾਨਾਂ ਬਚਾਉਣੀਆਂ ਮੁਸ਼ਕਿਲ ਹੋ ਗਈਆਂ ਸਨ। ਜਿੱਥੇ ਉਹ ਮੈਦਾਨ-ਏ-ਜੰਗ ਵਿਚ ਬੜੀ ਸੂਰਮਗਤੀ ਨਾਲ ਲੜਿਆ ਤੇ ਬਿਨਾ ਕਿਸੇ ਟਰੇਂਡ ਫ਼ੌਜ ਦੇ ਆਮ ਲੋਕਾਂ ਦੀ ਮਦਦ ਨਾਲ ਜਿੱਤਾਂ ਹਾਸਲ ਕੀਤੀਆਂ।

ਪਕੜੇ ਜਾਣ ਤੋਂ ਬਾਅਦ ਜਦੋਂ ਬੰਦਾ ਸਿੰਘ ਬਹਾਦਰ ਨੇ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਮੁਗ਼ਲਾਂ ਨੇ ਉਨ੍ਹਾਂ ਨੂੰ ਤਸੀਹੇ ਦਿੱਤੇ, ਪੁੱਤਰ ਅਜੈ ਸਿੰਘ ਦਾ ਕਲੇਜਾ ਕੱਢ ਕੇ ਬੰਦੇ ਦੇ ਮੂੰਹ 'ਚ ਪਾਇਆ ਗਿਆ ਅਤੇ ਬਾਅਦ ਵਿਚ ਉਸ ਦਾ ਸਿਰ ਕਲਮ ਕਰ ਦਿੱਤਾ ਗਿਆ। ਇਸ ਤਰ੍ਹਾਂ ਉਨ੍ਹਾਂ ਬੜੀ ਬਹਾਦਰੀ ਨਾਲ ਖਿੜੇ ਮੱਥੇ ਸ਼ਹਾਦਤ ਵੀ ਪ੍ਰਾਪਤ ਕੀਤੀ। ਅਸੀਂ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਅਤੇ ਕੁਰਬਾਨੀ ਨੂੰ ਲੱਖ-ਲੱਖ ਵਾਰ



ਸਿੱਜਦਾ ਕਰਦੇ ਹਾਂ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਨੇ ਸਿੱਖਾਂ ਨੂੰ ਮੁਗ਼ਲ ਸ਼ਾਸਕਾਂ ਅਤੇ ਅਬਦਾਲੀ ਵਰਗੇ ਹਮਲਾਵਰਾਂ ਵਿਰੁੱਧ ਲੜਨ ਲਈ ਪ੍ਰੇਰਿਤ ਕੀਤਾ।

18ਵੀਂ ਸਦੀ ਦੌਰਾਨ ਭਾਰਤ ਵਿੱਚ ਮੁਗ਼ਲ ਸ਼ਾਸਕਾਂ ਨੇ ਹਿੰਦੂਆਂ ਅਤੇ ਸਿੱਖਾਂ 'ਤੇ ਭਾਰੀ ਹਿੰਸਾ ਕੀਤੀ, ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਨੂੰ ਕੁਚਲਿਆ, ਉਨ੍ਹਾਂ ਦੀ ਜਾਇਦਾਦ ਲੁੱਟਣ ਤੋਂ ਇਲਾਵਾ ਹਰ ਤਰ੍ਹਾਂ ਜ਼ੁਰਮ ਕੀਤਾ। ਇਸ ਦਮਨਕਾਰੀ ਸ਼ਾਸਨ ਦਾ ਪੰਜਾਬ 'ਚ ਸਿੱਖਾਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ। ਸਿੱਖ ਸਰਦਾਰਾਂ ਨੇ ਮਿਸਲਾਂ ਦੇ ਰੂਪ ਵਿੱਚ ਰਾਖੀ ਪ੍ਰਣਾਲੀ ਸ਼ੁਰੂ ਕਰਦਿਆਂ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ। ਇਸ ਦੌਰ 'ਚ ਸ: ਜੱਸਾ ਸਿੰਘ ਆਹਲੂਵਾਲੀਆ, ਸ. ਜੱਸਾ ਸਿੰਘ ਰਾਮਗੜ੍ਹੀਆ, ਨਵਾਬ ਕਪੂਰ ਸਿੰਘ, ਸ: ਬਘੇਲ ਸਿੰਘ ਆਦਿ ਜਰਨੈਲ ਪੰਜਾਬੀ ਸਮਾਜ ਲਈ ਸਤਿਕਾਰ ਤੇ ਪਿਆਰ ਦੇ ਲਖਾਇਕ ਸਨ। ਮਹਾਰਾਜਾ ਰਣਜੀਤ ਸਿੰਘ ਨੇ ਵਿਸ਼ਾਲ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ।

**ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ**

ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਬੰਦਾ ਬਹਾਦਰ ਦੀ ਵਿਰਾਸਤ ਨੂੰ ਦ੍ਰਿੜ੍ਹਤਾ ਤੇ ਜ਼ੋਰਦਾਰ ਢੰਗ ਨਾਲ ਅੱਗੇ ਵਧਾਇਆ ਅਤੇ ਸ਼ੇਰ-ਏ-ਪੰਜਾਬ ਦੇ ਰੂਪ ਵਿਚ ਪਹਿਲੇ ਸਿੱਖ ਸਮਰਾਟ ਅਤੇ ਭਾਰਤ ਵਿੱਚ ਸਿੱਖ ਸਾਮਰਾਜ ਦੇ ਸੰਸਥਾਪਕ ਵਜੋਂ ਆਪਣਾ ਸਥਾਨ ਬਣਾਇਆ। ਉਸ ਨੇ ਸਿਰਫ਼ 17 ਸਾਲ ਦੀ ਉਮਰ ਵਿੱਚ, ਅਫ਼ਗ਼ਾਨ ਧਾੜਵੀਆਂ ਨੂੰ ਭਾਰਤ 'ਤੇ ਹਮਲਾ ਕਰਨ ਤੋਂ ਰੋਕਣ ਲਈ ਅਹਿਮਦ ਸ਼ਾਹ ਅਬਦਾਲੀ ਦੇ ਪੋਤੇ ਜ਼ਮਾਨ ਸ਼ਾਹ ਦੁਰਾਨੀ ਵਿਰੁੱਧ ਲੜਾਈ ਦੀ ਅਗਵਾਈ ਕੀਤੀ। ਦੁਰਾਨੀ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਦੋ ਤੋਂ ਵੱਧ ਵਾਰ ਹਰਾਇਆ ਸੀ। ਬਿਨਾਂ ਸ਼ੱਕ ਜੇਤੂ ਹੋਣ ਦੇ ਬਾਅਦ ਮਹਾਰਾਜੇ ਨੇ ਸਿੱਖ ਸਾਮਰਾਜ ਨੂੰ ਸਫਲਤਾਪੂਰਵਕ ਮਜ਼ਬੂਤ ਤੇ ਵਿਸਥਾਰ ਕੀਤਾ ਸੀ। ਉਸ ਦੇ ਰਾਜ ਦੌਰਾਨ, ਪੰਜਾਬ ਇਕ ਵਿਸ਼ਾਲ ਖੇਤਰ 'ਚ ਫੈਲਿਆ ਹੋਇਆ ਸੀ, ਜਿਸ ਵਿੱਚ ਅਜੋਕੇ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਚੀਨ ਦੇ ਹਿੱਸੇ ਸ਼ਾਮਲ ਸਨ।

**ਪੂਰਵ ਅਜ਼ਾਦੀ ਸੰਘਰਸ਼**

ਸੁਤੰਤਰਤਾ ਸੰਗਰਾਮ ਤੋਂ ਬਹੁਤ ਪਹਿਲਾਂ, ਅੰਗਰੇਜ਼ਾਂ ਉੱਤੇ ਹਮਲਾ ਕਰਨ ਲਈ ਸਿੱਖ ਯੋਧਿਆਂ ਦੁਆਰਾ ਸਤਲੁਜ ਦਰਿਆ ਨੂੰ ਪਾਰ ਕਰਨਾ, ਭਾਰਤ ਵਿੱਚ ਬਸਤੀਵਾਦ ਦੇ ਵਿਰੋਧ ਦਾ ਪ੍ਰਤੀਕ ਸੀ। ਸ਼ੇਰੇ ਪੰਜਾਬ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਉੱਤਰਾਧਿਕਾਰੀ ਅਯੋਗ ਸ਼ਾਸਕਾਂ ਦੇ ਕਾਰਨ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ 'ਚ ਚਲੇ ਜਾਣ ਦੇ ਤੁਰੰਤ ਬਾਅਦ ਆਜ਼ਾਦੀ ਲਈ ਸੰਘਰਸ਼ ਦੀ ਪ੍ਰਜਵਲਿਤ ਲੋਅ ਪੰਜਾਬ 'ਚ ਦੇਖਣ ਨੂੰ ਮਿਲਦੀ ਹੈ।

ਕੁਝ ਲੋਕ 1857 ਦੀ ਬਗ਼ਾਵਤ ਨੂੰ ਭਾਰਤ ਦੀ ਆਜ਼ਾਦੀ ਦੀ ਪਹਿਲੀ ਜੰਗ ਮੰਨਦੇ ਹੋਣ, ਪਰ ਅਸਲ ਵਿੱਚ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੀ ਹਕੂਮਤ ਤੋਂ ਆਜ਼ਾਦੀ ਲਈ ਪਹਿਲੀ ਜੰਗ "ਪਿਆਰ ਨਾਲ ਇਹ ਕਰਨ ਗੁਲਾਮੀ, .. ਪਰ ਟੈਂ ਨਾ ਮੰਨਦੇ ਕਿਸੇ ਦੀ" ਵਾਲੇ ਪੰਜਾਬੀ ਸੁਭਾਅ ਤੇ ਬਿਰਤੀ ਵਾਲੇ ਪੰਜਾਬੀ ਹਿੰਦੂ ਸਪੂਤ ਦੀਵਾਨ ਮੂਲ ਰਾਜ ਦੀ ਅਗਵਾਈ ਵਿੱਚ ਪੰਜਾਬ ਦੇ ਮੁਲਤਾਨ 'ਚ 18 ਅਪ੍ਰੈਲ 1848 ਤੋਂ 22 ਜਨਵਰੀ 1849 ਤੱਕ, ਅੰਗਰੇਜ਼ਾਂ ਨੂੰ ਜ਼ਬਰਦਸਤ ਸੈਨਿਕ ਟੱਕਰ ਦਿੰਦਿਆਂ ਲੜੀ ਗਈ ਸੀ। ਦੀਵਾਨ ਮੂਲ ਰਾਜ ਮੁਲਤਾਨ ਦੀ ਗਵਰਨਰੀ ਤੋਂ ਅਸਤੀਫ਼ਾ ਦੇ ਚੁੱਕਿਆ ਸੀ। ਨਿਰਸੰਦੇਹ ਉਸ ਦੀ ਲੜਾਈ ਕੇਵਲ ਦੇਸ਼ ਕੌਮ ਲਈ ਸੀ। ਇਸੇ ਸਮੇਂ ਬਗ਼ਾਵਤ ਦਾ ਝੰਡਾ ਬੁਲੰਦ ਕਰਨ ਵਾਲਿਆਂ 'ਚ ਰਾਜਾ ਸ਼ੇਰ ਸਿੰਘ, ਸ: ਚਤਰ ਸਿੰਘ ਅਟਾਰੀ ਵਾਲਾ, ਭਾਈ ਮਹਾਰਾਜ ਸਿੰਘ ਨੌਰੰਗਾਬਾਦ ( 5, ਜੁਲਾਈ 1856 ਨੂੰ ਸ਼ਹੀਦ ) ਵੀ ਸ਼ਾਮਲ ਸਨ।

**ਅਜ਼ਾਦੀ ਸੰਘਰਸ਼ 'ਚ ਪੰਜਾਬ ਦਾ ਯੋਗਦਾਨ**

ਪੰਜਾਬ ਦੁਆਰਾ ਅਜ਼ਾਦੀ ਸੰਘਰਸ਼ 'ਚ ਯੋਗਦਾਨ ਦੀ ਗਲ ਕਰੀਏ ਤਾਂ ਅੰਗਰੇਜ਼ਾਂ ਦੇ ਪੂਰਨ ਕਬਜ਼ੇ ਉਪਰੰਤ ਸਿੱਖੀ 'ਚ ਨਿਰੰਕਾਰੀ ਮਤ (ਬਾਬਾ ਦਿਆਲ ਜੀ 1783- 1854 ਅਤੇ ਨਾਮਧਾਰੀ ਕੂਕਾ ਲਹਿਰ, ਭਾਈ ਬਾਲਕ ਸਿੰਘ 1799- 1862 ਈ) ਦੇ ਰੂਪ 'ਚ ਸਮਾਜਿਕ- ਧਾਰਮਿਕ ਸੁਧਾਰਵਾਦੀ ਲਹਿਰਾਂ ਨੇ ਜਨਮ ਲਿਆ।

ਨਾਮਧਾਰੀਆਂ ਦੀ ਅੱਗੇ ਚੱਲ ਕੇ ਬਾਬਾ ਰਾਮ ਸਿੰਘ ਜੀ (ਪੰਜਾਬ ਦੇ ਪਿੰਡ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ) ਦੀ ਅਗਵਾਈ 'ਚ ਆਜ਼ਾਦੀ ਦੀ ਇਕ ਹੋਰ ਅਜਿਹੀ ਲਾਟ ਪ੍ਰਜਵਲਿਤ ਹੋਈ, ਜਿਸ ਦੀ 'ਨਾ ਮਿਲਵਰਤਨ' ਲਹਿਰ ਨੇ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਸਨ। ਧਾਰਮਿਕ ਲਹਿਰ ਹੋਣ ਦੇ ਬਾਵਜੂਦ ਇਸ ਦਾ ਮੁੱਖ ਨਿਸ਼ਾਨਾ ਅੰਗਰੇਜ਼ਾਂ ਨੂੰ ਦੇਸ਼ 'ਚੋਂ ਬਾਹਰ ਕੱਢਣਾ ਤੇ ਆਪਣੀ ਮਾਤ-ਭੂਮੀ ਨੂੰ ਮੁਕਤ ਕਰਾਉਣਾ ਸੀ। ਇਹ ਪਹਿਲੀ ਵਾਰ ਸੀ ਕਿ 68 ਕੂਕਿਆਂ ਨੂੰ ਤੋਪਾਂ ਦੇ ਮੂੰਹ ਅੱਗੇ ਬੰਨ੍ਹ ਕੇ ਉਡਾ ਦਿੱਤਾ ਗਿਆ। ਸੰਨ 1884 ਵਿਚ ਜਲਾਵਤਨੀ ਦੇ ਦੌਰਾਨ ਬਾਬਾ ਰਾਮ ਸਿੰਘ ਜੀ ਦਾ ਦੇਹਾਂਤ ਹੋ ਗਿਆ ਸੀ।

ਵੀਹਵੀਂ ਸਦੀ ਦੇ ਸ਼ੁਰੂਆਤ ਦੌਰਾਨ 1907 'ਚ ਬਰਤਾਨੀਆ ਦੇ ਖ਼ਿਲਾਫ਼ ਪੰਜਾਬ ਵਿਚ ਇਕ ਜ਼ਬਰਦਸਤ ਕਿਸਾਨ ਅੰਦੋਲਨ ਨੇ ਜਨਮ ਲਿਆ। ਜਿਸ ਨੇ ਅੰਗਰੇਜ਼ ਸਰਕਾਰ ਵੱਲੋਂ ਨਹਿਰੀ ਜ਼ਮੀਨਾਂ ਉੱਪਰ ਵਧਾਏ ਗਏ ਮਾਲੀਏ ਦਾ ਵਿਰੋਧ ਕੀਤਾ।

ਅਮਰੀਕਾ ਦੀ ਧਰਤੀ 'ਤੇ ਭਾਰਤੀਆਂ ਨਾਲ ਹੁੰਦੇ ਮਾੜੇ ਸਲੂਕ ਅਤੇ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਇੱਛਾ ਨੇ 1913 ਵਿਚ ਇਕ ਸ਼ਕਤੀਸ਼ਾਲੀ 'ਗੱਦਰ ਲਹਿਰ' ਨੂੰ ਜਨਮ ਦਿੱਤਾ। ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ,ਸਕੱਤਰ ਲਾਲਾ ਹਰਦਿਆਲ ਅਤੇ ਕਰਤਾਰ ਸਿੰਘ ਸਰਾਭਾ ਦੀ ਮਨਸ਼ਾ ਹਿੰਦੁਸਤਾਨ ਵਿਚ ਹਥਿਆਰਬੰਦ ਕ੍ਰਾਂਤੀ ਲਿਆ ਕੇ ਅੰਗਰੇਜ਼ਾਂ ਨੂੰ ਦੇਸ਼ 'ਚੋਂ ਬਾਹਰ ਕੱਢਣਾ ਸੀ। 1914 ਦਾ ਕਾਮਾ ਗਾਟਾ ਮਾਰੂ ਜਹਾਜ਼ ਦਾ ਦੁਖਾਂਤ ਵੀ ਇਸੇ ਲਹਿਰ ਦਾ ਇਕ ਹਿੱਸਾ ਸੀ।

1919 ਨੂੰ ਅੰਮ੍ਰਿਤਸਰ ਵਿਚ ਵਰਤਾਏ ਗਏ ਜਲਿਆਂ ਵਾਲੇ ਬਾਗ਼ ਦੇ ਸਾਕੇ ਨੇ ਸਾਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ। ਇਸੇ ਦੌਰਾਨ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਸਮੇਤ ਹੋਰਨਾਂ ਗੁਰਦੁਆਰਿਆਂ ਦੀ ਸੰਭਾਲ ਲਈ 15 ਨਵੰਬਰ 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਫਿਰ 14 ਦਸੰਬਰ 1920 ਨੂੰ ਸ਼੍ਰੋਮਣੀ ਅਕਾਲੀ ਦਲ ਦਾ ਗਠਨ ਕੀਤਾ ਗਿਆ, ਮੈ ਮਰਾਂ ਪੰਥ ਜੀਵੇਂ ਦੇ ਧਾਰਨੀਆਂ ਨੇ ਗੁਰਦੁਆਰਾ ਸੁਧਾਰ ਲਹਿਰ ਦੇ ਨਾਲ ਨਾਲ ਦੇਸ਼ ਦੀ ਅਜ਼ਾਦੀ ਲਈ ਵੀ ਅਹਿਮ ਰੋਲ ਅਦਾ ਕੀਤਾ।

ਪੰਜਾਬ ਨੇ ਮਹਾਤਮਾ ਗਾਂਧੀ ਦੇ ਨਾ ਮਿਲਵਰਤਨ ਲਹਿਰ ਤੋਂ ਇਲਾਵਾ ਕਾਂਗਰਸ ਵੱਲੋਂ ਚਲਾਈਆਂ ਗਈਆਂ ਆਜ਼ਾਦੀ ਲਹਿਰਾਂ 'ਚ ਅਹਿਮ ਯੋਗਦਾਨ ਪਾਇਆ।

ਅਜ਼ਾਦੀ ਦੀ ਲਹਿਰ 'ਚ ਯੋਗਦਾਨ ਪਾਉਣ ਵਾਲਿਆਂ 'ਚ ਸ਼ਹੀਦ ਮਦਦ ਲਾਲ ਖੁਰਾਨਾ, ਸ਼ਹੀਦ ਭਗਤ ਸਿੰਘ, ਸ਼ਹੀਦ ਰਾਜ ਗੁਰੂ, ਸ਼ਹੀਦ ਸੁਖਦੇਵ, ਲਾਲਾ ਲਾਜਪਤ ਰਾਏ, ਚਾਚਾ ਅਜੀਤ ਸਿੰਘ ਅਜਿਹੇ ਨਾਮ ਹਨ ਜਿਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ।

**ਅਜ਼ਾਦੀ ਉਪਰੰਤ ਦਾ ਪੰਜਾਬ**

ਆਜ਼ਾਦੀ ਪ੍ਰਾਪਤੀ ਨਾਲ ਹੀ ਪੰਜਾਬ ਨੂੰ ਭਾਰੀ ਜਾਨੀ ਮਾਲੀ ਨੁਕਸਾਨ ਸਹਿਣਾ ਪਿਆ। ਲੱਖਾਂ ਲੋਕ ਮਾਰੇ ਗਏ ਅਤੇ ਬੇਘਰ ਹੋਏ, ਜ਼ਮੀਨ ਜਾਇਦਾਦ ਅਤੇ ਜਾਨ ਤੋਂ ਵੱਧ ਪਿਆਰੇ ਗੁਰਦੁਆਰੇ ਅਤੇ ਮੰਦਿਰ ਪਾਕਿਸਤਾਨ ਵਿੱਚ ਛੱਡ ਕੇ ਆਏ।

'47 ਚ ਹੀ ਕਸ਼ਮੀਰ ਵਾਦੀ ਨੂੰ ਬਚਾਉਣ ਲਈ ਲੜੇ, 1962, 65, 71 ਅਤੇ 1999 ਵਿੱਚ ਕਾਰਗਿਲ ਦੀ ਲੜਾਈਆਂ ਵਿੱਚ ਵੀ ਪੰਜਾਬੀ ਅਤੇ ਸਿੱਖ ਫ਼ੌਜਾਂ ਯੁੱਧ ਦੇ ਮੈਦਾਨ ਵਿੱਚ ਹਮੇਸ਼ਾਂ ਮੂਹਰੇ ਰਹੀਆਂ।

ਇਸ ਸਭ ਦੇ ਪਿੱਛੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਤੇ ਗੁਰੂ ਅਰਜਨ ਦੇਵ ਜੀ ਸਮੇਤ ਅਨੇਕਾਂ ਸ਼ਹੀਦਾਂ ਦੀ ਪ੍ਰੇਰਨਾ ਅਤੇ ਚੇਤਨ ਅਵਚੇਤਨ ਕੰਮ ਕਰ ਰਹੀ ਸੀ।


# ਬੱਚਿਆਂ ਦੀ ਬੇਰੁਖੀ ਅਤੇ ਸਤਿਕਾਰ

ਪਰਿਵਾਰ ਦਾ ਮੁੱਢ ਮਾਂ-ਪਿਓ, ਭਾਵ ਇੱਕ ਔਰਤ ਅਤੇ ਇੱਕ ਮਰਦ ਨਾਲ ਬੱਝਦਾ ਹੈ। ਫਿਰ ਉਨ੍ਹਾਂ ਦੇ ਬੱਚੇ ਹੁੰਦੇ ਹਨ। ਪਰਿਵਾਰ ਪ੍ਰਫੁੱਲਤ ਹੁੰਦਾ ਹੈ। ਬੱਚਿਆਂ ਦੀ ਪਰਵਰਿਸ਼ ਬੜੇ ਲਾਡ ਪਿਆਰ ਨਾਲ ਹੁੰਦੀ ਹੈ। ਸਮਾਂ ਪਾ ਕੇ ਬੱਚੇ ਵੱਡੇ ਹੁੰਦੇ ਹਨ। ਉਨ੍ਹਾਂ ਦੇ ਵਿਆਹ ਹੁੰਦੇ ਹਨ। ਫਿਰ ਉਨ੍ਹਾਂ ਦੇ ਵੀ ਬੱਚੇ ਹੁੰਦੇ ਹਨ। ਪਰਿਵਾਰ ਹੋਰ ਵੀ ਪ੍ਰਫੁੱਲਤ ਹੁੰਦਾ ਹੈ। ਘਰ ਦੇ ਮੁਖੀ ਦਾਦਾ-ਦਾਦੀ ਜਾਂ ਨਾਨਾ-ਨਾਨੀ ਬਣਦੇ ਹਨ। ਘਰ ਵਿੱਚ ਖ਼ੁਸ਼ੀਆਂ ਅਤੇ ਖੇੜੇ ਆਉਂਦੇ ਹਨ। ਛੋਟੇ ਛੋਟੇ ਬੱਚਿਆਂ ਦਾ ਪਾਲਣ ਪੋਸ਼ਣ ਅਤੇ ਸਾਂਭ ਸੰਭਾਲ ਹੋਰ ਵੀ ਮੋਹ ਨਾਲ ਕੀਤੀ ਜਾਂਦੀ ਹੈ।

ਹਰ ਮਾਂ-ਬਾਪ ਚਾਹੁੰਦਾ ਹੈ ਕਿ ਉਨ੍ਹਾਂ ਦੇ ਬੱਚੇ ਵੱਡੇ ਹੋ ਕੇ ਸਿਆਣੇ ਅਤੇ ਕਾਮਯਾਬ ਬਣਨ। ਉਹ ਚੰਗੇ ਸ਼ਹਿਰੀ ਬਣਨ ਅਤੇ ਮਾਂ-ਪਿਓ ਦੀ ਸੇਵਾ ਕਰਨ। ਉਹ ਬੱਚਿਆਂ ਨੂੰ ਚੰਗੇ ਸੰਸਕਾਰ ਦਿੰਦੇ ਹਨ ਤਾਂ ਕਿ ਉਨ੍ਹਾਂ ਦਾ ਚਰਿੱਤਰ ਨਿਰਮਾਣ ਹੋ ਸਕੇ। ਮਾਂ-ਪਿਓ ਬਹੁਤ ਮਿਹਨਤ ਕਰ ਕੇ ਪੈਸਾ ਕਮਾਉਂਦੇ ਹਨ ਤਾਂ ਕਿ ਬੱਚਿਆਂ ਦਾ ਭੱਵਿਖ ਉੱਜਵਲ ਬਣ ਸਕੇ। ਮਾਂ ਸੋਚਦੀ ਹੈ ਕਿ ਮੇਰਾ ਪੁੱਤਰ ਅੱਜ ਭੁੱਖਾ ਨਾ ਰਹੇ। ਪਿਓ ਸੋਚਦਾ ਹੈ ਕਿ ਮੇਰਾ ਪੁੱਤਰ ਕੱਲ੍ਹ ਭੁੱਖਾ ਨਾ ਰਹੇ। ਬਸ ਇਹੋ ਦੋ ਰਿਸ਼ਤੇ ਹਨ ਜਿਨ੍ਹਾਂ ਨੂੰ ਰੱਬ ਦਾ ਰੂਪ ਕਿਹਾ ਜਾਂਦਾ ਹੈ। ਕਈ ਵਾਰੀ ਬੱਚੇ ਜ਼ਿਆਦਾ ਲਾਡ ਪਿਆਰ ਨਾਲ ਅਤੇ ਬਹੁਤੀਆਂ ਸ਼ਾਹੀ ਸਹੂਲਤਾਂ ਨਾਲ ਵਿਗੜ ਜਾਂਦੇ ਹਨ। ਉਹ ਮਾਂ-ਪਿਓ ਤੋਂ ਬਾਹਰੇ ਹੋ ਜਾਂਦੇ ਹਨ। ਉਹ ਜ਼ਿੱਦ ਨਾਲ ਆਪਣੀ ਹਰ ਗੱਲ ਮਨਵਾਉਂਦੇ ਹਨ। ਕਈ ਵਾਰੀ ਤਾਂ ਕੁਝ ਬੱਚੇ ਆਪਣੀਆਂ ਨਾਜਾਇਜ਼ ਮੰਗਾਂ ਪੂਰੀਆਂ ਕਰਵਾਉਣ ਲਈ ਗ਼ਲਤ ਰਸਤੇ ਵੀ ਅਪਣਾਉਂਦੇ ਹਨ ਜਿਸ ਦੇ ਬਹੁਤ ਭਿਆਨਕ ਸਿੱਟੇ ਨਿਕਲਦੇ ਹਨ। ਉਨ੍ਹਾਂ ਨੂੰ ਕੇਵਲ ਆਪਣੀਆਂ ਮੰਗਾਂ ਅਤੇ ਐਸ਼ਪ੍ਰਸਤੀ ਦਾ ਹੀ ਖ਼ਿਆਲ ਹੈ। ਮਾਂ'ਪਿਓ ਦੀਆਂ ਲੋੜਾਂ ਥੋੜ੍ਹਾਂ ਦੇ ਨਾਲ ਉਨ੍ਹਾਂ ਨੂੰ ਕੋਈ ਸਰੋਕਾਰ ਨਹੀਂ। ਕਈਆਂ ਬੱਚਿਆਂ ਨੂੰ ਤਾਂ ਮਾਂ-ਪਿਓ ਦੀ ਰੋਟੀ ਵੀ ਭਾਰੂ ਲੱਗਦੀ ਹੈ। ਉਹ ਮਾਂ-ਪਿਓ ਨੂੰ ਬਹੁਤ ਬੁਰਾ ਭਲਾ ਬੋਲਦੇ ਹਨ। ਉਨ੍ਹਾਂ ਨੂੰ ਡਾਂਟਦੇ ਹਨ। ਕਈ ਤਾਂ ਆਪਣੇ ਮਾਂ-ਪਿਓ 'ਤੇ ਹੱਥ ਵੀ ਚੁੱਕ ਲੈਂਦੇ ਹਨ। ਉਹ ਮਾਂ-ਪਿਓ ਨੂੰ ਬੇਲੋੜਾ ਬੋਝ ਸਮਝਦੇ ਹਨ। ਇਸ ਲਈ ਉਨ੍ਹਾਂ ਨੂੰ ਬ੍ਰਿਧ ਆਸ਼ਰਮ ਛੱਡ ਆਉਂਦੇ ਹਨ ਜਿੱਥੇ ਮਮਤਾ ਮਾਰੇ ਬਜ਼ੁਰਗ ਮਾਂ-ਪਿਓ ਬੱਚਿਆਂ ਦੇ ਮੋਹ ਪਿਆਰ ਨੂੰ ਤਰਸਦੇ ਹੋਏ ਦਮ ਤੋੜ ਜਾਂਦੇ ਹਨ। ਦੇਸ਼ ਵਿੱਚ ਬ੍ਰਿਧ ਆਸ਼ਰਮਾਂ ਦਾ ਵਧਣਾ ਬੱਚਿਆਂ ਦੀ ਬੇਰੁਖੀ ਦਾ ਵੱਡਾ ਸਬੂਤ ਹੈ। ਕਈ ਬਜ਼ੁਰਗ ਆਪਣੇ ਪਰਿਵਾਰ ਵਿੱਚ ਬੱਚਿਆਂ ਨਾਲ ਰਹਿ ਜ਼ਰੂਰ ਰਹੇ ਹਨ, ਪਰ ਉਹ ਅੰਦਰੋਂ ਬਹੁਤ ਦੁਖੀ ਹਨ। ਦੁਨੀਆਵੀ ਸ਼ਰਮ ਕਾਰਨ ਉਹ ਉਹ ਕੁਝ ਕਹਿ ਨਹੀਂ ਸਕਦੇ। ਇੱਕ ਮਾਂ ਆਪਣੇ ਸੱਤ ਬੱਚਿਆਂ ਨੂੰ ਆਸਾਨੀ ਨਾਲ ਪਾਲ ਲੈਂਦੀ ਹੈ, ਪਰ ਸੱਤ ਬੱਚੇ ਮਿਲ ਕੇ ਵੀ ਇੱਕ ਮਾਂ ਨੂੰ ਰੋਟੀ ਨਹੀਂ ਦੇ ਸਕਦੇ। ਕਈ ਵਾਰੀ ਦੁਖੀ ਹੋ ਕੇ ਮਾਂ ਕੋਲੋਂ ਬੱਚਿਆਂ ਲਈ ਬਦਅਸੀਸ ਵੀ ਨਿਕਲ ਜਾਂਦੀ ਹੈ। ਉਸ ਤੋਂ ਬਚਣਾ ਚਾਹੀਦਾ ਹੈ। ਇਸੇ ਲਈ ਕਹਿੰਦੇ ਹਨ;

ਮਾਂ ਦੀ ਦੂਆ ਕਦੀ ਵੀ ਖਾਲੀ ਨਹੀਂ ਜਾਂਦੀ ਪਰ
**ਮਾਂ ਦੀ ਬਦ-ਦੂਆ ਕਦੀ ਟਾਲੀ ਵੀ ਨਹੀਂ ਜਾਂਦੀ।**

ਕਈ ਵਾਰੀ ਮਾਂ-ਪਿਓ ਬੱਚਿਆਂ ਹੱਥੋਂ ਬਹੁਤ ਦੁਖੀ ਹੁੰਦੇ ਹਨ। ਉਨ੍ਹਾਂ ਦੇ ਮਨ ਵਿੱਚ ਚੀਸ ਉੱਠਦੀ ਹੈ ਕਿ ਬੱਚਿਆਂ ਦੇ ਪਾਲਣ ਪੋਸ਼ਣ ਵਿੱਚ ਉਨ੍ਹਾਂ ਵੱਲੋਂ ਕੀ ਕਮੀ ਰਹਿ ਗਈ ਹੈ ਜੋ ਬੱਚੇ ਉਨ੍ਹਾਂ ਪ੍ਰਤੀ ਇੰਨੇ ਰੁੱਖੇ ਹੋ ਗਏ ਹਨ। ਮਾਂ-ਪਿਓ ਤਾਂ ਆਪਣੀਆਂ ਜ਼ਰੂਰਤਾਂ ਨੂੰ ਸਮੇਟਦੇ ਹੋਏ, ਆਪਣੀਆਂ ਇੱਛਾਵਾਂ ਨੂੰ ਮਾਰ ਕੇ ਵੀ ਬੱਚਿਆਂ ਦੇ ਸ਼ੌਕ ਪੂਰਾ ਕਰਦੇ ਹਨ, ਪਰ ਬੱਚਿਆਂ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੁੰਦਾ। ਇੱਥੇ ਇਹ ਗੱਲ ਵਰਣਨ ਯੋਗ ਹੈ ਕਿ ਬੱਚਿਆਂ 'ਤੇ ਘਰ



ਦੇ ਮਾਹੌਲ ਅਤੇ ਪਿਆਰ ਤੋਂ ਇਲਾਵਾ ਬਾਹਰ ਦਾ ਵਾਤਾਵਰਨ, ਬੱਚਿਆਂ ਦੀ ਸੰਗਤ, ਪੱਛਮ ਦੀ ਹਵਾ, ਮੋਬਾਈਲ, ਟੈਲੀਵੀਜ਼ਨ ਅਤੇ ਇੰਟਰਨੈੱਟ ਆਦਿ ਵੀ

**ਗੁਰਸ਼ਰਨ ਸਿੰਘ ਕੁਮਾਰ**

ਕਈ ਚੀਜ਼ਾਂ ਪ੍ਰਭਾਵ ਪਾਉਂਦੀਆਂ ਹਨ। ਮਾਂ-ਪਿਓ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਅਤੇ ਖੁੱਲ੍ਹਾ ਪੈਸਾ ਮਿਲਣ ਕਾਰਨ ਬੱਚੇ ਦੋਸਤਾਂ ਨਾਲ ਬਹੁਤ ਸੋਹਣੀ ਤਰ੍ਹਾਂ ਵਰਤਦੇ ਵੀ ਹਨ, ਪਰ ਉਹ ਇਹ ਨਹੀਂ ਸਮਝਦੇ ਕਿ ਬਜ਼ੁਰਗਾਂ ਨਾਲ ਕਿਵੇਂ ਵਿਹਾਰ ਕਰਨਾ ਹੈ ਅਤੇ ਉਨ੍ਹਾਂ ਦੀ ਕਿਵੇਂ ਇੱਜ਼ਤ ਕਰਨੀ ਹੈ।

ਉਹ ਬਜ਼ੁਰਗਾਂ ਨੂੰ ਬੀਤੇ ਸਮੇਂ ਦੇ ਵਿਅਕਤੀ ਸਮਝਦੇ ਹਨ ਜੋ ਉਨ੍ਹਾਂ ਦੀ ਜ਼ਿੰਦਗੀ ਵਿੱਚ ਫਾਲਤੂ ਹਨ। ਇਸ ਲਈ ਉਹ ਉਨ੍ਹਾਂ ਨੂੰ ਸਿਆਣੇ ਨਹੀਂ ਸਮਝਦੇ। ਉਨ੍ਹਾਂ ਦੀ ਹਰ ਗੱਲ 'ਤੇ ਮਜ਼ਾਕ ਉਡਾਉਂਦੇ ਹਨ। ਕਈ ਵਾਰੀ ਤਾਂ ਉਨ੍ਹਾਂ ਦੇ ਬਣਾਏ ਹੋਏ ਮਕਾਨ ਵਿੱਚ ਰਹਿੰਦੇ ਹੋਏ ਵੀ ਪੁਰਾਣੇ ਕਬਾੜ ਦੀ ਤਰ੍ਹਾਂ ਉਨ੍ਹਾਂ ਦਾ ਬਿਸਤਰ ਸਟੋਰ ਵਿੱਚ ਲਾ ਦਿੰਦੇ ਹਨ। ਬਜ਼ੁਰਗਾਂ ਨੇ ਆਪਣਾ ਖ਼ੂਨ ਪਸੀਨਾ ਇੱਕ ਕਰ ਕੇ ਕਮਾਈ ਕੀਤੀ ਹੁੰਦੀ ਹੈ ਅਤੇ ਬੱਚਿਆਂ ਦੇ ਸੁੱਖ ਆਰਾਮ ਲਈ ਆਪਣੇ ਸੁੱਖ ਵਾਰੇ ਹੁੰਦੇ ਹਨ। ਉਨ੍ਹਾਂ ਬੱਚਿਆਂ ਲਈ ਕਾਰਾਂ, ਕੋਠੀਆਂ, ਮਹਿੰਗੇ ਮੋਬਾਈਲ ਅਤੇ ਹੋਰ ਕਈ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਖੜ੍ਹੀਆਂ ਕੀਤੀਆਂ ਹੁੰਦੀਆਂ ਹਨ। ਬਜ਼ੁਰਗ ਗਿਆਨ ਦਾ ਖ਼ਜ਼ਾਨਾ ਹੁੰਦੇ ਹਨ ਅਤੇ ਘਰ ਦਾ ਤਾਲਾ ਵੀ ਹੁੰਦੇ ਹਨ। ਬੱਚੇ ਇਹ ਨਹੀਂ ਸਮਝਦੇ ਕਿ ਉਨ੍ਹਾਂ ਦੇ ਦੋਸਤ ਤਾਂ ਕਈ ਹਨ, ਪਰ ਮਾਂ ਇੱਕੋ ਇੱਕ ਹੀ ਹੈ ਅਤੇ ਪਿਓ ਵੀ ਇੱਕੋ ਇੱਕ ਹੀ ਹੈ। ਮਾਂ-ਪਿਓ ਪ੍ਰਤੀ ਵੀ ਉਨ੍ਹਾਂ ਦੇ ਕੁਝ ਫ਼ਰਜ ਹਨ। ਜਿਹੜੇ ਬੱਚੇ ਬਜ਼ੁਰਗਾਂ ਦੀ ਇੱਜ਼ਤ ਨਹੀਂ ਕਰਦੇ ਸਮਝੋ ਉਨ੍ਹਾਂ ਦੇ ਬੁਰੇ ਦਿਨ ਸ਼ੁਰੂ ਹੋ ਗਏ ਹਨ। ਬੱਚੇ ਇਹ ਨਹੀਂ ਸਮਝਦੇ ਕਿ ਜੇ ਉਹ ਅੱਜ ਆਪਣੇ ਮਾਂ-ਪਿਓ ਨੂੰ ਰੋਲਣਗੇ ਤਾਂ ਕੱਲ੍ਹ ਨੂੰ ਆਪਣੇ ਬੱਚਿਆਂ ਹੱਥੋਂ ਵੀ ਉਨ੍ਹਾਂ ਦਾ ਅਜਿਹਾ ਹੀ ਹਾਲ ਹੋਵੇਗਾ।

ਦੁਨੀਆ ਵਿੱਚ ਪਿਓ ਹੀ ਇੱਕ ਅਜਿਹਾ ਮਨੁੱਖ ਹੈ ਜੋ ਇਹ ਚਾਹੁੰਦਾ ਹੈ ਕਿ ਮੇਰਾ ਬੱਚਾ ਮੇਰੇ ਤੋਂ ਵੀ ਉੱਚੇ ਸਥਾਨ 'ਤੇ ਪਹੁੰਚੇ। ਬੱਚਾ ਕਿੰਨਾ ਵੀ ਵੱਡਾ ਹੋ ਜਾਏ, ਪਰ ਉਹ ਕਦੀ ਵੀ ਮਾਂ-ਪਿਓ ਤੋਂ ਵੱਡਾ ਨਹੀਂ ਹੋ ਸਕਦਾ। ਬੱਚੇ ਭਾਵੇਂ ਕਿੰਨੇ ਵੀ ਅਮੀਰ ਕਿਉਂ ਨਾ ਹੋ ਜਾਣ ਜਾਂ ਕਿੰਨੇ ਵੀ ਉੱਚੇ ਅਹੁਦੇ 'ਤੇ ਕਿਉਂ ਨਾ ਪਹੁੰਚ ਜਾਣ ਤਾਂ ਵੀ ਉਹ ਮਾਂ-ਪਿਓ ਤੋਂ ਵੱਡੇ ਨਹੀਂ ਹੋ ਸਕਦੇ। ਬੱਚਿਆਂ ਦੀ ਪਛਾਣ ਮਾਂ-ਪਿਓ ਤੋਂ ਹੀ ਬਣਦੀ ਹੈ। ਇਸ ਲਈ ਵੱਡੇ ਹੋਵੋ, ਪਰ ਉਨ੍ਹਾਂ ਅੱਗੇ ਨਹੀਂ ਜਿਨ੍ਹਾਂ ਨੇ ਤੁਹਾਨੂੰ ਵੱਡਾ ਕੀਤਾ ਹੈ।

ਮਾਂ-ਪਿਓ ਨੂੰ ਵੀ ਇੱਕ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਪੈਦਾ ਕਰ ਕੇ ਕੋਈ ਉਨ੍ਹਾਂ ਸਿਰ ਅਹਿਸਾਨ ਨਹੀਂ ਕੀਤਾ। ਇਸ ਲਈ ਬਜ਼ੁਰਗਾਂ ਨੂੰ ਆਪਣੇ ਬੁਢਾਪੇ ਦੇ ਸਵਰਗ ਦਾ ਨਿਰਮਾਣ ਆਪ ਹੀ ਕਰਨਾ ਹੋਵੇਗਾ। ਉਨ੍ਹਾਂ ਨੂੰ ਆਪਣੀ ਸਿਹਤ ਅਤੇ ਬੁਢਾਪੇ ਦੀਆਂ ਜ਼ਰੂਰਤਾਂ ਲਈ ਆਪਣੀ ਬੱਚਤ ਸੰਭਾਲ ਕੇ ਰੱਖਣੀ ਪਵੇਗੀ। ਬੱਚਿਆਂ ਦੀਆਂ ਆਦਤਾਂ ਅਤੇ ਸੰਗਤ 'ਤੇ ਨਿਗਰਾਨੀ ਰੱਖਣੀ ਹੋਵੇਗੀ। ਘਰ ਦੇ ਹਾਲਾਤ ਵੀ ਸੁਖਾਵੇਂ ਬਣਾ ਕੇ ਰੱਖਣੇ ਪੈਣਗੇ ਤਾਂ ਕਿ ਬੱਚੇ ਕੱਲ੍ਹ ਨੂੰ ਇਹ ਨਾ ਕਹਿ ਸੱਕਣ ਕਿ ਤੁਸੀਂ ਸਾਡੇ ਲਈ ਕੀਤਾ ਹੀ ਕੀ ਹੈ। ਫਿਰ ਵੀ ਬੱਚਿਆਂ ਤੋਂ ਸੇਵਾ ਦੀ ਜ਼ਿਆਦਾ ਉਮੀਦ ਨਹੀਂ ਰੱਖਣੀ ਚਾਹੀਦੀ। ਜ਼ਿੰਦਗੀ ਵਿੱਚ ਜਿਸ ਨੂੰ ਸਭ ਤੋਂ ਘੱਟ ਸ਼ਿਕਾਇਤਾਂ ਹਨ, ਉਹ ਸਭ ਤੋਂ ਜ਼ਿਆਦਾ ਸੁਖੀ ਹੈ। ਉਹ ਭਾਗਾਂ ਵਾਲੇ ਪਰਿਵਾਰ ਹੁੰਦੇ ਹਨ ਜਿੱਥੇ ਬੱਚੇ ਸਵੇਰੇ ਬਜ਼ੁਰਗਾਂ ਦਾ ਅਸ਼ੀਰਵਾਦ ਲੈ ਕੇ ਜਾਂਦੇ ਹਨ ਅਤੇ ਸ਼ਾਮ ਨੂੰ ਆਉਂਦਿਆਂ ਹੀ ਉਨ੍ਹਾਂ ਦਾ ਹਾਲ ਚਾਲ ਪੁੱਛਦੇ ਹਨ। ਬਹੁਤ ਘੱਟ ਬਜ਼ੁਰਗ ਹਨ ਜਿਨ੍ਹਾਂ ਨੂੰ ਆਪਣੇ ਘਰ ਵਿੱਚ ਬੱਚਿਆਂ ਦੁਆਰਾ ਪੂਰਾ ਆਦਰ ਮਾਣ ਮਿਲ ਰਿਹਾ ਹੈ। ਸੰਸਕਾਰੀ ਬੱਚੇ ਹੀ ਮਾਂ-ਪਿਓ ਦਾ ਆਦਰ ਮਾਣ ਕਰਦੇ ਹਨ। ਉਹ ਆਪਣੇ ਬਜ਼ੁਰਗ ਮਾਂ-ਪਿਓ ਦੇ ਬੁਢਾਪੇ ਦੀ ਲਾਠੀ ਬਣਦੇ ਹਨ। ਅਜਿਹੇ ਬੱਚੇ ਮਰਿਆਦਾ ਦਾ ਧਿਆਨ ਰੱਖਦੇ ਹੋਏ ਆਪਣੇ ਮਾਂ-ਪਿਓ ਨਾਲ ਦੋਸਤ ਬਣ ਕੇ ਰਹਿੰਦੇ ਹਨ। ਉਹ ਆਪਣੀ ਜ਼ਿੰਦਗੀ ਵਿੱਚ ਕਾਮਯਾਬ ਬਣਦੇ ਹਨ ਅਤੇ ਆਪਣੇ ਬੱਚਿਆਂ ਤੋਂ ਵੀ ਆਦਰ ਮਾਣ ਲੈਂਦੇ ਹਨ। ਜੇ ਤੁਹਾਡੇ ਬੱਚੇ ਤੁਹਾਡੇ ਬੁਢਾਪੇ ਵਿੱਚ ਤੁਹਾਡੀ ਸੇਵਾ ਕਰਦੇ ਹਨ ਤਾਂ ਇਹ ਸਮਝੋ ਕਿ ਇਹ ਤੁਹਾਡਾ ਬੋਨਸ ਅਤੇ ਤੁਹਾਡੇ ਕਰਮਾਂ ਦਾ ਫ਼ਲ ਹੈ। ਅਜਿਹੇ ਹੋਣਹਾਰ ਬੱਚਿਆਂ ਨੇ ਹੀ 'ਸਰਵਣ ਪੁੱਤਰ' ਅਤੇ 'ਕੁੱਲ ਦਾ ਦੀਪਕ' ਆਦਿ ਸ਼ਬਦਾਂ ਨੂੰ ਅੱਜ ਵੀ ਸਾਂਭ ਕੇ ਰੱਖਿਆ ਹੋਇਆ ਹੈ। ਸਾਨੂੰ ਅਜਿਹੀ ਔਲਾਦ 'ਤੇ ਮਾਣ ਹੈ। ਸਾਂਝੇ ਪਰਿਵਾਰ ਵਿੱਚ ਵੱਡਿਆਂ ਦੀ ਇੱਜ਼ਤ ਅਤੇ ਬੱਚਿਆਂ ਨਾਲ ਪਿਆਰ ਨਾਲ ਹੀ ਸ਼ਾਂਤੀ ਕਾਇਮ ਰਹਿ ਸਕਦੀ ਹੈ।

# ਮਨੁੱਖੀ ਜੀਵਨ ਨੂੰ ਸਾਰਥਕ ਬਣਾਓ



ਜੀਵਨ ਵਿਚ ਕਮਾਉਣਾ ਜਾਂ ਇਕੱਠਾ ਕਰਨਾ ਜਿੰਨਾ ਜ਼ਰੂਰੀ ਹੈ, ਉਸ ਦੀ ਸੁਚਾਰੂ ਵੰਡ ਵੀ ਓਨੀ ਹੀ ਮਹੱਤਵਪੂਰਨ ਹੈ। ਸਿਰਫ਼ ਸੰਗ੍ਰਹਿ ਕਰਦੇ ਜਾਣ ਨਾਲ ਸੁਵਿਧਾਵਾਂ ਨਹੀਂ, ਸਗੋਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਜਿਵੇਂ ਭੋਜਨ ਪਕਾਇਆ ਜਾਵੇ ਪਰ ਖਾਧਾ ਨਾ ਜਾਵੇ ਤਾਂ ਉਹੀ ਭੋਜਨ ਆਖ਼ਰਕਾਰ ਬੋਝ ਬਣ ਜਾਂਦਾ ਹੈ। ਉਸੇ ਤਰ੍ਹਾਂ ਜੇ ਜਮ ?ਹਾ

**ਮੁਕੇਸ਼ ਰਿਸ਼ੀ**

ਕੀਤੀਆਂ ਚੀਜ਼ਾਂ ਜਾਂ ਪੂੰਜੀ ਦਾ ਉਪਯੋਗ ਨਾ ਕੀਤਾ ਜਾਵੇ ਤਾਂ ਇਹ ਜੀਵਨ ਨੂੰ ਅਸੰਤੁਲਿਤ ਕਰ ਦਿੰਦੀਆਂ ਹਨ। ਭੌਤਿਕ ਜੀਵਨ ਵਿਚ ਉਤਪਾਦਨ ਅਤੇ ਉਪਭੋਗ ਦਾ ਜਿਵੇਂ ਅਟੁੱਟ ਸਬੰਧ ਹੈ, ਉਸੇ ਤਰ੍ਹਾਂ ਅਧਿਆਤਮਕ ਜੀਵਨ ਵਿਚ ਵੀ ਸਾਧਨਾ, ਸਵਾਧਿਆਏ ਅਤੇ ਉਪਾਸਨਾ ਦਾ ਟੀਚਾ ਉਦੋਂ ਹੀ ਪੂਰਾ ਹੁੰਦਾ ਹੈ ਜਦੋਂ ਅਰਜਿਤ ਕੀਤੇ ਸੱਚੇ ਗਿਆਨ ਦੇ ਵਿਵਹਾਰ ਵਿਚ ਉਤਰ ਕੇ ਸਮਾਜ ਦੇ ਹਿੱਤ ਵਿਚ ਇਸਤੇਮਾਲ ਹੋਵੇ। ਰੂਹਾਨੀ ਪ੍ਰਾਪਤੀ ਨੂੰ ਜੇ ਸਿਰਫ਼ ਆਪਣੀ ਸਿੱਧੀ, ਮੁਕਤੀ ਜਾਂ ਨਿੱਜੀ ਕਲਿਆਣ ਤੱਕ ਸੀਮਤ ਰੱਖਿਆ ਜਾਵੇ ਤਾਂ ਇਹ ਦ੍ਰਿਸ਼ਟੀ ਬਹੁਤ ਹੀ ਸੰਕੀਰਨ ਮੰਨੀ ਜਾਵੇਗੀ।

ਰਿਸ਼ੀਆਂ ਨੇ ਸਦਾ ਕਿਹਾ ਹੈ ਕਿ ਸਾਨੂੰ ਰਾਜ, ਪ੍ਰਸਿੱਧੀ, ਸਵਰਗ ਜਾਂ ਮੋਕਸ਼ ਦੀ ਜ਼ਰੂਰਤ ਨਹੀਂ, ਸਾਨੂੰ ਤਾਂ ਦੂਜਿਆਂ ਦੇ ਦੁੱਖ ਦੂਰ ਕਰਨ ਵਿਚ ਲਗਾਤਾਰ ਲੱਗੇ ਰਹਿਣਾ ਹੈ। ਹਰ ਰੂਹਾਨੀ ਵਿਅਕਤੀ ਲਈ ਇਹ ਵਿਆਪਕ ਨਜ਼ਰੀਆ ਆਦਰਸ਼ ਹੋਣਾ ਚਾਹੀਦਾ ਹੈ। ਗਿਆਨ, ਆਤਮਬਲ ਅਤੇ ਚੜ੍ਹਤ ਦਾ ਭੰਡਾਰ ਇਕੱਠਾ ਕੀਤਾ ਜਾਵੇ ਪਰ ਉਸ ਦਾ ਲਾਭ ਲੋਕਾਂ ਤੇ ਸਮਾਜ ਤੱਕ ਪਹੁੰਚੇ, ਇਹੀ ਗਿਆਨ ਯੱਗ ਦੀ ਹਕੀਕੀ ਸਾਧਨਾ ਹੈ। ਰਿਸ਼ੀ-ਮੁਨੀ ਇਸੇ ਉਦੇਸ਼ ਨਾਲ ਆਪਣੀਆਂ ਪ੍ਰਾਪਤੀਆਂ ਦਾ ਲੋਕ ਭਲਾਈ ਵਿਚ ਵਿਸਥਾਰ ਕਰਦੇ ਸਨ। ਇਸ ਦੇ ਉਲਟ, ਜੇ ਕੋਈ ਸਾਧਕ ਆਪਣੀ ਪ੍ਰਾਪਤੀ ਨੂੰ ਸਿਰਫ਼ ਨਿੱਜੀ ਸਵਾਰਥ ਤੱਕ ਸੀਮਤ ਰੱਖੇ ਤਾਂ ਉਹ ਉਸ ਧਨਾਢ ਤੋਂ ਵੀ ਗਿਆ-ਗੁਜ਼ਰਿਆ ਹੈ ਜੋ ਘੱਟੋ-ਘੱਟ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਤਾਂ ਕਰਦਾ ਹੈ।

ਭਾਰਤੀ ਸੰਸਕ੍ਰਿਤੀ ਵਿਚ ਦਾਨ-ਸੰਸਕ੍ਰਿਤੀ ਇਸ ਲਈ ਮਸ਼ਹੂਰ ਰਹੇ ਹਨ ਕਿ ਸੰਗ੍ਰਹਿ ਕਰਨਾ ਤਦ ਹੀ ਸਾਰਥਕ ਹੈ ਜਦੋਂ ਉਸ ਦਾ ਇਕ ਅੰਸ਼ ਪਰਮਾਰਥ, ਲੋਕ-ਭਲਾਈ ਅਤੇ ਸਮਾਜ ਦੇ ਕਰਜ਼ੇ ਤੋਂ ਮੁਕਤ ਹੋਣ ਵਿਚ ਲਗਾਇਆ ਜਾਵੇ। ਦਰਅਸਲ, ਸੰਗ੍ਰਹਿ ਕਰਨਾ ਇਕ ਸ਼ਰਾਪ ਹੈ ਜੇਕਰ ਉਸ ਦੇ ਨਾਲ ਸਦਉਪਯੋਗ ਅਤੇ ਸਮਾਜ ਉਪਯੋਗੀ ਵਿਤਰਣ ਨਾ ਜੁੜਿਆ ਹੋਵੇ। ਕੁਦਰਤ ਨਿਰੰਤਰ ਦਿੰਦੀ ਹੈ ਅਤੇ ਇਹੀ ਸੰਦੇਸ਼ ਮਨੁੱਖ ਨੂੰ ਵੀ ਅਪਣਾਉਣਾ ਚਾਹੀਦਾ ਹੈ।







# ਚਿੜੀ ਦਾ ਆਲ੍ਹਣਾ

ਸਵੇਰ ਦੀ ਹਲਕੀ ਧੁੱਪ ਦੀਆਂ ਕਿਰਨਾਂ ਮੇਰੇ ਘਰ ਦੇ ਬਗੀਚੇ ਵਿੱਚ ਲੱਗੇ ਇੱਕ ਰੁੱਖ ਦੀਆਂ ਟਾਹਣੀਆਂ ਵਿੱਚੋਂ ਆਪਣੀ ਰੌਸ਼ਨੀ ਬਿਖੇਰ ਰਹੀਆਂ ਸਨ। ਪਿਛਲੀ ਰਾਤ ਪਏ ਮੀਂਹ ਦੀ ਨਮੀ ਹਾਲੇ ਵੀ ਹਵਾ ਵਿੱਚ ਬਰਕਰਾਰ ਸੀ। ਮੈਂ ਆਪਣੀ ਪੰਜ ਸਾਲ ਦੀ ਧੀ ਗੁਰਮਿਹਰ ਕੌਰ ਨਾਲ ਬਗੀਚੇ ਵਿੱਚ ਖਿੜੇ ਫੁੱਲਾਂ ਨੂੰ ਨਿਹਾਰ ਰਿਹਾ ਸੀ ਕਿ ਅਚਾਨਕ ਮੇਰੀ ਨਜ਼ਰ ਰੁੱਖ ਦੀ ਇੱਕ ਟਾਹਣੀ 'ਤੇ ਪਈ, ਜਿੱਥੇ ਇੱਕ ਚਿੜੀ ਨੇ ਆਪਣਾ ਆਲ੍ਹਣਾ ਬਣਾਇਆ ਹੋਇਆ ਸੀ।

ਮੈਂ ਝੱਟ ਆਪਣੀ ਧੀ ਨੂੰ ਉਹ ਆਲ੍ਹਣਾ ਦਿਖਾਉਂਦਿਆਂ ਕਿਹਾ "ਲੱਗਦਾ ਹੈ ਚਿੜੀ ਕੁਝ ਦਿਨਾਂ ਤੱਕ ਇਸ ਆਲ੍ਹਣੇ ਵਿੱਚ ਆਂਡੇ ਦੇਵੇਗੀ।"ਮੇਰੀ ਇਹ ਗੱਲ ਗੁਰਮਿਹਰ ਲਈ ਇੱਕ ਵੱਖਰੀ ਹੀ ਖੁਸ਼ੀ ਦਾ ਕਾਰਨ ਬਣ ਗਈ। ਉਹ ਹਰ ਰੋਜ਼ ਸਵੇਰੇ ਇਸ ਆਸ ਵਿੱਚ ਆਲ੍ਹਣੇ ਨੂੰ ਵੇਖਦੀ ਕਿ ਸ਼ਾਇਦ ਚਿੜੀ ਨੇ ਆਂਡੇ ਦੇ ਦਿੱਤੇ ਹੋਣਗੇ। ਇੱਕ ਦਿਨ ਮਾਲੀ ਬਗੀਚੇ ਵਿੱਚ ਰੁੱਖਾਂ ਦੀ ਛੰਗਾਈ ਕਰ ਰਿਹਾ ਸੀ ਤਾਂ ਗੁਰਮਿਹਰ ਭੱਜੀ-ਭੱਜੀ ਬਗੀਚੇ ਵਿੱਚ ਗਈ ਤੇ ਮਾਲੀ ਨੂੰ ਉਸ ਰੁੱਖ ਦੀ ਛੰਗਾਈ ਕਰਨ ਤੋਂ ਰੋਕ ਦਿੱਤਾ। ਮਾਲੀ ਨੇ ਵੀ ਹੱਸ ਕੇ ਉਸ ਦੀ ਗੱਲ ਮੰਨ ਲਈ।

ਅਖੀਰ ਉਹ ਦਿਨ ਆ ਗਿਆ ਤੇ ਆਲ੍ਹਣੇ ਵਿੱਚ ਪਏ ਤਿੰਨ ਛੋਟੇ-ਛੋਟੇ ਆਂਡੇ ਵੇਖ ਕੇ ਗੁਰਮਿਹਰ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਗੁਰਮਿਹਰ ਮੈਨੂੰ ਰੋਜ਼ ਇੱਕੋ ਸਵਾਲ ਕਰਦੀ "ਪਾਪਾ, ਆਂਡਿਆਂ ਵਿੱਚੋਂ ਬੱਚੇ ਕਦੋਂ ਨਿਕਲਣਗੇ?"ਮੈਂ ਕਹਿੰਦਾ "ਧੀਏ, ਜਲਦੀ ਨਿਕਲਣਗੇ। ਕੁਝ ਦਿਨਾਂ ਬਾਅਦ ਆਂਡਿਆਂ ਵਿੱਚੋਂ ਨੰਨ੍ਹੇ ਨੰਨ੍ਹੇ ਬੋਟ ਨਿਕਲੇ, ਉਹ ਆਪਣੇ ਛੋਟੇ-ਛੋਟੇ ਪਰਾਂ ਨੂੰ ਹੌਲੀ-ਹੌਲੀ ਹਿਲਾਉਂਦੇ ਤੇ ਸਾਡੇ ਨਜ਼ਦੀਕ ਜਾਣ 'ਤੇ ਚੀਕਾਂ ਮਾਰਦੇ। ਚਿੜੀ ਦੇ ਬੱਚਿਆਂ ਨੂੰ ਵੇਖ ਕੇ ਗੁਰਮਿਹਰ ਖਿੜ ਖਿੜਾ ਕੇ ਹੱਸਦੀ ਤੇ ਮੈਨੂੰ ਕਹਿੰਦੀ "ਪਾਪਾ, ਇਹ ਵੱਡੇ ਕਦੋਂ ਹੋਣਗੇ?"ਮੈਂ ਕਹਿੰਦਾ "ਧੀਏ, ਛੇਤੀ ਹੀ ਵੱਡੇ ਹੋ ਜਾਣਗੇ। ਉਹ ਕਹਿੰਦੀ "ਜਦੋਂ ਇਹ ਵੱਡੇ ਹੋ ਕੇ ਉੱਡਣ ਲੱਗ ਜਾਣਗੇ ਤਾਂ ਮੈਂ ਇਨ੍ਹਾਂ ਨਾਲ ਖੇਡਿਆ ਕਰਾਂਗੀ। ਗੁਰਮਿਹਰ ਚਿੜੀ ਤੇ ਉਸ ਦੇ ਬੱਚਿਆਂ ਲਈ ਇੱਕ ਕਟੋਰੀ ਵਿੱਚ ਪਾਣੀ ਤੇ ਇੱਕ ਕਟੋਰੀ ਵਿੱਚ ਦਾਣੇ ਪਾ ਕੇ ਰੱਖਦੀ।

ਇੱਕ ਦਿਨ ਮਾਲੀ ਨੇ ਆਲ੍ਹਣੇ ਵਾਲੀ ਟਾਹਣੀ ਨੂੰ ਬਚਾ ਕੇ ਆਸ-ਪਾਸ ਦੀਆਂ ਟਾਹਣੀਆਂ ਦੀ ਛੰਗਾਈ ਕਰ ਦਿੱਤੀ, ਜਿਸ ਕਾਰਨ ਆਲ੍ਹਣੇ ਨੂੰ ਟਾਹਣੀਆਂ ਦੀ ਓਟ ਨਾ ਰਹੀ। ਇਹ ਵੇਖ ਕੇ ਗੁਰਮਿਹਰ ਬਹੁਤ ਗੁੱਸਾ ਹੋਈ ਤੇ ਇਤਫ਼ਾਕਨ ਉਸੇ ਰਾਤ ਬਹੁਤ ਜ਼ੋਰਦਾਰ ਮੀਂਹ ਪਿਆ। ਲਿਸ਼ਕਦੀ ਬਿਜਲੀ ਅਤੇ ਗਰਜਦੇ ਬੱਦਲਾਂ ਦੀ ਆਵਾਜ਼ ਸੁਣ ਕੇ ਗੁਰਮਿਹਰ ਮੈਨੂੰ ਪੁੱਛਦੀ "ਪਾਪਾ, ਕਿਤੇ ਚਿੜੀ ਦਾ ਆਲ੍ਹਣਾ ਤਾਂ ਨਹੀਂ ਟੁੱਟ ਜਾਵੇਗਾ?"ਮੈਂ ਕਿਹਾ "ਧੀਏ, ਆਪਾਂ ਰੱਬ ਨੂੰ ਅਰਦਾਸ ਕਰਦੇ ਹਾਂ ਕਿ ਰੱਬਾ ਚਿੜੀ ਦਾ ਆਲ੍ਹਣਾ ਬਚਾ ਲਈਂ। ਮੈਂ ਵੇਖਿਆ ਗੁਰਮਿਹਰ ਅੱਖਾਂ ਬੰਦ ਕਰਕੇ, ਦੋਵੇਂ ਹੱਥ ਜੋੜ ਕੇ ਮੂੰਹ ਵਿੱਚ ਕੁਝ ਬੋਲ ਰਹੀ ਸੀ, ਸ਼ਾਇਦ ਇਹ ਉਸ ਦੀ ਅਰਦਾਸ ਸੀ। ਅਗਲੀ ਸਵੇਰ ਉੱਠਦਿਆਂ ਹੀ ਗੁਰਮਿਹਰ ਪਹਿਲਾਂ ਬਗੀਚੇ ਵਿੱਚ ਗਈ ਤੇ



ਆਲ੍ਹਣੇ ਨੂੰ ਸਹੀ ਸਲਾਮਤ ਵੇਖ ਕੇ ਉਸ ਨੂੰ ਚੈਨ ਆਇਆ।

ਕੁਝ ਦਿਨਾਂ ਬਾਅਦ ਜਦੋਂ ਮੇਰੇ ਨਾਲ ਗੁਰਮਿਹਰ ਆਲ੍ਹਣੇ ਵਿੱਚ ਪਏ ਛੋਟੇ-ਛੋਟੇ ਬੱਚਿਆਂ ਨੂੰ ਵੇਖ ਰਹੀ ਸੀ ਤਾਂ ਅਚਾਨਕ ਚਿੜੀ ਦਾ ਇੱਕ


**ਹਰਪ੍ਰੀਤ ਸਿੰਘ ਸਵੈਚ**

ਬੱਚਾ ਸ਼ਾਇਦ ਡਰ ਕੇ ਆਲ੍ਹਣੇ ਵਿੱਚੋਂ ਉੱਡਿਆ ਤੇ ਹੇਠਾਂ ਬਗੀਚੇ ਵਿਚਲੇ ਫੁੱਲਾਂ ਪਿੱਛੇ ਛੁਪ ਗਿਆ। ਬਾਕੀ ਦੋਵੇਂ ਬੱਚੇ ਆਲ੍ਹਣੇ ਵਿੱਚ ਹੀ ਸਨ, ਸ਼ਾਇਦ ਉਨ੍ਹਾਂ ਨੂੰ ਹਾਲੇ ਉੱਡਣਾ ਨਹੀਂ ਸੀ ਆਉਂਦਾ। ਗੁਰਮਿਹਰ ਖਿੜ ਖਿੜਾ ਕੇ ਉਸ ਚਿੜੀ ਦੇ ਬੱਚੇ ਦੇ ਪਿੱਛੇ-ਪਿੱਛੇ ਭੱਜਦੀ ਤੇ ਉਹ ਛੋਟੀ ਜਿਹੀ ਉਡਾਣ ਭਰ ਕੇ ਕਿਸੇ ਹੋਰ ਫੁੱਲ ਦੇ ਪਿੱਛੇ ਛੁਪ ਜਾਂਦਾ। ਗੁਰਮਿਹਰ ਨੂੰ ਇਸ ਤਰ੍ਹਾਂ ਚਹਿਚਹਾਉਂਦੇ ਵੇਖ ਦਿਲ ਨੂੰ ਬਹੁਤ ਸਕੂਨ ਮਿਲਦਾ। ਗੁਰਮਿਹਰ ਨੇ ਉਨ੍ਹਾਂ ਤਿੰਨਾਂ ਬੱਚਿਆਂ ਦੇ ਨਾਂ ਵੀ ਰੱਖ ਦਿੱਤੇ। ਮੈਂ ਪੁੱਛਿਆ "ਤੂੰ ਇਨ੍ਹਾਂ ਨੂੰ ਪਛਾਣੇਗੀ ਕਿਵੇਂ? ਇਹ ਤਾਂ ਤਿੰਨੋ ਇੱਕੋ ਜਿਹੇ ਲੱਗਦੇ ਹਨ। ਗੁਰਮਿਹਰ ਕਹਿੰਦੀ "ਪਾਪਾ, ਜਦੋਂ ਇਹ ਥੋੜ੍ਹਾ ਵੱਡੇ ਹੋ ਜਾਣਗੇ ਤਾਂ ਮੈਂ ਇਨ੍ਹਾਂ ਦੀ ਪਿੱਠ 'ਤੇ ਰੰਗਾਂ ਨਾਲ ਇਨ੍ਹਾਂ ਦੇ ਨਾਂ ਲਿਖ ਦਿਆਂਗੀ। "ਹਾਂ ਇਹ ਬਿਲਕੁਲ ਠੀਕ ਹੈ" ਮੈਂ ਵੀ ਉਸ ਦੀ ਗੱਲ ਵਿੱਚ ਹਾਮੀ ਭਰਦਿਆਂ ਆਖਿਆ।

ਦਿਨ ਬੀਤਦੇ ਗਏ ਤੇ ਚਿੜੀ ਦੇ ਤਿੰਨਾਂ ਬੱਚਿਆਂ ਨੇ ਛੋਟੀਆਂ-ਛੋਟੀਆਂ ਉਡਾਣਾਂ ਭਰਨੀਆਂ ਸਿੱਖ ਲਈਆਂ। ਜਿਉਂ ਹੀ ਗੁਰਮਿਹਰ ਆਲ੍ਹਣੇ ਕੋਲ ਜਾਂਦੀ ਤਾਂ ਤਿੰਨੇ ਬੱਚੇ ਬਗੀਚੇ ਵਿੱਚ ਇੱਧਰ-ਉੱਧਰ ਉੱਡਦੇ ਰਹਿੰਦੇ ਤੇ ਗੁਰਮਿਹਰ ਉਨ੍ਹਾਂ ਦੇ ਪਿੱਛੇ-ਪਿੱਛੇ ਭੱਜਦੀ ਰਹਿੰਦੀ। ਇੱਕ ਦਿਨ ਮਾਲੀ ਕੋਲੋਂ ਗ਼ਲਤੀ ਨਾਲ ਆਲ੍ਹਣੇ ਵਾਲੀ ਟਾਹਣੀ ਛਾਂਗੀ ਗਈ ਤੇ ਆਲ੍ਹਣਾ ਟਾਹਣੀ ਸਮੇਤ ਹੇਠਾਂ ਗਿਰ ਗਿਆ। ਆਲ੍ਹਣਾ ਗਿਰਦੇ ਹੀ ਚਿੜੀ ਦੇ ਬੱਚੇ ਇੱਧਰ-ਉੱਧਰ ਉੱਡ ਗਏ ਤੇ ਮਾਲੀ ਨੇ ਆਲ੍ਹਣਾ ਚੁੱਕ ਕੇ ਦੁਬਾਰਾ ਰੁੱਖ ਨਾਲ ਟੰਗ ਦਿੱਤਾ। ਜਦੋਂ ਮਾਲੀ ਨੇ ਮੈਨੂੰ ਇਸ ਬਾਰੇ ਦੱਸਿਆ ਤਾਂ ਮੇਰਾ ਦਿਲ ਬਹੁਤ ਉਦਾਸ ਹੋਇਆ। ਇਹ ਉਦਾਸੀ ਚਿੜੀ ਦੇ ਆਲ੍ਹਣੇ ਦੇ ਟੁੱਟਣ ਦੀ ਤਾਂ ਘੱਟ ਸੀ, ਪਰ ਇਸ ਬਾਰੇ ਪਤਾ ਲੱਗਣ 'ਤੇ ਗੁਰਮਿਹਰ ਦੇ ਚਿਹਰੇ 'ਤੇ ਛਾਉਣ ਵਾਲੀ ਗ਼ਮਗੀਨੀ ਦੀ ਜ਼ਿਆਦਾ ਸੀ। ਮੈਂ ਆਲ੍ਹਣੇ ਵਿੱਚ ਚਿੜੀ ਤੇ ਉਸ ਦੇ ਬੱਚਿਆਂ ਦੇ ਵਾਪਸ ਆਉਣ ਦੀ ਉਡੀਕ ਕਰਦਾ ਰਿਹਾ, ਪਰ ਉਹ ਵਾਪਸ ਨਹੀਂ ਪਰਤੇ।

ਗੁਰਮਿਹਰ ਸਕੂਲੋਂ ਆਉਂਦਿਆਂ ਹੀ ਰੋਜ਼ ਵਾਂਗ ਸਿੱਧਾ ਬਗੀਚੇ ਵਿੱਚ ਗਈ ਤੇ ਆਲ੍ਹਣਾ ਖਾਲੀ ਵੇਖ ਕੇ ਉਸ ਦਾ ਚਿਹਰਾ ਲਮਕ ਗਿਆ। ਉਸ ਨੇ ਸਾਰੇ ਬਗੀਚੇ ਵਿੱਚ ਵੇਖਿਆ, ਪਰ ਚਿੜੀ ਦੇ ਬੱਚੇ ਨਹੀਂ ਥਿਆਏ। ਉਹ ਭੱਜੀ ਭੱਜੀ ਮੇਰੇ ਕੋਲ ਆਈ ਤੇ ਪੁੱਛਿਆ "ਪਾਪਾ, ਚਿੜੀ ਦੇ ਬੱਚੇ ਕਿੱਥੇ ਗਏ? "ਪੁੱਤਰ, ਚਿੜੀ ਦੇ ਬੱਚੇ ਹੁਣ ਉੱਡਣਾ ਸਿੱਖ ਗਏ ਤੇ ਲੱਗਦਾ ਹੈ ਉਹ ਉੱਡ ਕੇ ਆਪਣੇ ਨਵੇਂ ਘਰ ਵਿੱਚ ਚਲੇ ਗਏ।"ਮੈਂ ਥੋੜ੍ਹਾ ਸੰਭਲ ਕੇ ਬੋਲਿਆ। ਗੁਰਮਿਹਰ ਦੀਆਂ ਅੱਖਾਂ ਪਾਣੀ ਨਾਲ ਭਰ ਗਈਆਂ ਸਨ। ਉਸ ਨੇ ਪੁੱਛਿਆ "ਪਾਪਾ, ਕੀ ਉਨ੍ਹਾਂ ਨੂੰ ਸਾਡਾ ਘਰ ਪਸੰਦ ਨਹੀਂ ਆਇਆ?"ਮੈਂ ਆਖਿਆ "ਪੁੱਤਰ, ਜਦੋਂ ਬੱਚੇ ਵੱਡੇ ਹੋ ਜਾਂਦੇ ਹਨ ਤਾਂ ਉਹ ਆਪਣੇ ਨਵੇਂ ਘਰ ਚਲੇ ਜਾਂਦੇ ਹਨ।"ਮਾਸੂਮ ਜਿਹੀ ਆਵਾਜ਼ ਵਿੱਚ ਉਸ ਨੇ ਪੁੱਛਿਆ "ਪਾਪਾ, ਜਦੋਂ ਮੈਂ ਵੱਡੀ ਹੋ ਜਾਵਾਂਗੀ ਤਾਂ ਕੀ ਮੈਂ ਵੀ ਆਪਣੇ ਨਵੇਂ ਘਰ ਚਲੀ ਜਾਵਾਂਗੀ?" ਗੁਰਮਿਹਰ ਦੀ ਇਹ ਗੱਲ ਸੁਣ ਕੇ ਮੈਂ ਉਸ ਨੂੰ ਆਪਣੀਆਂ ਬਾਹਾਂ ਵਿੱਚ ਲੈ ਲਿਆ। ਮੈਂ ਭਵਿੱਖ ਬਾਰੇ ਸੋਚਣ ਲੱਗਾ ਕਿ ਧੀਏ, ਜਦੋਂ ਤੂੰ ਆਪਣੇ ਨਵੇਂ ਘਰ ਚਲੀ ਜਾਵੇਂਗੀ ਤਾਂ ਇਸ ਘਰ ਵਿੱਚ ਹਮੇਸ਼ਾਂ ਤੇਰੇ ਇੰਤਜ਼ਾਰ ਦਾ ਫੁੱਲ ਖਿੜਿਆ ਰਹੇਗਾ। ਅਚਾਨਕ ਇੱਕ ਰੰਗ ਬਿਰੰਗੀ ਤਿੱਤਲੀ ਬਗੀਚੇ ਵਿੱਚ ਲੱਗੇ ਫੁੱਲ 'ਤੇ ਬੈਠ ਗਈ। ਉਸ ਤਿੱਤਲੀ ਨੂੰ ਵੇਖ ਕੇ ਗੁਰਮਿਹਰ ਦੀਆਂ ਮਾਸੂਮ ਅੱਖਾਂ ਵਿੱਚ ਖੁਸ਼ੀ ਦੀ ਚਮਕ ਵਾਪਸ ਆ ਗਈ ਤੇ ਉਹ ਤਿੱਤਲੀ ਦੇ ਪਿੱਛੇ-ਪਿੱਛੇ ਭੱਜਣ ਲੱਗੀ। ਮੈਨੂੰ ਇੰਝ ਜਾਪਿਆ ਜਿਵੇਂ ਗੁਰਮਿਹਰ ਦੇ ਖੇੜੇ ਦੀ ਖੁਸ਼ਬੂ ਸਾਰੇ ਬਗੀਚੇ ਵਿੱਚ ਫੈਲ ਗਈ ਹੋਵੇ।

# ਮਾਂ ਦੀ ਵਹਿੰਗੀ ਦਾ ਭਾਰ



'ਵੇ ਪੁੱਤ! ਮੈਨੂੰ ਦੋ ਕੁ ਹਜ਼ਾਰ ਰੁਪਏ ਦੇ ਜਾ।' ਅੰਤਿਮ ਅਰਦਾਸ ਹੋਣ ਤੋਂ ਬਾਅਦ ਉਹ ਦੋਵੇਂ ਮਾਂ - ਪੁੱਤ ਬਾਹਰ ਵਿਹੜੇ ਵਿਚ ਵਰਤਾਈ ਜਾ ਰਹੀ ਚਾਹ ਪੀ ਰਹੇ ਸਨ। ਉਸ ਦਾ ਪੁੱਤ ਕਿਸੇ ਦੂਸਰੇ ਸ਼ਹਿਰ ਰਹਿੰਦਾ ਸੀ। ਕਿਸੇ ਮਹਿਕਮੇ ਵਿਚ ਇੰਸਪੈਕਟਰ ਲੱਗਿਆ ਹੋਇਆ ਸੀ। ਲਗਭੱਗ ਸਾਲ ਹੋ ਗਿਆ ਸੀ ਮਿਲਿਆਂ ਨੂੰ।

**ਪਵਨ ਪੰਜਾਬੀ**

=ਤੂੰ ਕੀ ਕਰਨੇ ਨੇ ਐਨੇ ਨੋਟ?' ਆਖ ਕੇ ਪੁੱਤ ਮੂੰਹ ਦੂਸਰੇ ਪਾਸੇ ਕਰਕੇ ਚਾਹ ਦੀਆਂ ਚੁਸਕੀਆਂ ਲੈਣ ਲੱਗ ਪਿਆ।

'ਨਾ ਬੱਸ ਊਈਂ। ਨਾਲੇ ਤੂੰ ਮੂੰਹ ਤਾਂ ਉਰ੍ਹਾਂ ਕਰ ਲੈ, ਕਿਵੇਂ ਓਪਰਿਆਂ ਵਾਂਗ......?' ਮਾਂ ਨੇ ਜਿਵੇਂ ਹਉਕਾ ਲਿਆ।

'ਨਾ ਫੇਰ ਵੀ...?' ਪੁੱਤ ਨੇ ਮਾਂ ਵੱਲ ਮੂੰਹ ਕਰਕੇ ਪੁੱਛਿਆ।

'ਕੋਈ ਆ ਊਂ ਜਾਂਦੈ ਪੁੱਤ। ਸੌ ਪੰਜਾਹ ਦੇਣੇ ਪੈ ਜਾਂਦੇ ਆ। ਕੋਈ ਮਾੜਾ ਮੰਗਤਾ ਈ ਆ ਜਾਂਦੈ। ਤੂੰ ਤਾਂ ਦੂਰ ਰਹਿਨੈਂ ਪੁੱਤ। ਕਦੇ ਤਾਂ.....!' ਮਾਂ ਜਿਵੇਂ ਮੰਗਤੀ ਬਣੀ ਖੜ੍ਹੀ ਸੀ।

'ਨਾ ਤੇਰੀ ਪੈਨਸ਼ਨ ਨੀ ਮਿਲਦੀ? ਨਾਲੇ ਜਿਹੜੇ ਪੁੱਤ ਕੋਲ ਤੂੰ ਰਹਿਨੀ ਏਂ, ਉਹ ਨੀ ਦਿੰਦਾ ਕੁਝ ? ਪੁੱਤ ਨੇ ਮਾਂ ਦੇ ਮੂੰਹ ਵੱਲ ਟੇਢਾ ਟੇਢਾ ਝਾਕਦਿਆਂ ਪੁੱਛਿਆ।

'ਪੈਨਸ਼ਨ ਤਾਂ ਪੁੱਤ ਦਵਾਈ ਬੂਟੀ 'ਤੇ ਲੱਗ ਜਾਂਦੀ ਐ। ਨਾਲੇ ਪੰਦਰਾਂ ਸੌ ਨਾਲ ਕੀ ਬਣਦੈ ਪੁੱਤ। ਫੇਰ ਚਾਰ ਚਾਰ ਮਹੀਨੇ ਮਿਲਦੀ ਵੀ ਤਾਂ ਨੀ।' ਮਾਂ ਦੀ ਆਸ ਹਾਲੇ ਟੁੱਟੀ ਨਹੀਂ ਸੀ।

'ਨਾ ਉਹ ਨੀ ਦਿੰਦਾ ਕੁਝ.......?'

'ਸਾਸਰੀ ਕਾਲ ਇੰਸਪੈਕਟਰ ਸਾਬ' ਪੁੱਤ ਦੀ ਗੱਲ ਹਾਲੇ ਵਿਚਾਲੇ ਹੀ ਸੀ,ਉਹ ਕਿਸੇ ਜਾਣੂ ਦੀ ਸਤਿ ਸ੍ਰੀ ਆਕਾਲ ਦਾ ਜਵਾਬ ਦੇਣ ਲੱਗ ਪਿਆ।

'ਪੁੱਤ ਮੈਂ ਤਾਂ ਕਦੇ.......?' ਮਾਂ ਸ਼ਾਇਦ ਕਹਿਣਾ ਚਾਹੁੰਦੀ ਕਿ ਪੁੱਤ ਮੈਂ ਤਾਂ ਕਦੇ ਤੇਰੀ ਤਨਖ਼ਾਹ ਬਾਰੇ ਪੁੱਛਿਆ ਨਹੀਂ, ਪਰ ਤੂੰ ਮੇਰੀ ਪੈਨਸ਼ਨ ਬਾਰੇ ......। ਪਰ ਉਸ ਦੇ ਮੂੰਹੋਂ ਇਸ ਤੋਂ ਬਾਅਦ ਇਕ ਵੀ ਸ਼ਬਦ ਨਾ ਨਿਕਲਿਆ। ਪੁੱਤ ਕਦੋਂ ਦਾ ਆਪਣੀ ਸਰਕਾਰੀ ਗੱਡੀ ਵਿਚ ਬਹਿਕੇ ਜਾ ਚੁੱਕਿਆ ਸੀ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਚੁੱਪ ਦਾ ਸੰਦੇਸ਼

ਚੁੱਪ
ਖੁਦ ਵਿੱਚ ਇੱਕ ਬ੍ਰਹਮੰਡ ਹੈ।
ਉਸ ਚੁੱਪ ਦੇ ਕੇਂਦਰ ਵਿੱਚ—
ਇੱਕ ਨਾਮ
ਧੀਰਾ, ਅਟੱਲ, ਪੱਥਰ ਵਾਂਗ ਨਿਰਵਿਕਾਰ—
ਤੇਗ਼ ਬਹਾਦਰ।
ਇਹ ਕਹਾਣੀ ਸਿਰਾਂ ਦੀ ਨਹੀਂ,
ਵਿਚਾਰਾਂ ਦੀ ਹੈ।
ਜਿੱਥੇ ਧਰਮ ਰੂਪ ਨਹੀਂ,
ਸਾਹ ਵਾਂਗ ਹੈ—
ਅਦ੍ਰਿਸ਼ਟ, ਪਰ ਜੀਉਣ ਲਈ ਲਾਜ਼ਮੀ।
ਉਹ ਖੜੇ ਸਨ
ਮੱਧ ਵਿਚ ਮਨੁੱਖਤਾ ਦੇ ਡੋਲਦੇ ਪਾਸੇ,
ਜਿਵੇਂ ਕੋਈ ਯੋਗੀ
ਇੱਕੋ ਸਮੇਂ ਅਕਾਸ਼
ਅਤੇ ਧਰਤੀ ਨੂੰ ਸਾਹ ਵਿਚ ਰੱਖੇ।
ਨੇਤਰਾਂ ਵਿੱਚ ਸ਼ਾਂਤੀ ਸੀ—
ਅਸੀਮ ਤਪ ਦੀ,
ਉਹ ਸ਼ਾਂਤੀ ਜੋ ਤਲਵਾਰ ਨੂੰ ਵੀ ਨਮਰ ਕਰ ਦੇਵੇ
ਅਤੇ ਕਾਲ ਨੂੰ ਚੁਪ।
ਦਿੱਲੀ ਦਾ ਚਬੂਤਰਾ
ਇਤਿਹਾਸ ਦਾ ਮੌਨ-ਸੰਨ ਕਤਰਾ ਸੀ—
ਜਿੱਥੇ ਇੱਕ ਸਿਰ ਡਿਗਿਆ
ਮਗਰੋਂ ਧਰਮ ਅਸਮਾਨ ਵਾਂਗ ਅਡੋਲ ਹੋ ਗਿਆ।
ਮੌਤ ਉਥੇ
ਹਾਰ ਨਹੀਂ,
ਇੱਕ ਦਸਤਖ਼ਤ ਸੀ—
ਸੱਚ ਦੇ ਪਰਵਾਨੇ 'ਤੇ।
ਚੁੱਪ ਨੇ ਉਥੇ ਬੋਲਿਆ
ਜਿੱਥੇ ਸ਼ਬਦ ਬੇਸਹਾਰਾ ਸਨ।
ਤੂੰ ਸ਼ਹੀਦ ਨਹੀਂ ਕੇਵਲ,
ਤੂੰ ਇੱਕ ਪ੍ਰਸ਼ਨ ਹੈ—
ਅਸੀਂ ਕਿਸ ਮੁੱਲ ਤੇ ਸੱਚ ਬਚਾ ਸਕਦੇ ਹਾਂ?
ਕਿੱਥੇ ਵਿਚਾਰ
ਜੀਵਨ ਨਾਲੋਂ ਵੱਡਾ ਹੋ ਜਾਂਦਾ ਹੈ?
ਤੇਰੇ ਨਾਮ ਨਾਲ
ਮਨ ਵਿਚ ਇੱਕ ਨਦੀ ਚੱਲ ਪੈਂਦੀ ਹੈ—
ਗਹਿਰੀ, ਨੀਲੀ, ਅਧਰਾਤ ਵਰਗੀ,
ਜਿਥੇ ਡੁੱਬ ਕੇ ਪਤਾ ਲੱਗਦਾ ਹੈ
ਕਿ ਜੋ ਅਮਰ ਹੈ
ਉਹ ਸ਼ਰੀਰ ਨਹੀਂ—
ਵਿਚਾਰ ਹੈ।
ਗੁਰੂ ਤੇਗ਼ ਬਹਾਦਰ—
ਇੱਕ ਨਮਨ
ਸ਼ਾਂਤੀ ਦੇ ਸਰੂਪ ਨੂੰ,
ਅਤੇ ਉਸ ਹਿੰਮਤ ਨੂੰ
ਜੋ ਚੁੱਪ ਵਿੱਚ ਚੀਖਦੀ ਨਹੀਂ,
ਪਰ ਸੰਸਾਰ ਨੂੰ ਸੁਣਾਉਂਦੀ ਹੈ।



- ਡਾ. ਜਸਬੀਰ ਸਿੰਘ ਸਰਨਾ
jbsingh.801@gmail.com

## ਜੱਗ ਦਾ ਵਰਤਾਰਾ

ਕੌਣ ਕਿਸੇ ਦੀ ਆਈ ਮਰਦਾ,
ਸਭ ਨੂੰ ਆਪਣੀ ਆਪਣੀ ਪਈ ਹੈ।
ਪਿਛਲੇ ਪੈਰੀਂ ਸਭ ਭੱਜ ਜਾਂਦੇ,
ਪੈਂਦਾ ਅਗਲਾ ਜਦੋਂ ਲੈ ਕੇ ਭਈ ਹੈ।

ਖਾਂਦੇ ਪੀਂਦੇ ਸਭ ਲੱਗਦੇ ਚੰਗੇ,
ਪਰਖੇ ਜਾਂਦੇ ਜੇ ਕਿਤੇ ਲੋੜ ਪਈ ਹੈ।
ਝਿੜਕ ਜਾਂਦੇ ਕਰਕੇ ਵਾਅਦਾ,
ਯਾਰਾਂ ਦੀ ਐਸੀ ਕੀ ਥੋੜ ਪਈ ਹੈ।

ਮਾਇਆਧਾਰੀ ਦੇ ਅੱਗੇ ਪਿੱਛੇ,
ਕਾਲੇ ਧੰਨ ਦੀ ਕਿੰਝ ਰੋੜ ਪਈ ਹੈ।
ਭਾਵੇਂ ਜਾਣਦਾ ਹੈ ਜੱਗ ਸਾਰਾ,
ਪਰ ਉਸਨੂੰ ਪੈਸੇ ਦੀ ਤੋੜ ਪਈ ਹੈ।

ਦਿਨੇ ਰਾਤ ਜੋ ਹੱਡ ਭੰਨਾਉਂਦਾ,
ਟੁੱਟੀ ਬਿਚਾਰੇ ਦੀ ਕੰਗਰੋੜ ਪਈ ਹੈ।
ਮਖਾਂ ਪੈਸੇ ਨੂੰ ਪੈਸਾ ਹੈ ਖਿੱਚਦਾ,
ਪਹਿਲਾਂ ਚਾਹੇ ਲੱਖ ਕਰੋੜ ਪਈ ਹੈ।

ਜੀਂਦੇ ਜੀਅ ਨ ਕੋਈ ਤਿਆਗੇ,
ਅੰਤ ਸਮੇਂ ਤੱਕ ਲੱਗੀ ਦੌੜ ਪਈ ਹੈ।
ਹਰਿੱਕ ਜਾਣਦੈ ਨਾਲ਼ ਨਾ ਜਾਣੀ,
ਭਰਦੀ ਨ ਰੂਹ ਐਸੀ ਸੌੜ ਪਈ ਹੈ।

ਸੇਵਾ ਸਿੰਘ "ਨੂਰਪੁਰੀ"

## ਹਿੰਦ ਦੀ ਚਾਦਰ- ਗੁਰੂ ਤੇਗ ਬਹਾਦਰ

ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ
ਜਦ ਜੋਤੀ ਜੋਤ ਸਮਾਏ,
ਬਾਬਾ ਬਕਾਲਾ ਉਚਾਰ ਕੇ ਮੁੱਖ ਤੋਂ
ਉਨਾਂ ਆਖਰੀ ਸ਼ਬਦ ਸੁਣਾਏ।
ਸੰਗਤ ਸਾਰੀ ਨੇ ਪਾ ਲਏ ਚਾਲੇ
ਬਾਬਾ ਬਕਾਲਾ ਵੱਲ ਨੂੰ,
ਮਨ ਵਿੱਚ ਸੀ ਸ਼ਰਧਾ ਪੂਰੀ
ਸੁਣ ਕੇ ਗੁਰਾਂ ਦੀ ਗੱਲ ਨੂੰ।
ਬਾਈ ਮੰਜੀਆਂ ਲਾ ਕੇ ਢੰਭੀ
ਗੁਰਗੱਦੀ ਦੇ ਬਣ ਗਏ ਦਾਅਵੇਦਾਰ,
ਸੰਗਤ ਸਾਰੀ ਕਰੇ ਅਰਜੋਈ
ਰਾਹ ਦਿਖਾਵੇਂ ਆਪ ਕਰਤਾਰ।
ਮੱਖਣ ਸਾਹ ਨੇ ਜਦ ਟੇਕਿਆ ਮੱਥਾ
ਪੰਜ ਪੰਜ ਮੋਹਰਾਂ ਧਰ ਕੇ,
ਦਸਵੰਧ ਦੀ ਗੱਲ ਕਿਸੇ ਨਾ ਆਖੀ
ਜਦ ਦੇਖੀ ਪਰਖ ਕਰ ਕੇ।
ਪਿੰਡ ਦੇ ਲੋਕਾਂ ਦੱਸਿਆ ਗੁਰੂ ਇੱਕ
ਭੋਰੇ ਵਿੱਚ ਬੈਠਾ ਭਗਤੀ ਕਰਦਾ,
ਸੱਚੀ ਭਗਤੀ ਮਾਰਗ ਸੱਚ ਦਾ
ਦੁਨੀਆਦਾਰੀ ਦੀ ਪਰਵਾਹ ਨਾ ਕਰਦਾ।
ਮੱਖਣ ਸ਼ਾਹ ਨੇ ਜਾ ਕੇ ਚਰਨੀ
ਜਦ ਆਪਣਾ ਸੀਸ ਝੁਕਾਇਆ,
ਪੰਜ ਮੋਹਰਾਂ ਦੇ ਨਾਲ ਗੁਰਾਂ ਨੇ
ਦਸਵੰਧ ਦਾ ਵਾਸਤਾ ਪਾਇਆ।
ਮੱਖਣ ਸ਼ਾਹ ਦੀ ਹੋ ਗਈ ਤਸੱਲੀ
ਗੁਰਾਂ ਦੇ ਅੱਗੇ ਖੜ ਕੇ,
ਗੁਰੂ ਲਾਧੋ ਰੇ ਦਾ ਦਿੱਤਾ ਹੋਕਾ
ਕੋਠੇ ਉੱਤੇ ਚੜ੍ਹ ਕੇ।
ਨੌਂਵੇਂ ਪਾਤਸ਼ਾਹ ਗੱਦੀ ਤੇ ਬੈਠੇ
ਆਪਣਾ ਦਰਬਾਰ ਸਜਾ ਕੇ,
ਬਾਲ ਗੋਬਿੰਦ ਪਏ ਦੇਣ ਸਲਾਹਾਂ
ਪੂਰਾ ਧਿਆਨ ਲਗਾ ਕੇ।
ਕਸ਼ਮੀਰੀ ਪੰਡਿਤ ਪੇਸ਼ ਹੋਏ
ਗੁਰਾਂ ਅੱਗੇ ਫਰਿਆਦੀ ਬਣ ਕੇ,
ਔਰੰਗਜ਼ੇਬ ਨੇ ਜ਼ੁਲਮ ਹੈ ਢਾਹਿਆ
ਸਭ ਪਾਸੇ ਜਲਾਦੀ ਬਣ ਕੇ।
ਧਰਮ ਦੀ ਖ਼ਾਤਰ ਕੋਈ ਦੇਵੇ ਕੁਰਬਾਨੀ
ਹੱਥ ਜੋੜ ਕੀਤੀ ਅਰਜੋਈ,
ਬਾਲ ਗੋਬਿੰਦ ਪੁਕਾਰੇ ਮੁਖ ਤੋਂ
ਆਪ ਤੋਂ ਵੱਡਾ ਮਹਾਂਪੁਰਸ਼ ਨਾ ਕੋਈ।
ਸ਼ਬਦ ਗੁਰਾਂ ਦੇ ਸੁਣ ਕੇ ਮੁੱਖ ਤੋਂ
ਕੁਰਬਾਨੀ ਲਈ ਆਪ ਹੋਏ ਤਿਆਰ,
ਜ਼ੁਲਮਾਂ ਨੂੰ ਫਿਰ ਠੱਲ ਹੈ ਪੈਣੀ
ਧਰਮ ਵੀ ਰਹਿਣਾ ਬਰਕਰਾਰ।
ਭਾਈ ਸਤੀ ਦਾਸ,ਭਾਈ ਮਤੀ ਦਾਸ
ਤੇ ਤੀਜੇ ਗੁਰਸਿੱਖ ਭਾਈ ਦਿਆਲਾ,
ਨੌਂਵੇਂ ਗੁਰਾਂ ਨਾਲ ਮਿਲ ਕੇ ਸਭ ਨੇ
ਦਿੱਲੀ ਵੱਲ ਨੂੰ ਪਾ ਦਿੱਤਾ ਚਾਲਾ,
ਧਰਮ ਦੀ ਰੱਖਿਆ ਖ਼ਾਤਰ ਉਹਨਾਂ
ਚਾਂਦਨੀ ਚੌਕ ਵਿੱਚ ਦਿੱਤੀ ਕੁਰਬਾਨੀ,
ਕੁੱਲ ਦੁਨੀਆ ਦੇ ਇਤਿਹਾਸ 'ਚ ਧਰਮਿੰਦਰਾ
ਇਸ ਵਰਗੀ ਨਾ ਸ਼ਹਾਦਤ ਲਾਸਾਨੀ
ਇਸ ਵਰਗੀ ਨਾ ਸ਼ਹਾਦਤ ਲਾਸਾਨੀ।

ਧਰਮਿੰਦਰ ਸਿੰਘ
ਸ.ਸ.ਸ.ਸ.ਚੰਦਰਾਲਾ ਚੀਡਸਾ (ਪਟਿਆਲਾ)

## ਪੰਜਾਬ ਯੂਨੀਵਰਸਿਟੀ

ਪਹਿਲਾਂ ਟੋਟੇ ਪੰਜਾਬ ਦੇ ਹੋਏ ਕਿੰਨੇ!
ਅਜੇ ਹੋਰ ਰੱਖੋਂ ਤੁਸੀਂ ਅੱਖ 'ਪੱਤੋ'।

ਚੰਡੀਗੜ੍ਹ ਹੈ ਪੰਜਾਬ ਦੀ ਰਾਜਧਾਨੀ,
ਦੱਸੋ ਉਸ ਨੂੰ ਵੀ ਤੁਸੀਂ ਵੱਖ 'ਪੱਤੋ'।

ਰੌਲੇ ਪਾਣੀਆਂ ਦੇ ਅਜੇ ਨਹੀਂ ਨਿਬੜੇ,
ਬਣਾਈ ਭਾਖੜੇ ਨੂੰ ਬੈਠੇ ਰੱਖ 'ਪੱਤੋ'।

ਪੰਜਾਬੀ ਬੋਲਦੇ ਇਲਾਕੇ ਖੋਹ ਸਾਥੋਂ,
ਕਰੋ ਹਰਿਆਣੇ ਦਾ ਕਿਓਂ ਪੱਖ ਪੱਤੋ।

ਪੰਜਾਬ ਯੂਨੀਵਰਸਿਟੀ ਪੰਜਾਬ ਦੀ ਹੈ,
ਸਾਡੀ ਕਹਿ ਮਾਰੋ ਐਵੇਂ ਝੱਖ 'ਪੱਤੋ'।

ਹਰੀਆਂ ਅਗੂਰੀਆਂ ਓ ਚਰੋ ਸਾਥੋਂ,
ਸਾਡੇ ਵਾਸਤੇ ਪੱਲੇ ਨਾ ਕੱਖ 'ਪੱਤੋ'।

ਇਤਿਹਾਸ ਭਰਿਆ ਨਾਲ ਕੁਰਬਾਨੀਆਂ ਦੇ,
ਤਿਆਰ ਮਰਨ ਨੂੰ ਬੈਠੇ ਲੱਖ 'ਪੱਤੋ'।

ਫੁੱਲ ਗੁਲਾਬ ਵਰਗਾ ਹੈ ਪੰਜਾਬ ਸਾਡਾ,
ਅਸੀਂ ਨਹੀਂ ਬੈਠਣ ਦੇਣੀ ਮੱਖ 'ਪੱਤੋ'।

-ਹਰਪ੍ਰੀਤ ਪੱਤੋ
94658-21417

ਸ਼ਹੀਦਾਂ ਦੇ ਸਿਰਤਾਜ, ਹਿੰਦ ਦੀ ਚਾਦਰ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਮੇਰੀ ਤੁੱਛ ਜਿਹੀ ਭੇਟ:

## ਕਿਰਪਾ ਰਾਮ ਉਦਾਸ ਹੈ

ਨਮੋਸ਼ੀ ਗ੍ਰਸਿਆ ਉੱਤਰਿਆ ਰੰਗੋਂ ਬਦਰੰਗ ਚਿਹਰਾ,
ਹੀਣਤਾ ਭਰਪੂਰ ਝੁਲਸੀ ਆਤਮਾ,
ਸੀਨੇ ਵਿਚ ਰੜਕਦੀ ਚੀਸ,
ਗਲੇਡੂ ਪਥਰਾਏ ਗੱਲ੍ਹਾਂ ਤੇ ...
ਸਿਤਮ ਦੀ ਇਬਾਰਤ ਬੁੱਲ੍ਹਾਂ ਤੇ...
ਉੱਧੀ ਪਾਈਆਂ ਪੁਤਲੀਆਂ,
ਸਹਿਮਿਆ ਖੜ੍ਹਾ ਉਦਾਸ ਕਸ਼ਮੀਰੀ ਪੰਡਤ ਕਿਰਪਾ ਰਾਮ।
ਹੱਥ ਜੋੜਦਾ ਚਰਨੀਂ ਢਹਿ ਪਿਆ
ਗੁਰੂ ਤੇਗ ਬਹਾਦਰ ਦੇ ਦਰਬਾਰ।
'ਬਾਬਾ ਬਕਾਲਾ ਵਾਲਿਆ,
ਭਵਜਲ ਚੋਂ ਤਾਰਨ ਹਾਰਿਆ,
ਬੇੜਾ ਡੁੱਬਦਾ ਮੋਢਾ ਦੇ ਤਾਰਿਆ,
ਮੱਖਣ ਸ਼ਾਹ ਲੁਬਾਣੇ ਦਾ ਤੂੰ ਪਤਵਾਰ।
ਸਾਡੀ ਮਦਦ ਕਰੋ ਸਰਕਾਰ।'

ਘੋਰ ਕਲਯੁਗ ਹਿੰਦੂਆਂ ਤੇ ਆਇਆ
ਜੰਨਤ-ਏ-ਕਸ਼ਮੀਰ ਹੋ ਗਿਆ ਪਰਾਇਆ।
ਗਵਰਨਰ ਦਾ ਸ਼ਾਹੀ ਫ਼ੁਰਮਾਣ...
ਧੋਤੀ ਟੋਪੀ ਜਨੇਊ ਸਭਿਆਚਾਰ ਰੂੜ੍ਹੀ ਰਵਾਇਤਾਂ
ਕਾਫ਼ਰਾਂ ਦਾ ਕਰ ਦਿਓ ਸਫ਼ਾਇਆ।
ਖ਼ਾਲਸ ਇਸਲਾਮੀ ਰਾਜ ਬਣਾਉਣਾ,
ਨਮਾਜ਼ਾਂ ਕਲਮਾ ਪੜ੍ਹੋ, ਸੁੰਨਤ ਕਰਵਾਓ,
ਰੁਤਬੇ ਵਜ਼ੀਰੀਆਂ ਲਓ, ਮੂੰਹ ਮੰਗੀਆਂ ਮੁਰਾਦਾਂ ਪਾਓ।
ਕੁਫ਼ਰ ਹਨ ਹੋਰ ਧਰਮ ਸਾਰੇ, ਇਸਲਾਮ ਅਪਨਾਓ,
ਜਾਂ ਫਿਰ ਅਜ਼ਮਾਓ ਮੁਗ਼ਲ ਸ਼ਾਹੀ ਤਿੱਖੀ ਤਲਵਾਰ।...
ਸਾਡੀ ਰੱਖਿਆ ਕਰੋ ਸਰਕਾਰ।

ਟੈਕਸ ਜਜ਼ੀਆ ਭਾਰੀ ਪੰਡਤਾਂ ਤੇ ਲਾਇਆ,
ਜ਼ਬਰਦਸਤੀ ਕਰਦੇ ਨੇ, ਬੋਹਲ ਵੰਡਾਇਆ,
ਹਿੰਦੂ ਘਰਾਂ ਸ਼ਹਿਰਾਂ ਪਿੰਡਾਂ ਦੀ ਨਾਕਾਬੰਦੀ!
ਬੰਦੀ ਬਣਾ ਲੈ ਜਾਂਦੇ ਪੰਡਤਾਂ ਨੂੰ ਗ਼ੁਲਾਮਾਂ ਵਾਂਗ,
ਸ਼ਾਂਤੀ ਦਾ ਪ੍ਰਤੀਕ ਹਿੰਦੂ ਧਰਮ ਟਾਰਗੇਟ,
ਸੰਖਾਂ ਟੱਲੀਆਂ ਦੀ ਘੁੱਟੀ ਸੰਘੀ,
ਮੰਦਰ ਦੁਆਰੇ ਢਾਹ ਦਿੱਤੇ ਸਾਰੇ,
ਬੇਤਹਾਸ਼ਾ ਕਹਿਰ ਮਚਾਇਆ।
ਦਿਨ-ਦੀਵੀ ਨਿਧੜਕ ਡਾਕੇ,
ਥਾਂ ਥਾਂ ਮੱਚੀ ਹਾਹਾਕਾਰ।
ਸਾਡਾ ਜਿਊਣਾ ਦੁੱਭਰ ਦੁਰਕਾਰ। ...
ਸਾਡੀ ਮਦਦ ਕਰੋ ਸਰਕਾਰ।

ਲੈ ਜਾਂਦੇ ਧੂਹ ਕੇ ਜਰਵਾਣੇ ਸਰਕਾਰੀ ਏਜੰਟ ...
ਸਾਡੇ ਕੋਲੋਂ, ਸਾਡੇ ਹੱਥੋਂ ... ਸ਼ਰੇਆਮ ਦਿਨ-ਦੀਵੀ,
ਧੀਆਂ, ਭੈਣਾਂ, ਪਤਨੀਆਂ, ਮਾਵਾਂ ਨੂੰ ਸ਼ਰੇ-ਬਾਜ਼ਾਰ.
ਲੀਰੋ-ਲੀਰ ਕਰਦੇ ਜੱਗ ਜਣਨੀ ਦੀ ਮਰਯਾਦਾ,
ਇੱਜ਼ਤਾਂ ਅਜ਼ਮਤਾਂ ਦਾ ਅੰਨ੍ਹੇਵਾਹ ਖਿਲਵਾੜ.
ਅਬਲਾਵਾਂ ਸੰਗ ਦੁਸ਼ਕਰਮ, ਸਮੂਹਕ ਬਲਾਤਕਾਰ।
ਜੰਨਤ ਦੀਆਂ ਹੂਰਾਂ ਲੱਭਦੇ ਉਜਾੜ ਰਹੇ ਜੰਨਤ।
ਚੋਰਾਂ ਨਾਲ ਰਲ ਗਈ ਕੁੱਤੀ, ਖੇਤਾਂ ਨੂੰ ਖਾਂਦੀ ਵਾੜ।...
ਸਾਡੀ ਮਦਦ ਕਰੋ ਸਰਕਾਰ।

ਗਾਉਂਦੇ ਉੱਲੂ ਕਰੁਣਾਮਈ ਵਿਰਾਨੀਆਂ ਦਾ ਮਰਸੀਆ।
ਗਊ ਗਰੀਬ ਨਿਆਸਰਿਆਂ ਦਾ ਸ਼ੋਸ਼ਣ,
ਸੁੰਦਰ ਹੁਸੀਨ ਵਾਦੀ ਵਿਚ ਜੰਗਲ ਰਾਜ,
ਹੱਕ ਸੱਚ ਨਿਆਂ ਦਾ ਬੰਦ ਕਿਵਾੜ,
ਉੱਭੇ-ਸਾਹ ਲੈਂਦੀ ਇਨਸਾਨੀਅਤ।
ਐਸੀ ਐਸੀ ਕਰਦੇ ਮੁਤਅੱਸਬ ਕੱਟੜਪੰਥੀ,
ਦਿੰਦੇ ਤਾਹਨੇ ਮਿਹਣੇ ਸ਼ਰੇਆਮ,
'ਬੁਲਾਓ ਆਪਣਾ ਪੀਰ ਤਿਲਕ ਜੰਞੂ ਦਾ ਰਾਖਾ,
ਖ਼ੁਦਾ ਬੰਦਾ ਪਰਵਰਦਿਗਾਰ,
ਬਣ ਜਾਵੇ ਮੁਸਲਮਾਨ ਜਾਂ ਦਿਖਾਵੇ ਚਮਤਕਾਰ।...
ਸਾਡੀ ਮਦਦ ਕਰੋ ਸਰਕਾਰ।

ਸਰਕਾਰੀ ਲੋਭ ਲਾਲਚ, ਇਵਜ਼ਾਨਾ, ਹਰਜਾਨਾ!
ਕੀ ਕਿਵੇਂ ਕਦੋਂ ਭਰ ਸਕਦੇ ਨੇ ਇਹ ਖ਼ਸਾਰਾ?
ਕੀ ਹੋ ਸਕਦੀ ਹੈ ਸਤ ਭੰਗ ਹੋਣ ਦੀ ਭਰਪਾਈ!
ਕੀ ਹੋ ਸਕਦੀ ਹੈ ਇੱਜ਼ਤਾਂ ਰੋਲਣ ਦੀ ਮੁਜਰਾਈ?
ਕਿਉਂ ਕਰੀਏ ਅਸੀਂ/ਤੁਸੀਂ ਧਰਮ ਪ੍ਰੀਵਰਤਣ?
ਗੁੰਮ-ਸੁੰਮ ਚਿੰਤਾਤੁਰ ਬਾਬਾ ਤੇਗ਼ਾ ਮੱਲ,
ਢੂੰਡ ਰਿਹਾ ਜੁਆਬ।
ਨਿਰਾਸ਼ ਹੈ ਕਿਰਪਾ ਰਾਮ...
ਉਦਾਸ ਹੈ ਗੁਰੂ ਤੇਗ ਬਹਾਦਰ।...

**ਗੁਰੂ ਤੇਗ ਬਹਾਦਰ:-**
ਇਹ ਹਿੰਦੂ ਧਰਮ ਬਚਾਉਣ ਦਾ ਸਾਕਾ।
ਬਾਲ ਗੋਬਿੰਦ ਨੂੰ ਸਮਝਾਉਣ ਦਾ ਸਾਕਾ।
ਸਿਰ ਆ ਚੜਿਆ ਕਰਤੱਵ ਨਿਭਾਉਣ ਦਾ ਸਾਕਾ।
ਮਤਲਬ... ਦਿੱਲੀ ਨਾਲ ਟਕਰਾਉਣ ਦਾ ਸਾਕਾ।
ਸਰਕਾਰਾਂ ਨਾਲ ਸਿੰਗ ਫਸਾਉਣ ਦਾ ਸਾਕਾ।
ਮਖ਼ਮਲੀ ਅਰਮਾਨ ਲੁਟਾਉਣ ਦਾ ਸਾਕਾ।
ਸ਼ਾਹੀ ਤਾਜ ਕਲਗੀ ਗਵਾਉਣ ਦਾ ਸਾਕਾ।
ਅੱਗ ਵਿਚ ਹੱਥ ਸੜਵਾਉਣ ਦਾ ਸਾਕਾ
ਆਰੇ ਨਾਲ ਤਨ ਚਿਰਾਉਣ ਦਾ ਸਾਕਾ।
ਦੇਗਾਂ ਵਿਚ ਤਨ ਉਬਲਾਉਣ ਦਾ ਸਾਕਾ।
ਇਹ ਹੈ ਯੁੱਗ ਪਲਟਾਉਣ ਦਾ ਸਾਕਾ।
ਵੱਡੇ ਫ਼ੱਕਰ ਦੀ ਬਲੀ ਦਿਵਾਉਣ ਦਾ ਸਾਕਾ!
ਚਾਂਦਨੀ ਚੌਕ ਵਿਚ ਸੀਸ ਕਟਵਾਉਣ ਦਾ ਸਾਕਾ। ...

**ਗੋਬਿੰਦ ਰਾਏ:-**
ਸੁਣ ਕੇ ਤਲਖ਼ ਹਕੀਕਤ ਗੋਬਿੰਦ ਰਾਏ,
ਮਲਕੜੇ ਉੱਠ ਗੋਦੀ ਵਿਚ ਆਏ।
ਜਾਓ ਪਿਤਾ ਜੀ ਨਿਸ਼ਚਿੰਤ ਜਾਓ,
ਦੁਖੀਆਂ ਦਾ ਤੁਸੀਂ ਦੀਨ ਬਚਾਓ।
ਹਿੰਦੂਆਂ ਦਾ ਹੋ ਰਿਹਾ ਨਿਰਾਦਰ,
ਸਵੈਮਾਣ ਇਨ੍ਹਾਂ ਦਾ ਬਹਾਲ ਕਰਾਓ.
ਮੇਰਾ ਫ਼ਿਕਰ ਨਾ ਕਰਿਓ ਕੋਈ,
ਮੁਗ਼ਲਾਂ ਨੂੰ ਤੁਸੀਂ ਸਬਕ ਸਿਖਾਓ।
ਤੁਹਾਥੋਂ ਵੱਡਾ ਨਾ ਕੋਈ ਸਰਬੰਸ ਦਾਨੀ,
ਦਿੱਲੀ ਜਾਓ ਸੀਸ ਕਟਾਓ।
ਬੋਲੇ ਸੋ ਨਿਹਾਲ... ਸਤਿ ਸ੍ਰੀ ਅਕਾਲ।

ਗੁਰੂ ਤੇਗ ਬਹਾਦਰ:-
ਸਿਰ ਧੜ ਦੀ ਬਾਜੀ ਲਾਵਾਂਗੇ,
ਅਸੀਂ ਆਪਣਾ ਧਰਮ ਬਚਾਵਾਂਗੇ।
ਗੁਰੂ ਅਰਜਨ ਦੇਵ ਨੂੰ ਦਿੱਲੀ ਨੇ ਪਾਈ,
ਭਾਜੀ ਦਾ ਮੁੱਲ ਚੁਕਾਵਾਂਗੇ।
ਨਾ ਧੌਂਸ ਦੇਣੀ ਨਾ ਮੰਨਣੀ,
ਸੁਨਹਿਰੀ ਮਰਯਾਦਾ ਤੇ ਫੁਲ ਚੜ੍ਹਾਵਾਂਗੇ।
ਪਿਉ ਦਾਦਾ ਦੇ ਗਏ ਨਸੀਹਤ,
ਨਾ ਜਾਬਰ ਮੂਹਰੇ ਸੀਸ ਝੁਕਾਵਾਂਗੇ।
ਕਹਿ ਦਿਓ ਔਰੰਗਜ਼ੇਬ ਨੂੰ ਜਾ ਕੇ,
ਅਸੀਂ ਝਬਦੇ ਹੀ ਦਿੱਲੀ ਜਾਵਾਂਗੇ।
ਸਿਰ ਧੜ ਦੀ ਬਾਜੀ ਲਾਵਾਂਗੇ,
ਮਨੁੱਖੀ ਹਕੂਕ ਤੇ ਜ਼ਬਰ ਹਟਾਵਾਂਗੇ।
ਸਮੂਹਕ ਸ਼ਹੀਦੀਆਂ ਦੇਵਾਂਗੇ,
ਲੋਭ ਔਰੰਗੇ ਦੀ ਪਿਆਸ ਮਿਟਾਵਾਂਗੇ।
ਇੱਟ ਨਾਲ ਇੱਟ ਖੜਕਾਵਾਂਗੇ,
ਕਾਣੀ ਸਰਕਾਰ ਦਾ ਤੁਖ਼ਮ ਮਿਟਾਵਾਂਗੇ।
ਲਾਲ ਕਿਲ੍ਹੇ ਨਾਲ ਮੱਥਾ ਮਾਰਾਂਗੇ,
ਮੁਗਲ ਵੰਸ਼ ਦੇ ਕਿੰਗਰੇ ਢਾਹਵਾਂਗੇ।
ਬੋਲੇ ਸੋ ਨਿਹਾਲ... ਸਤਿ ਸ੍ਰੀ ਅਕਾਲ।'

ਚਰਨਜੀਤ ਸਿੰਘ ਪੰਨੂ ਸਖੀਰਾ, ਕੈਲੀਫੋਰਨੀਆ
ਮਾਕੋਵਾਲ/ਚੱਕ ਨਾਨਕੀ/ਅਨੰਦਪੁਰ ਸਾਹਿਬ

## ਗ਼ਜ਼ਲ

ਰੋਜ਼ ਘਰਾਂ ਨੂੰ ਹੁਣ ਉਹ ਤੰਬੂ ਤਾਣ ਰਹੇ।
ਵੇਖ ਕੁਲਹਿਣੇ ਕਿੱਦਾਂ ਕਰ ਕਲਿਆਣ ਰਹੇ।

ਵੱਡੇ ਵੱਡੇ ਅਫ਼ਸਰ ਪੁੱਤਾਂ ਦੇ ਸਿਰ 'ਤੇ,
ਬਿਰਧ ਘਰਾਂ ਵਿੱਚ ਮਾਪੇ ਮੌਜਾਂ ਮਾਣ ਰਹੇ।

ਛਾਣ ਦੇਣਗੇ ਇੱਕ ਦਿਨ ਸੀਨੇ ਭਵਨਾਂ ਦੇ,
ਜਿਹੜੇ ਅੱਜ ਗਲੀਆਂ ਦੀ ਮਿੱਟੀ ਛਾਣ ਰਹੇ।

ਡੇਗ ਸਕੇ ਨਾ ਉਸ ਨੂੰ ਬਿਰਧ ਅਵਸਥਾ ਵੀ,
ਜਿਸ ਬੰਦੇ ਦੀਆਂ ਸੋਚਾਂ ਵਿੱਚ ਉਡਾਣ ਰਹੇ।

ਓਸ ਖ਼ੁਦਾ ਨੂੰ ਕਿੱਦਾਂ ਜਾਣੀ ਜਾਣ ਕਹਾਂ,
ਫਲਦੇ ਪਾਪਾਂ ਤੋਂ ਵੀ ਜੋ ਅਣਜਾਣ ਰਹੇ।

ਮਿਲ ਸਕਦੀ ਹੈ ਸ਼ਕਲ ਤਾਂ ਹੋਰ ਕਿਸੇ ਦੇ ਨਾਲ,
ਪਰ ਅੱਖਾਂ ਵਿੱਚ ਸਭ ਦੀ ਵੱਖ ਪਛਾਣ ਰਹੇ।

ਜਿਸ ਨਗਰੀ ਵਿੱਚ ਚਿੱਟਾ ਚਿੱਟੇ ਦਿਨ ਵਿਕਦਾ,
ਉਸ ਨਗਰੀ ਵਿੱਚ ਆਉਂਦੀ ਨਿੱਤ ਮਕਾਣ ਰਹੇ।

-ਹਰਮਿੰਦਰ ਸਿੰਘ ਕੋਹਾਰਵਾਲਾ

## ਕਵਿਤਾ

ਮਿੱਠੇ ਲਫਜਾਂ ਦੇ ਜਾਇਕੇ ਵੀ
ਬਕਮਾਲ ਹੁੰਦੇ ਨੇ
ਜਿੰਨਾ ਨੀਵਾਂ ਚੱਲੋਗੇ
ਇਹ ਓਨੇ ਹੋਰ ਵਿਸਾਲ ਹੁੰਦੇ ਨੇ

ਤੂੰ ਐਵੇਂ ਸੜਿਆ ਨਾ ਕਰ
ਕਿਸੇ ਨੂੰ ਹੱਸਦਾ ਵੇਖ ਕੇ
ਮੀਨਾ ਖੌਰੇ ਅੰਦਰੋਂ ਅੰਦਰੀਂ
ਕੀ ਕਿਸੇ ਦੇ ਹਾਲ ਹੁੰਦੇ ਨੇ

ਤੂੰ ਬਸ ਅਰਦਾਸ ਕਰ
ਸਰਬਤ ਦੇ ਭਲੇ ਲਈ
ਓਸ ਵਾਹਿਗੁਰੂ ਦੀ ਮਿਹਰ
ਸਦਕਾ ਹੀ ਤਾਂ
ਸਾਰੇ ਦੁੱਖਾਂ ਤੋਂ ਬਹਾਲ ਹੁੰਦੇ ਨੇ



ਮੀਨਾ ਮਹਿਰੋਕ

# ਤਕਨੀਕੀ ਪੱਧਰ ’ਤੇ ਔਰਤਾਂ ਦੀ ਸਿੱਖਿਆ

ਔਰਤਾਂ ਦੀ ਸਿੱਖਿਆ ਪਰਿਵਾਰ ਦੇ ਨਾਲ-ਨਾਲ ਰਾਸ਼ਟਰ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਭਾਵੇਂ ਅੱਜ ਦੇ ਬਦਲਦੇ ਵਿਦਿਅਕ ਅਤੇ ਤਕਨੀਕੀ ਦ੍ਰਿਸ਼ਟੀਕੋਣ ਨੂੰ ਦੇਖਦੇ ਹੋਏ, ਸਿੱਖਿਆ ਵਿੱਚ ਔਰਤਾਂ ਦੀ ਸਥਿਤੀ ਵਿੱਚ ਹੌਲੀ-ਹੌਲੀ ਤਰੱਕੀ ਹੋਈ ਹੈ, ਪਰ ਔਰਤਾਂ ਦੀ ਸਿੱਖਿਆ ਵਿੱਚ ਵਿਆਪਕ ਵਿਕਾਸ ਅਤੇ ਤਰੱਕੀ ਦੀ ਬਹੁਤ ਲੋੜ ਹੈ। ਇੱਕ ਤਾਜ਼ਾ ਰਿਪੋਰਟ ਦਾ ਜ਼ਿਕਰ ਕਰਨਾ ਮਹੱਤਵਪੂਰਨ ਹੈ ਜਿਸ ਵਿੱਚ ਇਹ ਸਿੱਟਾ ਕੱਢਿਆ ਗਿਆ ਹੈ ਕਿ ਦੁਨੀਆ ਭਰ ਵਿੱਚ ਲਗਭਗ 15 ਮਿਲੀਅਨ ਕੁੜੀਆਂ ਪ੍ਰਾਇਮਰੀ ਸਿੱਖਿਆ ਤੋਂ ਵਾਂਝੀਆਂ ਹਨ। ਇਹ ਰਿਪੋਰਟ ਯੂਐਨ ਵੂਮੈਨ ਦੁਆਰਾ ਜਾਰੀ ਕੀਤੀ ਗਈ ਸੀ, ਜੋ ਕਿ ਔਰਤਾਂ ਦੇ ਸਸ਼ਕਤੀਕਰਨ ਲਈ ਕੰਮ ਕਰਨ ਵਾਲੀ ਇੱਕ ਸੰਸਥਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਹਾਲ ਹੀ ਦੇ ਦਹਾਕਿਆਂ ਵਿੱਚ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਲਿੰਗ ਸਮਾਨਤਾ ਵਿੱਚ ਮਹੱਤਵਪੂਰਨ ਸੁਧਾਰ ਕੀਤੇ ਗਏ ਹਨ, ਪਰ ਬਹੁਤ ਸਾਰੇ ਖੇਤਰ ਅਜਿਹੇ ਹਨ ਜਿੱਥੇ ਲਿੰਗ ਅਸਮਾਨਤਾ ਡੂੰਘਾਈ ਨਾਲ ਜੜ੍ਹੀ ਹੋਈ ਹੈ। ਸਕੂਲ ਦਾਖਲੇ ਦੇ ਸੰਬੰਧ ਵਿੱਚ, ਪ੍ਰਾਇਮਰੀ ਅਤੇ ਸੈਕੰਡਰੀ ਸਿੱਖਿਆ ਪੱਧਰ ’ਤੇ ਔਰਤਾਂ ਦੀ ਸਥਿਤੀ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਹਾਲਾਂਕਿ, ਸਖ਼ਤ ਹਕੀਕਤ ਇਹ ਹੈ ਕਿ ਦਾਖਲਾ ਲੈਣ ਤੋਂ ਬਾਅਦ ਛੱਡਣ ਵਾਲੀਆਂ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਕਾਫ਼ੀ ਜ਼ਿਆਦਾ ਹੈ। ਕੁਝ ਥਾਵਾਂ ’ਤੇ, 48.1 ਪ੍ਰਤੀਸ਼ਤ ਕੁੜੀਆਂ ਅਜੇ ਵੀ ਸਕੂਲ ਤੋਂ ਬਾਹਰ ਹਨ। ਡਿਜੀਟਲ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਨੇ ਹਰ ਪੱਧਰ ’ਤੇ ਵਿਦਿਅਕ ਦ੍ਰਿਸ਼ ਨੂੰ ਬਦਲ ਦਿੱਤਾ ਹੈ। ਇਸ ਲਈ, ਸਿਰਫ਼ ਸਿੱਖਿਅਤ ਹੋਣਾ ਹੁਣ ਕਾਫ਼ੀ ਨਹੀਂ ਹੈ; ਤਕਨੀਕੀ ਤੌਰ ’ਤੇ ਨਿਪੁੰਨ ਬਣਨਾ ਅਤੇ ਹੁਨਰ ਵਿਕਾਸ ਵਿੱਚ ਲਗਾਤਾਰ ਅੱਗੇ ਵਧਣਾ ਇਸ ਬਦਲਦੇ ਦ੍ਰਿਸ਼ਟੀਕੋਣ ਦੇ ਨਾਲ ਚੱਲਣ ਦੀ ਕੁੰਜੀ ਹੈ। ਨਵੀਨਤਮ ਤਕਨਾਲੋਜੀਆਂ, ਜਿਵੇਂ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ, ਹੋਰ ਅਤੇ ਹੋਰ ਵਧੇਰੇ ਸੂਝਵਾਨ ਹੁੰਦੀਆਂ ਜਾ ਰਹੀਆਂ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਸਿੱਖਿਆ ਦੇ ਖੇਤਰ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਪ੍ਰਭਾਵ ਮਹਿਸੂਸ ਹੋਣਾ ਸ਼ੁਰੂ ਹੋ ਗਿਆ ਹੈ। ਇੱਕ ਤਾਜ਼ਾ ਰਿਪੋਰਟ ਦੇ ਅਨੁਸਾਰ, 2018 ਅਤੇ 2023 ਦੇ ਵਿਚਕਾਰ ਡੇਟਾ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਖੇਤਰਾਂ ਵਿੱਚ ਔਰਤਾਂ ਦੀ ਭਾਗੀਦਾਰੀ ਸਿਰਫ 26 ਪ੍ਰਤੀਸ਼ਤ



ਸੀ। ਸੰਯੁਕਤ ਰਾਸ਼ਟਰ ਦੀ ਮਹਿਲਾ-ਕੇਂਦ੍ਰਿਤ ਇਕਾਈ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਮਾਜਿਕ ਪ੍ਰਣਾਲੀਆਂ ਔਰਤਾਂ ਦੀ ਸਹੀ ਪ੍ਰਾਇਮਰੀ ਸਿੱਖਿਆ ਤੱਕ ਪਹੁੰਚ ਕਰਨ ਵਿੱਚ ਅਸਮਰੱਥਾ ਦਾ ਇੱਕ ਵੱਡਾ ਕਾਰਨ ਹਨ। ਇਹ ਧਿਆਨ ਦੇਣ ਯੋਗ ਹੈ ਕਿ ਲਿੰਗ ਅਸਮਾਨਤਾ ਅਤੇ ਵਿਤਕਰੇ ਵਾਲੀ ਸੋਚ ਅਜੇ ਵੀ ਸਾਡੇ ਸਮਾਜਿਕ ਦ੍ਰਿਸ਼ਟੀਕੋਣ ਵਿੱਚ ਡੂੰਘਾਈ ਨਾਲ ਜੜ੍ਹੀ ਹੋਈ ਹੈ। ਇਸ ਸੋਚ ਦਾ ਮਾੜਾ ਪ੍ਰਭਾਵ ਇਹ ਹੈ ਕਿ ਸਿੱਖਿਆ ਤੱਕ ਪਹੁੰਚ ਕੁੜੀਆਂ ਲਈ ਇੱਕ ਵੱਡੀ ਚੁਣੌਤੀ ਹੈ। ਵੱਡੀ ਗਿਣਤੀ ਵਿੱਚ ਕੁੜੀਆਂ ਸਕੂਲਾਂ ਵਿੱਚ ਦਾਖਲਾ ਲੈਂਦੀਆਂ ਹਨ, ਪਰ ਅੱਧ ਵਿਚਕਾਰ ਹੀ ਪੜ੍ਹਾਈ ਛੱਡਣ ਲਈ ਮਜਬੂਰ ਹੋ ਜਾਂਦੀਆਂ ਹਨ। ਇਸਦਾ ਇੱਕ ਮੁੱਖ ਕਾਰਨ ਛੋਟੀ ਉਮਰ ਵਿੱਚ ਵਿਆਹ ਅਤੇ ਬਹੁਤ ਜ਼ਿਆਦਾ ਘਰੇਲੂ ਜ਼ਿੰਮੇਵਾਰੀ ਹੈ। ਪੰਦਰਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ, 3.2 ਪ੍ਰਤੀਸ਼ਤ ਕੁੜੀਆਂ ਸਕੂਲ ਤੋਂ ਬਾਹਰ ਹਨ, ਜਦੋਂ ਕਿ 2.7 ਪ੍ਰਤੀਸ਼ਤ ਮੁੰਡਿਆਂ ਦੇ ਮੁਕਾਬਲੇ। ਇੱਕ ਹੋਰ ਰਿਪੋਰਟ ਦੇ ਅਨੁਸਾਰ, ਦੁਨੀਆ ਦੇ 68 ਪ੍ਰਤੀਸ਼ਤ ਦੇਸ਼ਾਂ ਵਿੱਚ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਸਿੱਖਿਆ ਦਾ ਸਮਰਥਨ ਕਰਨ ਵਾਲੀਆਂ ਨੀਤੀਆਂ ਹਨ, ਪਰ ਇਹਨਾਂ ਨੀਤੀਆਂ ਵਿੱਚੋਂ ਸਿਰਫ 50 ਪ੍ਰਤੀਸ਼ਤ ਔਰਤਾਂ ਦੀ ਸਿੱਖਿਆ ’ਤੇ ਕੇਂਦ੍ਰਿਤ ਹਨ। ਸਪੱਸ਼ਟ ਤੌਰ ’ਤੇ, ਨੀਤੀਗਤ ਕਮੀਆਂ ਜਾਂ ਨੀਤੀਗਤ ਅਸਫਲਤਾਵਾਂ ਔਰਤਾਂ ਦੀ ਸਿੱਖਿਆ ਵਿੱਚ ਖੜੋਤ ਲਈ ਮੁੱਖ ਤੌਰ ’ਤੇ ਜ਼ਿੰਮੇਵਾਰ ਹਨ।



ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

ਇਸ ਨੂੰ ਹੱਲ ਕਰਨ ਲਈ, ਵੱਡੇ ਪੱਧਰ ’ਤੇ ਅਤੇ ਵਿਆਪਕ ਯਤਨਾਂ ਦੀ ਇੱਕ ਲੜੀ ਦੀ ਲੋੜ ਹੋਵੇਗੀ। ਪਹਿਲਾ ਅਤੇ ਸਭ ਤੋਂ ਮਹੱਤਵਪੂਰਨ ਯਤਨ ਹਰ ਪੱਧਰ - ਵਿਅਕਤੀ, ਸਮਾਜ ਅਤੇ ਰਾਸ਼ਟਰ - ’ਤੇ ਰੂੜੀਵਾਦੀ ਸੋਚ ਅਤੇ ਬੇਲੋੜੇ ਪੱਖਪਾਤ ਨੂੰ ਖਤਮ ਕਰਨਾ ਹੈ ਕਿਉਂਕਿ ਇਹ ਔਰਤਾਂ ਦੀ ਸਿੱਖਿਆ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ। ਬੁਨਿਆਦੀ ਢਾਂਚੇ ਵਿੱਚ ਮਹੱਤਵਪੂਰਨ ਸੁਧਾਰ ਜ਼ਰੂਰੀ ਹੋਣਗੇ, ਪ੍ਰਾਇਮਰੀ ਤੋਂ ਲੈ ਕੇ ਉੱਚ ਸਿੱਖਿਆ ਤੱਕ ਹਰ ਪੱਧਰ ’ਤੇ ਔਰਤਾਂ ਦੇ ਦ੍ਰਿਸ਼ਟੀਕੋਣ ਤੋਂ ਸਰੋਤਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣਾ। ਇੱਕ ਹੋਰ ਮਹੱਤਵਪੂਰਨ ਪਹਿਲੂ ਇਹ ਹੈ ਕਿ ਕਿਉਂਕਿ ਅੱਜ ਔਨਲਾਈਨ ਸਿੱਖਿਆ ਬਹੁਤ ਜ਼ਿਆਦਾ ਉੱਨਤ ਹੋ ਗਈ ਹੈ, ਇਸ ਲਈ ਔਰਤਾਂ ਦੀ ਡਿਜੀਟਲ ਸਾਖਰਤਾ ਨੂੰ ਸ਼ੁਰੂ ਤੋਂ ਹੀ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ, ਜਿਸ ਨਾਲ ਉਹ ਨਵੀਨਤਮ ਵਿਦਿਅਕ ਦ੍ਰਿਸ਼ਟੀਕੋਣ ਅਤੇ ਵਾਤਾਵਰਣ ਦੇ ਅਨੁਕੂਲ ਹੋ ਸਕਣ। ਇੱਕ ਸਿੱਖਿਅਤ ਅਤੇ ਸਫਲ ਔਰਤ ਨਾ ਸਿਰਫ਼ ਇੱਕ ਪਰਿਵਾਰ ਲਈ ਸਗੋਂ ਪੂਰੇ ਦੇਸ਼ ਲਈ ਇੱਕ ਰੋਲ ਮਾਡਲ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਸਿੱਖਿਆ ਵਿੱਚ ਕਮੀਆਂ ਨੂੰ ਦੂਰ ਕਰਨ ਲਈ ਜੰਗੀ ਪੱਧਰ ’ਤੇ ਯਤਨ ਕੀਤੇ ਜਾਣੇ ਚਾਹੀਦੇ ਹਨ ਜੋ ਖਾਸ ਤੌਰ ’ਤੇ ਔਰਤਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਭਾਰਤ ਵਿੱਚ, ਦੇਸ਼ ਦੀ ਆਬਾਦੀ ਦਾ ਇੱਕ ਵੱਡਾ ਹਿੱਸਾ ਪੇਂਡੂ ਖੇਤਰਾਂ ਵਿੱਚ ਰਹਿੰਦਾ ਹੈ, ਜਿੱਥੇ ਪਿਤਰਸੱਤਾਤਮਕ ਵਿਚਾਰਧਾਰਾ ਅਜੇ ਵੀ ਪ੍ਰਚਲਿਤ ਹੈ। ਨਤੀਜੇ ਵਜੋਂ, ਔਰਤਾਂ ਜਾਂ ਤਾਂ ਸਿੱਖਿਆ ਪ੍ਰਾਪਤ ਕਰਨ ਵਿੱਚ ਅਸਮਰੱਥ ਹਨ, ਜਾਂ ਜੇ ਕਰਦੀਆਂ ਹਨ ਤਾਂ ਵੀ ਉਹ ਬਹੁਤ ਅੱਗੇ ਵਧਣ ਵਿੱਚ ਅਸਮਰੱਥ ਹਨ। ਇਸ ਤੋਂ ਇਲਾਵਾ, ਔਰਤਾਂ ਦੀ ਅਸੁਰੱਖਿਆ, ਸਾਡੇ ਦੇਸ਼ ਵਿੱਚ ਇੱਕ ਪ੍ਰਮੁੱਖ ਮੁੱਦਾ, ਔਰਤਾਂ ਦੀ ਸਿੱਖਿਆ ਵਿੱਚ ਇੱਕ ਵੱਡੀ ਰੁਕਾਵਟ ਹੈ। ਅਸੁਰੱਖਿਆ ਦਾ ਡਰ ਬਹੁਤ ਸਾਰੇ ਮਾਪਿਆਂ ਨੂੰ ਆਪਣੀਆਂ ਧੀਆਂ ਨੂੰ ਸਿੱਖਿਆ ਲਈ ਵਿਦੇਸ਼ ਭੇਜਣ ਤੋਂ ਰੋਕਦਾ ਹੈ। ਹਾਲਾਂਕਿ ਸਰਕਾਰ ਨੇ ‘ਬੇਟੀ ਬਚਾਓ ਬੇਟੀ ਪੜ੍ਹਾਓ’ ਅਤੇ ਹੋਰ ਮਹੱਤਵਪੂਰਨ ਯੋਜਨਾਵਾਂ ਲਾਗੂ ਕੀਤੀਆਂ ਹਨ, ਪਰ ਇਹ ਕਹਿਣਾ ਮੁਸ਼ਕਲ ਹੈ ਕਿ ਉਹ ਅਮਲ ਵਿੱਚ ਕਿੰਨੀਆਂ ਸਫਲ ਹਨ। ਜਦੋਂ ਕਿ ਅਸੀਂ ਇੱਕ ਹੋਰ ਵਿਕਸਤ ਰਾਸ਼ਟਰ ਬਣਨ ਦੇ ਸੁਪਨੇ ਅਤੇ ਦ੍ਰਿੜ ਇਰਾਦੇ ਨਾਲ ਅੱਗੇ ਵਧ ਰਹੇ ਹਾਂ, ਲਿੰਗ ਅਸਮਾਨਤਾ ਅਤੇ ਔਰਤਾਂ ਦੀ ਅਨਪੜ੍ਹਤਾ ਵਰਗੀਆਂ ਚੁਣੌਤੀਆਂ ਇੱਕ ਸਪੱਸ਼ਟ ਹਕੀਕਤ ਬਣੀਆਂ ਹੋਈਆਂ ਹਨ। ਅੱਜ, ਇਹਨਾਂ ਚੁਣੌਤੀਆਂ ਅਤੇ ਰੁਕਾਵਟਾਂ ਨੂੰ ਜਿੰਨੀ ਜਲਦੀ ਹੋ ਸਕੇ ਹੱਲ ਕਰਨ ਦੀ ਜ਼ਰੂਰਤ ਹੈ, ਕਿਉਂਕਿ ਜਿੰਨਾ ਚਿਰ ਇਹ ਬਣੇ ਰਹਿਣਗੇ, ਇੱਕ ਵਿਕਸਤ ਰਾਸ਼ਟਰ ਬਣਨ ਦਾ ਸੁਪਨਾ ਕਦੇ ਵੀ ਸਾਕਾਰ ਨਹੀਂ ਹੋ ਸਕਦਾ। ਅੱਜ ਸਿੱਖਿਆ ਹੁਣ ਕਿਤਾਬਾਂ ਤੱਕ ਸੀਮਤ ਨਹੀਂ ਹੈ; ਇਸਦਾ ਵਿਸਥਾਰ ਔਨਲਾਈਨ ਸਰੋਤਾਂ, ਵਰਚੁਅਲ ਪਲੇਟਫਾਰਮਾਂ ਅਤੇ ਡਿਜੀਟਲ ਮੀਡੀਆ ਰਾਹੀਂ ਵੀ ਕੀਤਾ ਜਾਂਦਾ ਹੈ।

# ਝੂਠੇ ਦੋਸ਼ਾਂ ’ਤੇ ਟਿਕੀ ਵਿਰੋਧੀ ਧਿਰ

ਨਿਤੀਸ਼ ਕੁਮਾਰ ਨੇ ਬਿਹਾਰ ਦੇ ਮੁੱਖ ਮੰਤਰੀ ਦੇ ਰੂਪ ’ਚ ਦੱਸਵੀਂ ਵਾਰ ਸਹੁੰ ਚੁੱਕੀ ਹੈ ਤੇ ਮੰਤਰੀਆਂ ਦੇ ਵਿਭਾਗਾਂ ਦਾ ਬਟਵਾਰਾ ਵੀ ਹੋ ਗਿਆ, ਪਰ ਇਹ ਚਰਚਾ ਰੁਕ ਨਹੀਂ ਰਹੀ ਕਿ ਆਖ਼ਰ ਐੱਨਡੀਏ ਨੇ ਇੰਨੀ ਵੱਡੀ ਜਿੱਤ ਕਿਵੇਂ ਹਾਸਲ ਕਰ ਲਈ। ਚੋਣ ’ਚ ਜਿੱਤ ਕਈ ਕਾਰਨਾਂ ’ਤੇ ਨਿਰਭਰ ਕਰਦੀ ਹੈ। ਬਿਹਾਰ ’ਚ ਐੱਨਡੀਏ ਦੀ ਜਿੱਤ ਦੇ ਵੀ ਕਈ ਕਾਰਨ ਰਹੇ। ਇਕ ਵੱਡਾ ਕਾਰਨ ਰਿਹਾ ਜੇਡੀਯੂ-ਭਾਜਪਾ ਦੇ ਨਾਲ ਉਸ ਦੀਆਂ ਹੋਰ ਸਹਿਯੋਗੀ ਪਾਰਟੀਆਂ ਵਿਚਾਲੇ ਬਿਹਤਰ ਸੀਟ ਬਟਵਾਰਾ ਤੇ ਤਾਲਮੇਲ।

ਇਸ ਤੋਂ ਇਲਾਵਾ ਇਕ ਹੋਰ ਮੁੱਖ ਕਾਰਨ ਹੈ ਨਿਤੀਸ਼ ਕੁਮਾਰ ਦੇ 20 ਸਾਲ ਦੇ ਸ਼ਾਸਨ ’ਚ ਬਿਹਾਰ ਦਾ ਲੀਹ ’ਤੇ ਆਉਣਾ। ਇਸ ਦਾ ਨੋਟਿਸ ਇਸ ਲਈ ਵੱਧ ਲਿਆ ਗਿਆ, ਕਿਉਂਕਿ ਇਸ ਤੋਂ ਪਹਿਲਾਂ ਲਾਲੂ-ਰਾਬੜੀ ਯਾਦਵ ਦਾ ਸ਼ਾਸਨ ਕਾਲ ਇਸ ਕਦਰ ਜੰਗਲ ਰਾਜ ਦਾ ਸਮਾਨਾਰਥੀ ਬਣ ਗਿਆ ਸੀ ਕਿ ਪਿਛਲੀਆਂ ਚੋਣਾਂ ਵਾਂਗ ਇਸ ਚੋਣ ’ਚ ਵੀ ਮੁੱਦਾ ਬਣਿਆ ਤੇ ਉਸ ਨੇ ਆਪਣਾ ਅਸਰ ਵੀ ਦਿਖਾਇਆ। ਵਿਰੋਧੀ ਧਿ ਰਇਹ ਸਭ ਦੇਖਣ ਤੋਂ ਇਨਕਾਰ ਕਰ ਰਹੀ ਹੈ। ਵਿਰੋਧੀ ਪਾਰਟੀਆਂ ਤੇ ਵਿਸ਼ੇਸ਼ ਰੂਪ ਨਾਲ ਕਾਂਗਰਸ ਵੋਟ ਚੋਰੀ ਦਾ ਹੀ ਰਾਗ ਅਲਾਪ ਰਹੀ ਹੈ। ਵੋਟ ਚੋਰੀ ਦਾ ਦੋਸ਼ ਚੋਣਾਂ ਤੋਂ ਪਹਿਲਾਂ ਤਦ ਉਛਾਲ ਦਿੱਤਾ ਗਿਆ ਸੀ ਜਦ ਚੋਣ ਕਮਿਸ਼ਨ ਨੇ ਵੋਟਰ ਸੂਚੀ ਦਾ ਵਿਸ਼ੇਸ਼ ਮੁਲਾਂਕਣ ਭਾਵ ਐੱਸਆਈਆਰ ਕਰਵਾਉਣਾ ਸ਼ੁਰੂ ਹੀ ਕੀਤਾ ਸੀ। ਵਿਰੋਧੀ ਧਿਰ ਨੇ ਵੋਟ ਚੋਰੀ ਦਾ ਦੋਸ਼ ਲਾ ਕੇ ਧਰਨਾ-ਪ੍ਰਦਰਸ਼ਨ ਕਰਨ ਦੇ ਨਾਲ ਵੋਟਰ ਅਧਿਕਾਰ ਯਾਤਰਾ ਤੱਕ ਕੱਢੀ, ਪਰ ਚੋਣਾਂ ਆਉਂਦੇ-ਆਉਂਦੇ ਇਹ ਕੋਈ ਮੁੱਦਾ ਹੀ ਨਹੀਂ ਰਿਹਾ। ਚੋਣ ਤੋਂ ਬਾਅਦ ਦੇ ਅੰਕੜੇ ਇਹ ਦੱਸਦੇ ਹਨ ਕਿ ਕੁਝ ਅਜਿਹੇ ਖੇਤਰ ਜਿੱਥੇ ਵੱਡੀ ਗਿਣਤੀ ’ਚ ਲੋਕਾਂ ਦੇ ਨਾਂ ਵੋਟਰ ਲਿਸਟ ’ਚੋਂ ਕੱਟੇ ਗਏ, ਉਥੇ ਕਿਤੇ ਐੱਨਡੀਏ ਦੀ ਜਿੱਤ ਹੋਈ ਤਾਂ ਕਿਤੇ ਵਿਰੋਧੀ ਧਿਰ ਦੀ। ਅਜਿਹਾ ਕੁਝ ਵੀ ਸਾਹਮਣੇ ਨਹੀਂ ਆਇਆ ਕਿ ਐੱਨਡੀਏ ਨੂੰ ਐੱਸਆਈਆਰ ਦਾ ਲਾਭ ਮਿਲਿਆ। ਵੋਟਰ ਸੂਚੀ ਤੋਂ ਲੱਖਾਂ ਨਾਂ ਕੱਟੇ ਜਾਣ ਤੋਂ ਬਾਅਦ ਵੀ ਕਿਸੇ ਨੇ ਇਹ ਸ਼ਿਕਾਇਤ ਨਹੀਂ ਕੀਤੀ ਕਿ ਉਸ ਦਾ ਨਾਂ ਗ਼ਲਤ ਤਰੀਕੇ ਨਾਲ ਕੱਟ ਦਿੱਤਾ ਗਿਆ ਹੈ। ਭਾਵ ਜੋ ਨਾਂ ਕੱਟੇ, ਉਹ ਸਹੀ ਕੱਟੇ। ਜੇ ਅਜਿਹਾ ਨਾ ਹੁੰਦਾ ਤਾਂ ਲੋਕਾਂ ਨੇ ਸੜਕਾਂ ’ਤੇ ਉਤਰ ਕੇ ਸ਼ਿਕਾਇਤ ਕੀਤੀ ਹੁੰਦੀ। ਅਜਿਹੇ ਲੋਕਾਂ ਨੂੰ ਸਾਹਮਣੇ ਲਿਆ ਕੇ ਸਿਆਸੀ ਪਾਰਟੀਆਂ ਵੀ ਸ਼ਿਕਾਇਤ ਨਹੀਂ ਕਰ ਸਕੀਆਂ ਕਿਉਂਕਿ ਉਨ੍ਹਾਂ ਨੂੰ ਅਜਿਹਾ ਕੋਈ ਮਿਲਿਆ ਹੀ ਨਹੀਂ।




ਚੋਣ ਕਮਿਸ਼ਨ ਨੇ ਬਿਹਾਰ ’ਚ ਘੱਟ ਸਮੇਂ ’ਚ ਜਿਸ ਤਰ੍ਹਾਂ ਐੱਸਆਈਆਰ ਕਰਵਾਇਆ ਤੇ ਉਸ ਤੋਂ ਬਾਅਦ ਕਾਮਯਾਬੀ ਨਾਲ ਚੋਣਾਂ ਕਰਵਾਈਆਂ, ਇਸ ਲਈ ਉਸ ਦੀ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ, ਪਰ ਵਿਰੋਧੀ ਧਿਰ ਉਸ ਦੀ ਨਿੰਦਾ ਕਰਨ ਦੇ ਨਾਲ ਨੌਂ ਸੂਬਿਆਂ ਤੇ ਤਿੰਨ ਕੇਂਦਰ ਸ਼ਾਸਿਤ ਖੇਤਰਾਂ ’ਚ ਹੋ ਰਹੇ ਐੱਸਆਈਆਰ ਦਾ ਵਿਰੋਧ ਕਰ ਰਹੀ ਹੈ। ਵਿਰੋਧੀ ਧਿਰ ਸ਼ਾਸਿਤ ਸੂਬੇ ਤੇ ਵਿਸ਼ੇਸ਼ ਰੂਪ ਨਾਲ ਪੱਛਮੀ ਬੰਗਾਲ, ਕੇਰਲ ਤੇ ਤਾਮਿਲਨਾਡੂ ’ਚ ਸੱਤਾਧਾਰੀ ਪਾਰਟੀਆਂ ਐੱਸਆਈਆਰ ਦਾ ਕੁਝ ਵੱਧ ਹੀ ਵਿਰੋਧ ਕਰ ਰਹੀਆਂ ਹਨ।

ਸੰਜੇ ਗੁਪਤ

ਬੰਗਾਲ ਦੀ ਮੁੱਖ ਮੰਤਰੀ ਨੇ ਐੱਸਆਈਆਰ ਦੇ ਵਿਰੋਧ ’ਚ ਚੋਣ ਕਮਿਸ਼ਨ ਨੂੰ ਚਿੱਠੀ ਲਿਖੀ ਹੈ ਤੇ ਉਸ ਨੂੰ ਗ਼ੈਰਜ਼ਰੂਰੀ ਦੱਸਿਆ ਹੈ। ਉਹ ਅਜਿਹਾ ਇਸ ਤੋਂ ਬਾਅਦ ਵੀ ਕਹਿ ਰਹੀ ਹੈ ਜਦ ਬੰਗਾਲ ’ਚ ਰਹਿ ਰਹੇ ਹਜ਼ਾਰਾਂ ਬੰਗਲਾਦੇਸ਼ੀ ਵਾਪਸ ਆਪਣੇ ਦੇਸ਼ ਮੁੜ ਰਹੇ ਹਨ। ਇਹ ਐੱਸਆਈਆਰ ਦਾ ਹੀ ਅਸਰ ਹੈ ਕਿ ਸਾਰੇ ਬੰਗਲਾਦੇਸ਼ੀ ਬੰਗਲਾਦੇਸ਼ ਮੁੜਨ ਲਈ ਕਾਹਲੇ ਹਨ। ਉਹ ਇਸ ਲਈ ਮੁੜ ਰਹੇ ਹਨ, ਕਿਉਂਕਿ ਉਨ੍ਹਾਂ ਨੇ ਘੁਸਪੈਠ ਕੀਤੀ ਸੀ। ਉਨ੍ਹਾਂ ਦੇ ਬੰਗਲਾਦੇਸ਼ ਮੁੜਨ ਨਾਲ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਇਹ ਗੱਲ ਸਹੀ ਸਿੱਧ ਹੁੰਦੀ ਹੈ ਕਿ ਦੇਸ਼ ’ਚ ਘੁਸਪੈਠੀਏ ਰਹਿ ਰਹੇ ਹਨ ਤੇ ਉਹ ਭਾਰਤ ਦੇ ਸਾਧਨਾਂ ਦਾ ਸ਼ੋਸ਼ਣ ਕਰ ਰਹੇ ਹਨ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ’ਚ ਗ਼ੈਰਕਾਨੂੰਨੀ ਰੂਪ ਨਾਲ ਆ ਕੇ ਵਸੇ ਲੋਕਾਂ ਲਈ ਕੋਈ ਥਾਂ ਨਹੀਂ ਹੋ ਸਕਦੀ। ਉਨ੍ਹਾਂ ਨੂੰ ਕੱਢਣ ਲਈ ਹੋਰ ਤਰੀਕੇ ਵੀ ਅਪਣਾਏ ਜਾਣੇ ਚਾਹੀਦੇ ਹਨ, ਕਿਉਂਕਿ ਇਹ ਕੰਮ ਚੋਣ ਕਮਿਸ਼ਨ ਦਾ ਨਹੀਂ ਹੈ ਕਿ ਉਹ ਘੁਸਪੈਠੀਆਂ ਖ਼ ?ਲਾਫ਼ ਕਦਮ ਚੁੱਕੇ। ਬੰਗਲਾਦੇਸ਼ੀ ਘੁਸਪੈਠੀਏ ਇਸ ਲਈ ਮੁੜ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਐੱਸਆਈਆਰ ਕਾਰਨ ਉਨ੍ਹਾਂ ਦੀ ਪੋਲ ਖੁੱਲ੍ਹ ਜਾਵੇਗੀ।

ਇਹ ਉਮੀਦ ਕੀਤੀ ਜਾਵੇ ਕਿ ਐੱਸਆਈਆਰ ਦੀ ਮੌਜੂਦਾ ਪ੍ਰਕਿਰਿਆ ਨਾਲ ਬੰਗਾਲ ਸਮੇਤ ਸਾਰੇ ਸੂਬਿਆਂ ’ਚ ਵੋਟਰ ਲਿਸਟ ਠੀਕ ਹੋਵੇਗੀ। ਕਿਉਂਕਿ ਇਸ ਤੋਂ ਪਹਿਲਾਂ ਵੋਟਰ ਲਿਸਟ ਠੀਕ ਕਰਨ ਦਾ ਕੰਮ ਲਗਪਗ ਦੋ ਦਹਾਕੇ ਪਹਿਲਾਂ ਹੋਇਆ ਸੀ, ਇਸ ਲਈ ਉਸ ’ਚ ਤਮਾਮ ਕਮੀਆਂ ਘਰ ਕਰ ਗਈਆਂ ਹਨ। ਵੋਟਰ ਲਿਸਟ ’ਚ ਸਿਰਫ਼ ਦੁਹਰਾਅ ਹੀ ਨਹੀਂ ਹੈ, ਉਨ੍ਹਾਂ ’ਚ ਮ੍ਰਿਤਕਾਂ ਤੇ ਹੋਰ ਥਾਂ ਵਸ ਗਏ ਲੋਕਾਂ ਦੇ ਨਾਂ ਵੀ ਦਰਜ ਹਨ। ਨਿਰਪੱਖ ਚੋਣਾਂ ਕਰਵਾਉਣ ਲਈ ਵੋਟਰ ਲਿਸਟ ਦਾ ਸਹੀ ਹੋਣਾ ਜ਼ਰੂਰੀ ਹੈ। ਇਹ ਸਮਝਣਾ ਮੁਸ਼ਕਲ ਹੈ ਕਿ ਵਿਰੋਧੀ ਪਾਰਟੀਆਂ ਨੂੰ ਵੋਟਰ ਲਿਸਟ ਠੀਕ ਕੀਤੇ ਜਾਣ ਨਾਲ ਕੀ ਪਰੇਸ਼ਾਨੀ ਹੈ। ਉਹ ਵੋਟਰ ਲਿਸਟ ’ਚ ਗੜਬੜੀ ਦੀ ਸ਼ਿਕਾਇਤ ਵੀ ਕਰਦੇ ਹਨ ਤੇ ਐੱਸਆਈਆਰ ਵੀ ਨਹੀਂ ਹੋਣ ਦੇਣਾ ਚਾਹੁੰਦੇ।

ਆਖ਼ਰ ਐੱਸਆਈਆਰ ਪਹਿਲੀ ਵਾਰ ਤਾਂ ਹੋ ਨਹੀਂ ਰਿਹਾ। ਉਸ ਨੂੰ ਕਰਵਾਉਣਾ ਚੋਣ ਕਮਿਸ਼ਨ ਦਾ ਸੰਵਿਧਾਨਕ ਫ਼ਰਜ਼ ਹੈ। ਇਸ ਲਈ ਸੁਪਰੀਮ ਕੋਰਟ ਨੇ ਬਿਹਾਰ ’ਚ ਐੱਸਆਈਆਰ ’ਤੇ ਰੋਕ ਲਾਉਣ ਦੀ ਜ਼ਰੂਰਤ ਨਹੀਂ ਸਮਝੀ। ਸੁਪਰੀਮ ਕੋਰਟ ਵੱਲੋਂ ਐੱਸਆਈਆਰ ਨੂੰ ਜ਼ਰੂਰੀ ਦੱਸੇ ਜਾਣ ਤੋਂ ਬਾਅਦ ਵੀ ਵਿਰੋਧੀ ਪਾਰਟੀਆਂ ਇਹ ਮਾਹੌਲ ਬਣਾ ਰਹੀਆਂ ਹਨ ਕਿ ਇਸ ਰਾਹੀਂ ਭਾਜਪਾ ਚੋਣ ਜਿੱਤਣ ਲਈ ਜੋੜ-ਤੋੜ ਕਰਦੀ ਹੈ ਤੇ ਚੋਣ ਕਮਿਸ਼ਨ ਉਸ ਦਾ ਸਾਥ ਦਿੰਦਾ ਹੈ। ਇਸੇ ਸ਼ਿਕਾਇਤ ਦੇ ਨਾਲ 12 ਸੂਬਿਆਂ ’ਚ ਹੋ ਰਹੇ ਐੱਸਆਈਆਰ ਖ਼ਿਲਾਫ਼ ਮੁੜ ਤੋਂ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਗਿਆ ਹੈ। ਬਿਹਾਰ ’ਚ ਨਿਰਾਸ਼ਾਜਨਕ ਪ੍ਰਦਰਸ਼ਨ ਕਰਨ ਵਾਲੀ ਕਾਂਗਰਸ ਦਿੱਲੀ ਦੇ ਰਾਮਲੀਲ੍ਹਾ ਮੈਦਾਨ ’ਚ ਜਿਸ ਤਰ੍ਹਾਂ ਇਕ ਰੈਲੀ ਕਰਨ ਜਾ ਰਹੀ ਹੈ, ਉਸ ਤੋਂ ਸਾਫ਼ ਹੈ ਕਿ ਉਹ ਇਸ ਮੁੱਦੇ ’ਤੇ ਆਪਣੀ ਝੂਠੀ ਮੁਹਿੰਮ ਨੂੰ ਜਾਰੀ ਰੱਖੇਗੀ। ਇਸ ਦਾ ਸੰਕੇਤ ਰਾਹੁਲ ਗਾਂਧੀ ਦੇ ਨਾਲ ਕਾਂਗਰਸ ਦੇ ਹੋਰ ਆਗੂਆਂ ਦੇ ਚੋਣ ਕਮਿਸ਼ਨ ਖ਼ਿਲਾਫ਼ ਆਏ ਬਿਆਨਾਂ ਤੋਂ ਮਿਲ ਰਿਹਾ ਹੈ। ਰਾਹੁਲ ਗਾਂਧੀ ਚੋਣ ਕਮਿਸ਼ਨ ਨੂੰ ਜਿਸ ਤਰ੍ਹਾਂ ਨਿਸ਼ਾਨੇ ’ਤੇ ਲੈ ਰਹੇ ਹਨ, ਉਹ ਇਕ ਸੰਵਿਧਾਨਕ ਸੰਸਥਾ ਦਾ ਨਿਰਾਦਰ ਹੀ ਹੈ। ਉਹ ਸੰਵਿਧਾਨਕ ਸੰਸਥਾ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ’ਚ ਖ਼ੁਦ ਦੇ ਨਾਲ ਆਪਣੀ ਪਾਰਟੀ ਨੂੰ ਕਮਜ਼ੋਰ ਕਰ ਰਹੇ ਹਨ, ਕਿਉਂਕਿ ਸੁਪਰੀਮ ਕੋਰਟ ਐੱਸਆਈਆਰ ਨੂੰ ਸਹੀ ਮੰਨ ਰਿਹਾ ਹੈ। ਚਾਹੇ ਹੀ ਵਿਰੋਧੀ ਆਗੂਆਂ ਸਮੇਤ ਕੁਝ ਕਥਿਤ ਲੋਕਤੰਤਰ ਹਿਤੈਸ਼ੀ 12 ਸੂਬਿਆਂ ’ਚ ਹੋ ਰਹੇ ਐੱਸਆਈਆਰ ਖ਼ ?ਲਾਫ਼ ਸੁਪਰੀਮ ਕੋਰਟ ਪੁੱਜੇ ਹੋਣ, ਪਰ ਇਸ ’ਚ ਸ਼ੱਕ ਹੈ ਕਿ ਉਹ ਉਥੋਂ ਇਸ ਪ੍ਰਕਿਰਿਆ ਨੂੰ ਰੁਕਵਾ ਸਕਣਗੇ।

ਵਿਰੋਧੀ ਧਿਰ ਇਹ ਸਮਝਣ ਤੋਂ ਇਨਕਾਰ ਕਰ ਰਹੀ ਹੈ ਕਿ ਉਹ ਝੂਠੇ ਦੋਸ਼ਾਂ ਦੇ ਸਹਾਰੇ ਨਾ ਤਾਂ ਜਨਤਾ ਵਿਚਾਲੇ ਆਪਣੀ ਭਰੋਸੇਯੋਗਤਾ ਵਧਾ ਸਕਦੀ ਹੈ ਤੇ ਨਾ ਹੀ ਭਾਜਪਾ ਦੀ ਸਿਆਸੀ ਬੜ੍ਹਤ ਨੂੰ ਰੋਕ ਸਕਦੀ ਹੈ। ਬਿਹਾਰ ’ਚ ਵੱਡੀ ਜਿੱਤ ਦੇ ਨਾਲ ਦੇਸ਼ ਭਰ ’ਚ ਭਾਜਪਾ ਦੇ ਵਿਧਾਇਕਾਂ ਦੀ ਗਿਣਤੀ 1654 ਹੋ ਚੁੱਕੀ ਹੈ, ਜੋ ਉਸ ਲਈ ਇਕ ਰਿਕਾਰਡ ਹੈ। ਆਉਣ ਵਾਲੇ ਸਮੇਂ ’ਚ ਉਸ ਦੇ ਵਿਧਾਇਕਾਂ ਦੀ ਗਿਣਤੀ ’ਚ ਹੋਰ ਵਾਧਾ ਹੋਣਾ ਤੈਅ ਹੈ। ਜੇ ਵਿਰੋਧੀ ਧਿਰ ਨੇ ਭਾਜਪਾ ਦੀ ਸਿਆਸੀ ਬੜ੍ਹਤ ਰੋਕਣੀ ਹੈ ਤਾਂ ਉਸ ਨੂੰ ਆਪਣਾ ਨੈਰੇਟਿਵ ਅਜਿਹਾ ਬਿਣਾਉਣਾ ਪਵੇਗਾ, ਜਿਸ ਨਾਲ ਉਹ ਲੋਕਾਂ ਦਾ ਯਕੀਨ ਜਿੱਤ ਸਕੇ। ਇਹ ਕੰਮ ਝੂਠੇ ਦੋਸ਼ਾਂ ਦੇ ਸਹਾਰੇ ਨਹੀਂ ਹੋ ਸਕਦਾ। ਬਦਕਿਸਮਤੀ ਇਹ ਹੈ ਕਿ ਐੱਸਆਈਆਰ ’ਤੇ ਝੂਠੇ ਦੋਸ਼ ਦਾ ਹੀ ਸਹਾਰਾ ਲਿਆ ਜਾ ਰਿਹਾ ਹੈ। ਲੋਕਤੰਤਰ ’ਚ ਜਿਵੇਂ ਸੱਤਾਧਾਰੀ ਪਾਰਟੀ ਦਾ ਵੱਧ ਮਜ਼ਬੂਤ ਹੋਣਾ ਠੀਕ ਨਹੀਂ, ਉਵੇਂ ਹੀ ਵਿਰੋਧੀ ਧਿਰ ਦਾ ਬਹੁਤ ਕਮਜ਼ੋਰ ਹੋਣਾ ਵੀ ਚੰਗਾ ਨਹੀਂ ਹੈ।

# Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD